@Qpatrika
@qaumipatrika punjabi
instagram.com/ qaumipatrika
Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Thursday, 13 November 2025

Punjabi National Daily
Qaumi Patrika NO.1


VISIT:
www.qaumipatrika.org
Email: qpatrika@gmail.com

ਨਵੀਂ ਦਿੱਲੀ: ਵੀਰਵਾਰ 13 ਨਵੰਬਰ 2025, 29 ਕੱਤਕ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 44, ਅੰਕ 9, qpatrika@gmail.com ਫੋਨ : 9971359517 www.qaumipatrika.org

## ਦਿੱਲੀ ਧਮਾਕੇ ਬਾਰੇ ਕੇਂਦਰ ਸਰਕਾਰ 'ਤੇ ਵਰ੍ਹੇ ਖੜਗੇ ! ਘਟਨਾ ਨੂੰ ਦੱਸਿਆ 'ਸਰਕਾਰ ਦੀ ਅਸਫ਼ਲਤਾ'

ਨੈਸ਼ਨਲ ਡੈਸਕ 12 ਨਵੰਬਰ। ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਬੁੱਧਵਾਰ ਨੂੰ ਦਿੱਲੀ ਧਮਾਕਿਆਂ ਨੂੰ ਸਰਕਾਰ ਦੀ ਅਸਫਲਤਾ ਕਰਾਰ ਦਿੱਤਾ ਅਤੇ ਮੰਗ ਕੀਤੀ ਕਿ ਇਸ ਅੱਤਵਾਦੀ ਘਟਨਾ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾ ਦਿੱਤੀ ਜਾਵੇ ਤਾਂ ਜੋ ਅਜਿਹੀਆਂ ਘਟਨਾਵਾਂ ਨੂੰ ਰੋਕਿਆ ਜਾ ਸਕੇ। ਉਨ੍ਹਾਂ ਕਿਹਾ ਕਿ ਇਹ ਮੰਦਭਾਗਾ ਹੈ ਕਿ ਰਾਸ਼ਟਰੀ ਰਾਜਧਾਨੀ ਵਿੱਚ ਅਜਿਹੀ ਘਟਨਾ ਵਾਪਰੀ ਜਿੱਥੇ



ਖੁਫੀਆ ਬਿਊਰੋ ਸਮੇਤ ਉੱਚ ਸੁਰੱਖਿਆ ਏਜੰਸੀਆਂ ਕੰਮ ਕਰਦੀਆਂ ਹਨ। ਖੜਗੇ ਨੇ ਦੋਸ਼ ਲਗਾਇਆ ਕਿ ਦਿੱਲੀ ਵਿੱਚ ਅਜਿਹੀਆਂ ਸਾਰੀਆਂ ਏਜੰਸੀਆਂ ਦੀ ਮੌਜੂਦਗੀ ਦੇ ਬਾਵਜੂਦ ਸਰਕਾਰ ਅਸਫਲ ਰਹੀ ਹੈ ਅਤੇ ਉਨ੍ਹਾਂ ਦੀ ਪਾਰਟੀ ਪੂਰੀ ਰਿਪੋਰਟ ਦੀ ਉਡੀਕ ਕਰੇਗੀ। ਗੱਲਬਾਤ ਦੌਰਾਨ ਰਾਜ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਖੜਗੇ ਨੇ ਕਿਹਾ ਕਿ ਕਾਂਗਰਸ ਧਮਾਕਿਆਂ ਦੀ ਨਿਰਪੱਖ ਜਾਂਚ ਅਤੇ ਦੋਸ਼ੀਆਂ ਨੂੰ ਸਖ਼ਤ ਸਜ਼ਾ ਦੀ ਮੰਗ ਕਰਦੀ ਹੈ। ਖੜਗੇ ਨੇ ਕਿਹਾ, ਹੁਣ ਉਨ੍ਹਾਂ ਨੇ ਮਾਮਲਾ ਰਾਸ਼ਟਰੀ ਜਾਂਚ ਏਜੰਸੀ (ਐੱਨ.ਆਈ.ਏ.) ਨੂੰ ਸੌਂਪ ਦਿੱਤਾ ਹੈ। ਜਾਂਚ ਰਿਪੋਰਟ ਆਉਣ ਦਿਓ। ਸੰਸਦ ਦਾ ਸੈਸ਼ਨ 1 ਦਸੰਬਰ ਨੂੰ ਸ਼ੁਰੂ ਹੁੰਦਾ ਹੈ। ਉਸ ਤੋਂ ਬਾਅਦ ਦੇਖਾਂਗੇ।

## ਛੋਟੀ ਜਿਹੀ ਗਲਤੀ ਕਾਰਨ ਰੁਕ ਸਕਦੀ ਹੈ 21ਵੀਂ ਕਿਸ਼ਤ

ਨੈਸ਼ਨਲ ਡੈਸਕ 12 ਨਵੰਬਰ। ਦੇਸ਼ ਭਰ 'ਚ ਕੇਂਦਰ ਅਤੇ ਸੂਬਾ ਸਰਕਾਰਾਂ ਕਿਸਾਨਾਂ ਦੀ ਆਰਥਿਕ ਹਾਲਤ ਮਜ਼ਬੂਤ ਕਰਨ ਲਈ ਕਈ ਯੋਜਨਾਵਾਂ ਚਲਾ ਰਹੀਆਂ ਹਨ। ਇਨ੍ਹਾਂ 'ਚ ਸਭ ਤੋਂ ਮਹੱਤਵਪੂਰਨ ਯੋਜਨਾ ਹੈ ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਯੋਜਨਾ, ਜਿਸ ਤਹਿਤ ਯੋਗ ਕਿਸਾਨਾਂ ਨੂੰ ਹਰ ਸਾਲ 6,000 ਰੁਪਏ ਦੀ ਆਰਥਿਕ ਸਹਾਇਤਾ ਦਿੱਤੀ ਜਾਂਦੀ ਹੈ। ਇਹ ਰਕਮ ਤਿੰਨ ਕਿਸ਼ਤਾਂ 'ਚ 2,000-2,000 ਰੁਪਏ ਕਰਕੇ ਜਾਰੀ ਦਿੱਤੀ ਜਾਂਦੀ ਹੈ। ਯੋਜਨਾ ਸ਼ੁਰੂ ਹੋਣ ਤੋਂ ਅੱਜ ਤੱਕ 20 ਕਿਸ਼ਤਾਂ ਜਾਰੀ ਕੀਤੀਆਂ ਜਾ ਚੁੱਕੀਆਂ ਹਨ, ਜਿਨ੍ਹਾਂ ਦਾ ਲਾਭ ਕਰੋੜਾਂ ਕਿਸਾਨਾਂ ਨੇ ਲਿਆ ਹੈ। ਹੁਣ ਸਾਰੇ ਕਿਸਾਨਾਂ ਨੂੰ 21ਵੀਂ ਕਿਸ਼ਤ ਦਾ ਬੇਸਬਰੀ ਨਾਲ ਇੰਤਜ਼ਾਰ ਹੈ। ਰਿਪੋਰਟਾਂ ਅਨੁਸਾਰ, ਇਹ ਕਿਸ਼ਤ ਨਵੰਬਰ ਮਹੀਨੇ 'ਚ ਜਾਰੀ ਹੋ ਸਕਦੀ ਹੈ, ਹਾਲਾਂਕਿ ਕੇਂਦਰ ਸਰਕਾਰ ਵੱਲੋਂ ਇਸ ਬਾਰੇ ਅਜੇ ਤੱਕ ਅਧਿਕਾਰਿਕ ਤਾਰੀਕ ਦਾ ਐਲਾਨ ਨਹੀਂ ਕੀਤਾ ਗਿਆ। ਸੰਭਾਵਨਾ ਹੈ ਕਿ ਬਿਹਾਰ ਵਿਧਾਨ ਸਭਾ ਚੋਣਾਂ ਖ਼ਤਮ ਹੋਣ ਦੇ ਬਾਅਦ ਇਹ ਰਕਮ ਜਾਰੀ ਕੀਤੀ ਜਾਵੇਗੀ। ਸਰਕਾਰ ਨੇ ਕਿਸਾਨਾਂ ਨੂੰ ਸਲਾਹ ਦਿੱਤੀ ਹੈ ਕਿ ਉਹ ਆਪਣੇ ਸਾਰੇ ਜ਼ਰੂਰੀ ਦਸਤਾਵੇਜ਼ ਸਮੇਂ 'ਤੇ ਅਪਡੇਟ ਕਰ ਲੈਣ, ਨਹੀਂ ਤਾਂ ਭੁਗਤਾਨ ਰੁਕ ਸਕਦਾ ਹੈ। ਕਈ ਵਾਰ ਡਾਟਾ ਅਧੂਰਾ ਹੋਣ ਜਾਂ ਵੈਰੀਫਿਕੇਸ਼ਨ ਪੂਰੀ ਨਾ ਹੋਣ ਕਰਕੇ ਕਿਸਾਨਾਂ ਨੂੰ ਕਿਸ਼ਤ ਨਹੀਂ ਮਿਲਦੀ। ਜੇ ਤੁਸੀਂ ਇਹ ਪ੍ਰਕਿਰਿਆ ਪੂਰੀ ਨਹੀਂ ਕੀਤੀ, ਤਾਂ ਯੋਗ ਹੋਣ ਦੇ ਬਾਵਜੂਦ ਵੀ ਤੁਸੀਂ 21ਵੀਂ ਕਿਸ਼ਤ ਦਾ ਲਾਭ ਨਹੀਂ ਲੈ ਸਕੋਗੇ। ਇਹ ਸਭ ਤੋਂ ਪਹਿਲਾ ਅਤੇ ਮਹੱਤਵਪੂਰਨ ਕਦਮ ਹੈ।

# ਏਅਰਪੋਰਟ ਤੋਂ ਸਿੱਧਾ ਦਿੱਲੀ ਧਮਾਕਾ ਪੀੜਤਾਂ ਨੂੰ ਮਿਲਣ ਪਹੁੰਚੇ ਪ੍ਰਧਾਨ ਮੰਤਰੀ ਮੋਦੀ

ਕੌਮੀ ਪਤ੍ਰਿਕਾ
**ਸਿੰਮੀ ਕੌਰ ਬੱਬਰ**

ਨੈਸ਼ਨਲ ਡੈਸਕ 12 ਨਵੰਬਰ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਿੱਲੀ ਸਥਿਤ ਐੱਲਐੱਨਜੇਪੀ ਹਸਪਤਾਲ ਪਹੁੰਚੇ। ਇੱਥੇ ਉਨ੍ਹਾਂ ਨੇ ਦਿੱਲੀ ਧਮਾਕੇ 'ਚ ਜ਼ਖ਼ਮੀ ਹੋਏ ਲੋਕਾਂ ਨਾਲ ਮੁਲਾਕਾਤ ਕੀਤੀ। ਪ੍ਰਧਾਨ ਮੰਤਰੀ ਮੋਦੀ ਅੱਜ ਹੀ ਭੂਟਾਨ ਤੋਂ ਦਿੱਲੀ ਵਾਪਸ ਆਏ ਹਨ। ਉਹ ਏਅਰਪੋਰਟ ਤੋਂ ਸਿੱਧੇ ਹਸਪਤਾਲ ਪਹੁੰਚੇ। ਐੱਲਐੱਨਜੇਪੀ ਹਸਪਤਾਲ 'ਚ ਦਿੱਲੀ ਧਮਾਕੇ 'ਚ ਜ਼ਖ਼ਮੀ ਹੋਏ ਲੋਕਾਂ ਨੂੰ ਦਾਖ਼ਲ ਕਰਵਾਇਆ ਗਿਆ ਹੈ। ਦਿੱਲੀ ਧਮਾਕੇ ਤੋਂ ਬਾਅਦ ਭੂਟਾਨ ਤੋਂ ਆਪਣੀ ਪਹਿਲੀ ਸਪੀਚ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਘਟਨਾ ਦਾ ਜ਼ਿਕਰ ਕਰਦੇ ਹੋਏ ਚਿਤਾਵਨੀ ਦਿੱਤੀ ਸੀ। ਉਨ੍ਹਾਂ ਨੇ ਇਸ ਦੌਰਾਨ ਕਿਹਾ ਸੀ ਕਿ ਇਸ ਧਮਾਕੇ ਦੇ ਪਿੱਛੇ ਸਾਰੇ ਜ਼ਿੰਮੇਵਾਰ ਲੋਕਾਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਦੱਸਣਯੋਗ ਹੈ ਕਿ ਸੋਮਵਾਰ ਨੂੰ ਦਿੱਲੀ ਦੇ ਲਾਲ ਕਿਲ੍ਹੇ ਨੇੜੇ ਇੱਕ ਕਾਰ ਬੰਬ ਧਮਾਕੇ ਵਿੱਚ ਘੱਟੋ-ਘੱਟ 12 ਲੋਕ ਮਾਰੇ ਗਏ ਸਨ ਅਤੇ ਕਈ ਹੋਰ ਜ਼ਖ਼ਮੀ ਹੋ ਗਏ ਸਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਭੂਟਾਨ ਦੀ ਦੋ ਦਿਨਾਂ ਦੀ ਸਫਲ ਯਾਤਰਾ ਪੂਰੀ ਕਰਨ ਤੋਂ ਬਾਅਦ ਬੁੱਧਵਾਰ (12 ਨਵੰਬਰ) ਨੂੰ ਸਵਦੇਸ਼ ਪਰਤ ਆਏ ਹਨ। ਇਸ ਯਾਤਰਾ ਦੌਰਾਨ ਹੋਈਆਂ ਗੱਲਬਾਤਾਂ ਨਾਲ ਭਾਰਤ ਅਤੇ ਭੂਟਾਨ ਵਿਚਾਲੇ ਦੁਵੱਲੀ ਸਾਂਝੇਦਾਰੀ ਹੋਰ ਮਜ਼ਬੂਤ ਹੋਣ ਦੀ ਉਮੀਦ ਹੈ। ਸਭ ਤੋਂ ਅਹਿਮ ਗੱਲ ਇਹ ਰਹੀ ਕਿ ਭੂਟਾਨ ਦੇ ਰਾਜਾ ਜਿਗਮੇ ਖੇਸਰ ਨਾਮਗਿਆਲ ਵਾਂਗਚੁਕ, ਪ੍ਰਧਾਨ ਮੰਤਰੀ ਮੋਦੀ ਨੂੰ ਦਿੱਲੀ ਲਈ ਰਵਾਨਾ ਹੁੰਦੇ ਸਮੇਂ ਵਿਦਾਇਗੀ ਦੇਣ ਲਈ ਖੁਦ ਹਵਾਈ ਅੱਡੇ ਤੱਕ ਆਏ। ਮੋਦੀ ਨੇ ਆਪਣੇ ਸੋਸ਼ਲ ਮੀਡੀਆ ਪੋਸਟ ਵਿੱਚ ਭੂਟਾਨ ਦੀ ਜਨਤਾ ਅਤੇ ਸਰਕਾਰ ਪ੍ਰਤੀ ਆਪਣੀ ਸ਼ੁਕਰਗੁਜ਼ਾਰੀ ਜ਼ਾਹਰ ਕੀਤੀ ਅਤੇ ਖਾਸ ਤੌਰ 'ਤੇ ਰਾਜਾ ਜਿਗਮੇ ਖੇਸਰ ਨਾਮਗਿਆਲ ਵਾਂਗਚੁਕ ਦਾ ਧੰਨਵਾਦ ਕੀਤਾ ਕਿ ਉਹ ਉਨ੍ਹਾਂ ਨੂੰ ਏਅਰਪੋਰਟ ਤੱਕ ਛੱਡਣ ਆਏ। ਪ੍ਰਧਾਨ ਮੰਤਰੀ ਮੰਗਲਵਾਰ ਨੂੰ ਦੋ ਦਿਨਾਂ ਦੀ ਯਾਤਰਾ 'ਤੇ ਥਿੰਫੂ ਪਹੁੰਚੇ ਸਨ। ਪਹਿਲੇ ਦਿਨ ਉਨ੍ਹਾਂ ਨੇ ਭੂਟਾਨ ਨਰੇਸ਼ ਜਿਗਮੇ ਖੇਸਰ ਨਾਮਗਿਆਲ ਵਾਂਗਚੁਕ ਨਾਲ ਦੁਵੱਲੀ ਵਾਰਤਾ ਕੀਤੀ। ਸਵਦੇਸ਼ ਰਵਾਨਾ ਹੋਣ ਤੋਂ ਪਹਿਲਾਂ ਬੁੱਧਵਾਰ ਸਵੇਰੇ, ਸ਼੍ਰੀ ਮੋਦੀ ਨੇ ਭੂਟਾਨ ਦੇ ਚੌਥੇ ਨਰੇਸ਼ ਜਿਗਮੇ ਸਿੰਗਯੇ ਵਾਂਗਚੁਕ ਨਾਲ ਮੁਲਾਕਾਤ ਕੀਤੀ। ਉਨ੍ਹਾਂ ਨੇ ਚੌਥੇ ਨਰੇਸ਼ ਨੂੰ ਉਨ੍ਹਾਂ ਦੀ 70ਵੀਂ ਜਯੰਤੀ ਦੇ ਮੌਕੇ 'ਤੇ ਵਧਾਈ ਵੀ ਦਿੱਤੀ। ਪ੍ਰਧਾਨ ਮੰਤਰੀ ਨੇ ਕਿਹਾ ਕਿ ਇਸ ਯਾਤਰਾ ਦੌਰਾਨ ਊਰਜਾ, ਸਿਹਤ ਸੇਵਾ ਅਤੇ ਸੰਪਰਕ ਵਧਾਉਣ ਦੇ ਖੇਤਰਾਂ ਵਿੱਚ ਹੋਈ ਗੱਲਬਾਤ ਨਾਲ ਦੁਵੱਲੀ ਸਾਂਝੇਦਾਰੀ ਹੋਰ ਮਜ਼ਬੂਤ ??ਹੋਵੇਗੀ। ਉਨ੍ਹਾਂ ਨੇ ਕਿਹਾ ਕਿ ਇਨ੍ਹਾਂ ਖੇਤਰਾਂ ਵਿੱਚ ਪ੍ਰਾਪਤ ਹੋਏ ਨਤੀਜੇ ਦੋਹਾਂ ਦੇਸ਼ਾਂ ਦੀ ਸਾਂਝੇਦਾਰੀ ਨੂੰ ਹੋਰ ਗਤੀ ਪ੍ਰਦਾਨ ਕਰਨਗੇ। ਸਵਦੇਸ਼ ਰਵਾਨਾ ਹੋਣ ਤੋਂ ਪਹਿਲਾਂ, ਉਹ ਚਾਂਗਲਿਮਥਾਂਗ ਸਟੇਡੀਅਮ ਵਿੱਚ ਆਯੋਜਿਤ ਵਿਸ਼ਵ ਸ਼ਾਂਤੀ ਪ੍ਰਾਰਥਨਾ ਮਹੋਤਸਵ ਦੌਰਾਨ ਕਾਲਚੱਕਰ ਦੀਕਸ਼ਾ ਸਮਾਰੋਹ ਵਿੱਚ ਵੀ ਸ਼ਾਮਲ ਹੋਏ ਅਤੇ ਇਸਦਾ ਉਦਘਾਟਨ ਕੀਤਾ।



# ਬਿਹਾਰ 'ਚ ਮਹਾਂਗਠਜੋੜ ਦੀ ਬਣੇਗੀ ਸਰਕਾਰ, 18 ਨਵੰਬਰ ਨੂੰ ਚੁੱਕੀ ਜਾਵੇਗੀ ਸਹੁੰ : ਤੇਜਸਵੀ ਯਾਦਵ

ਕੌਮੀ ਪਤ੍ਰਿਕਾ

ਪਟਨਾ 12 ਨਵੰਬਰ। ਰਾਸ਼ਟਰੀ ਜਨਤਾ ਦਲ (ਆਰਜੇਡੀ) ਦੇ ਨੇਤਾ ਤੇਜਸਵੀ ਯਾਦਵ ਨੇ ਬੁੱਧਵਾਰ ਨੂੰ ਦਾਅਵਾ ਕੀਤਾ ਕਿ ਬਿਹਾਰ ਵਿਧਾਨ ਸਭਾ ਚੋਣਾਂ ਵਿੱਚ ਰਿਕਾਰਡ ਤੋੜ ਮਤਦਾਨ ਤੋਂ ਸਾਫ਼ ਪਤਾ ਲੱਗਦਾ ਹੈ ਕਿ ਇਸ ਵਾਰ ਸੂਬੇ ਦੇ ਲੋਕਾਂ ਨੇ ਬਦਲਾਅ ਲਈ ਵੋਟ ਦਿੱਤੀ ਹੈ। ਤੇਜਸਵੀ ਨੇ ਇਹ ਵੀ ਕਿਹਾ ਕਿ ਮਹਾਂਗਠਜੋੜ ਨੂੰ ਸਪੱਸ਼ਟ ਬਹੁਮਤ ਮਿਲਣ ਜਾ ਰਿਹਾ ਹੈ ਅਤੇ ਨਵੀਂ ਸਰਕਾਰ 18 ਨਵੰਬਰ ਨੂੰ ਸਹੁੰ ਚੁੱਕੇਗੀ। ਪਟਨਾ ਵਿੱਚ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ ਤੇਜਸਵੀ ਯਾਦਵ ਨੇ ਕਿਹਾ, ਇਸ ਵਾਰ ਬਿਹਾਰ ਵਿੱਚ 2020 ਦੇ ਮੁਕਾਬਲੇ 72 ਲੱਖ ਜ਼ਿਆਦਾ ਵੋਟਾਂ ਪਈਆਂ ਹਨ ਅਤੇ ਇਹ ਵੋਟਾਂ 'ਬਦਲਾਅ' ਦੇ ਹੱਕ ਵਿੱਚ ਹਨ। ਤੇਜਸਵੀ ਨੇ ਕਿਹਾ, ਰਾਜ ਦੇ 72 ਲੱਖ ਲੋਕਾਂ ਨੇ ਨਿਤੀਸ਼ ਕੁਮਾਰ ਨੂੰ ਬਚਾਉਣ ਲਈ ਨਹੀਂ ਸਗੋਂ ਬਿਹਾਰ ਵਿੱਚ ਬਦਲਾਅ ਲਿਆਉਣ ਅਤੇ ਸਰਕਾਰ ਬਦਲਣ ਲਈ ਵੋਟ ਦਿੱਤੀ। ਲੋਕਾਂ ਨੇ ਮਹਾਂਗਠਜੋੜ ਦੇ ਹੱਕ ਵਿੱਚ ਵੋਟ ਦਿੱਤੀ ਹੈ ਅਤੇ ਅਸੀਂ 18 ਨਵੰਬਰ ਨੂੰ ਸਹੁੰ ਚੁੱਕਾਂਗੇ। ਐਗਜ਼ਿਟ ਪੋਲ ਬਾਰੇ ਤੇਜਸਵੀ ਨੇ ਕਿਹਾ, ਇਹ ਸਰਵੇਖਣ ਬੰਗਾਲ ਵਿੱਚ ਤ੍ਰਿਣਮੂਲ ਕਾਂਗਰਸ ਦੀ ਹਾਰ ਦੀ ਭਵਿੱਖਬਾਣੀ ਕਰ ਰਹੇ ਸਨ। 2024 ਵਿੱਚ ਕੁਝ ਮੀਡੀਆ



ਆਊਟਲੈੱਟ ਨੈਸ਼ਨਲ ਡੈਮੋਕ੍ਰੇਟਿਕ ਅਲਾਇੰਸ (ਐਨਡੀਏ) ਨੂੰ ਲੋਕ ਸਭਾ ਵਿੱਚ 400 ਸੀਟਾਂ ਪਾਰ ਕਰਨ ਦਾ ਅਨੁਮਾਨ ਲਗਾ ਰਹੇ ਸਨ – ਤੁਸੀਂ ਨਤੀਜਾ ਦੇਖਿਆ। ਉਨ੍ਹਾਂ ਦੋਸ਼ ਲਾਇਆ ਕਿ ਐਗਜ਼ਿਟ ਪੋਲ ਦੇ ਚੱਕਰ ਵਿਚ ਲੋਕਾਂ ਨੇ ਮਹਾਨ ਅਦਾਕਾਰ ਧਰਮਿੰਦਰ ਨੂੰ ਵੀ ਮਾਰ ਦਿੱਤਾ, ਉਨ੍ਹਾਂ ਨੇ ਪਹਿਲਾਂ ਕਦੇ ਅਜਿਹੀ ਪੱਤਰਕਾਰੀ ਨਹੀਂ ਦੇਖੀ। ਤੇਜਸਵੀ ਨੇ ਕਿਹਾ ਕਿ ਭਾਜਪਾ ਅਤੇ ਇਸਦੇ ਨੇਤਾਵਾਂ ਨੇ ਨਾਗਰਿਕਤਾ ਅਤੇ ਸੰਵਿਧਾਨਕ ਮੁੱਦਿਆਂ 'ਤੇ ਦੋਹਰੇ ਮਾਪਦੰਡ ਅਪਣਾਏ ਹਨ ਅਤੇ ਚੇਤਾਵਨੀ ਦਿੱਤੀ ਕਿ ਬਿਹਾਰ ਦੇ ਲੋਕ ਲੋਕਤੰਤਰ ਦੀ ਰੱਖਿਆ ਕਰਨਗੇ। ਉਨ੍ਹਾਂ ਕਿਹਾ, ਬਿਹਾਰ ਲੋਕਤੰਤਰ ਦੀ ਮਾਂ ਹੈ ਅਤੇ ਅਸੀਂ ਇੱਥੇ ਲੋਕਤੰਤਰ ਨੂੰ ਮਰਨ ਨਹੀਂ ਦੇਵਾਂਗੇ। ਭਾਜਪਾ ਆਗੂ ਵੋਟਾਂ ਦੀ ਗਿਣਤੀ ਵਾਲੇ ਦਿਨ ਗਿਣਤੀ ਪ੍ਰਕਿਰਿਆ ਨੂੰ ਹੌਲੀ ਕਰਨ ਦੀ ਕੋਸ਼ਿਸ਼ ਕਰਨਗੇ। ਤੇਜਸਵੀ ਨੇ ਕਿਹਾ, ਇਹ ਲੋਕ ਵੋਟਾਂ ਦੀ ਗਿਣਤੀ ਨੂੰ ਹੌਲੀ ਕਰਨ ਦੀ ਕੋਸ਼ਿਸ਼ ਕਰਨਗੇ। ਅਸੀਂ ਉਨ੍ਹਾਂ ਦੀਆਂ ਗਤੀਵਿਧੀਆਂ 'ਤੇ ਨਜ਼ਰ ਰੱਖ ਰਹੇ ਹਾਂ ਅਤੇ ਅਜਿਹਾ ਨਹੀਂ ਹੋਣ ਦੇਵਾਂਗੇ। ਮੀਡੀਆ 'ਤੇ ਸਵਾਲ ਉਠਾਉਂਦੇ ਹੋਏ ਯਾਦਵ ਨੇ ਕਿਹਾ, ਇਨ੍ਹਾਂ ਚੈਨਲਾਂ ਦੀ ਭਰੋਸੇਯੋਗਤਾ ਦਾ ਅੰਦਾਜ਼ਾ ਤੁਸੀਂ ਇਸ ਗੱਲ ਤੋਂ ਲਗਾ ਸਕਦੇ ਹੋ ਕਿ ਉਨ੍ਹਾਂ ਨੇ ਮਹਾਨ ਅਦਾਕਾਰ ਧਰਮਿੰਦਰ ਦੀ ਮੌਤ ਬਾਰੇ ਝੂਠੀਆਂ ਖ਼ਬਰਾਂ ਪ੍ਰਸਾਰਿਤ ਕੀਤੀਆਂ ਸਨ। ਕੁਝ ਚੈਨਲਾਂ ਨੇ ਤਾਂ ਇਹ ਵੀ ਦਾਅਵਾ ਕੀਤਾ ਸੀ ਕਿ ਭਾਰਤ ਨੇ 'ਆਪ੍ਰੇਸ਼ਨ ਸਿੰਦੂਰ' ਵਿੱਚ ਲਾਹੌਰ, ਇਸਲਾਮਾਬਾਦ ਅਤੇ ਕਰਾਚੀ 'ਤੇ ਕਬਜ਼ਾ ਕਰ ਲਿਆ ਸੀ।

## ਮੋਗਾ ਜ਼ਿਲਾ ਮੈਜਿਸਟਰੇਟ ਵੱਲੋਂ ਪਾਬੰਦੀਆਂ ਦੇ ਹੁਕਮ ਜਾਰੀ

ਮੋਗਾ 12 ਨਵੰਬਰ। ਜ਼ਿਲਾ ਮੈਜਿਸਟ?ਰੇਟ-ਕਮ-ਡਿਪਟੀ ਕਮਿਸ਼ਨਰ ਮੋਗਾ ਸਾਗਰ ਸੇਤੀਆ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਘਤਾ 2023 ਦੀ ਧਾਰਾ-163 ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲਾ ਮੋਗਾ ਦੇ ਪਿੰਡਾਂ ਦੀਆਂ ਫਿਰਨੀਆਂ ਤੇ ਰੂੜੀਆਂ ਆਦਿ ਦੇ ਢੇਰ ਲਾਉਣ ਅਤੇ ਸੜਕਾਂ ਦੇ ਆਲੇ-ਦੁਆਲੇ ਆਮ ਕਿਸਾਨਾਂ ਵੱਲੋਂ ਬਰਮਾ ਦੀ ਮਿੱਟੀ ਪੁੱਟਣ 'ਤੇ ਮੁਕੰਮਲ ਤੌਰ 'ਤੇ ਪਾਬੰਦੀ ਲਾਈ ਗਈ ਹੈ। ਇਸ ਤੋਂ ਇਲਾਵਾ ਉਨ੍ਹਾਂ ਘਰਾਂ 'ਚ ਬਿਠਾਏ ਕਿਰਾਏਦਾਰਾਂ ਅਤੇ ਘਰੇਲੂ ਨੌਕਰਾਂ ਬਾਰੇ ਸੂਚਨਾ ਆਪਣੇ ਨਜ਼ਦੀਕੀ ਥਾਣੇ 'ਚ ਦਰਜ ਕਰਾਉਣ ਅਤੇ ਉਨ੍ਹਾਂ ਦੀ ਰਜਿਸਟ?ਰੇਸ਼ਨ ਕਰਵਾਉਣੀ ਯਕੀਨੀ ਬਣਾਉਣ ਦੇ ਹੁਕਮ ਜਾਰੀ ਕੀਤੇ ਹਨ। ਜ਼ਿਲਾ ਮੋਗਾ 'ਚ ਸ਼ਹਿਰਾਂ ਅਤੇ ਪਿੰਡਾਂ 'ਚ ਸੀਮਨ ਦਾ ਅਣ-ਅਧਿਕਾਰਤ ਤੌਰ 'ਤੇ ਭੰਡਾਰਨ ਕਰਨ, ਟਰਾਂਸਪੋਰਟੇਸ਼ਨ ਕਰਨ, ਵਰਤਣ ਜਾਂ ਵੇਚਣ 'ਤੇ ਪਾਬੰਦੀ ਲਾਈ ਗਈ ਹੈ। ਇਸੇ ਤਰ੍ਹਾਂ ਉਨ੍ਹਾਂ ਜ਼ਿਲਾ ਮੋਗਾ 'ਚ ਸ਼ਹਿਰਾਂ ਅਤੇ ਪਿੰਡਾਂ 'ਚ ਸੀਮਨ ਦਾ ਅਣ-ਅਧਿਕਾਰਤ ਤੌਰ 'ਤੇ ਭੰਡਾਰਨ ਕਰਨ, ਟਰਾਂਸਪੋਰਟੇਸ਼ਨ ਕਰਨ, ਵਰਤਣ ਜਾਂ ਵੇਚਣ 'ਤੇ ਪਾਬੰਦੀ ਲਾਈ ਗਈ ਹੈ।

# ਮਾਨ ਸਰਕਾਰ ਵੱਲੋਂ ਬਜ਼ੁਰਗਾਂ ਦੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਦੀ ਇੱਛਾ ਪੂਰੀ ਕਰਨ ਦੀ ਤਿਆਰੀ

ਕੌਮੀ ਪਤ੍ਰਿਕਾ
**ਨਵਦੀਪ ਸਿੰਘ ਸਾਹਨੀ**

ਧੂਰੀ 12 ਨਵੰਬਰ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਪਵਿੱਤਰ ਸ਼ਹਿਰ ਅੰਮ੍ਰਿਤਸਰ ਵਿਚ ਧਾਰਮਿਕ ਸਥਾਨਾਂ ਦੇ ਦਰਸ਼ਨਾਂ ਲਈ ਸ਼ਰਧਾਲੂਆਂ ਨੂੰ ਲੈ ਕੇ ਜਾਣ ਵਾਲੀਆਂ ਬੱਸਾਂ ਦੇ ਪਹਿਲੇ ਜੱਥੇ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਸ਼ਰਧਾਲੂਆਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਯਾਤਰਾ ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਹੈ। ਉਨ੍ਹਾਂ ਕਿਹਾ ਕਿ ਇਹ ਯੋਜਨਾ 29 ਅਕਤੂਬਰ, 2025 ਨੂੰ ਪਿੰਡ ਬਰਦਵਾਲ ਤੋਂ ਸ਼ੁਰੂ ਕੀਤੀ ਗਈ ਸੀ ਅਤੇ ਇਨ੍ਹਾਂ ਸ਼ਰਧਾਲੂਆਂ ਦੀ ਚੋਣ ਪਾਰਦਰਸ਼ੀ ਡਰਾਅ ਰਾਹੀਂ ਕੀਤੀ ਗਈ ਸੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਪੰਜਾਬ ਸਰਕਾਰ ਵੱਲੋਂ ਪਵਿੱਤਰ ਸਥਾਨਾਂ ਦੀ ਯਾਤਰਾ ਦੀ ਸਹੂਲਤ ਦੇ ਕੇ ਪੰਜਾਬੀਆਂ ਵਿੱਚ ਸਮਾਜਿਕ ਅਤੇ ਧਾਰਮਿਕ ਸਦਭਾਵਨਾ ਨੂੰ ਮਜ਼ਬੂਤ ਕਰਨ ਲਈ ਇੱਕ ਨਿਮਰ ਪਹਿਲਕਦਮੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਇਹ ਪਹਿਲ ਉਨ੍ਹਾਂ ਬਜ਼ੁਰਗ ਨਾਗਰਿਕਾਂ ਦੀ ਦਿਲੀ ਇੱਛਾ ਨੂੰ ਪੂਰਾ ਕਰ ਰਹੀ ਹੈ ਜੋ ਲੰਬੇ ਸਮੇਂ ਤੋਂ ਪਵਿੱਤਰ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਨ ਲਈ ਤਰਸ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਯੋਜਨਾ ਤਹਿਤ ਸ਼ਰਧਾਲੂਆਂ ਨੂੰ ਸ੍ਰੀ ਹਰਿਮੰਦਰ ਸਾਹਿਬ, ਦੁਰਗਿਆਣਾ ਮੰਦਿਰ, ਭਗਵਾਨ ਵਾਲਮੀਕਿ ਤੀਰਥ, ਜਲ੍ਹਿਆਂਵਾਲਾ ਬਾਗ, ਵੰਡ ਅਜਾਇਬ ਘਰ ਅਤੇ ਅੰਮ੍ਰਿਤਸਰ ਦੇ ਹੋਰ ਧਾਰਮਿਕ ਅਤੇ ਇਤਿਹਾਸਕ ਸਥਾਨਾਂ ਦੇ ਦਰਸ਼ਨ ਕਰਵਾਏ ਜਾਣਗੇ। ਮਾਨ ਨੇ ਕਿਹਾ ਕਿ ਇਹ ਯੋਜਨਾ ਸਾਰੀਆਂ ਜਾਤਾਂ, ਧਰਮਾਂ, ਆਮਦਨ ਵਰਗਾਂ ਅਤੇ ਜੀਵਨ ਦੇ ਹਰ ਵਰਗ ਦੇ ਲੋਕਾਂ ਲਈ ਖੁੱਲ੍ਹੀ ਹੈ। ਹੋਰ ਵੇਰਵੇ ਦਿੰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਸ਼ਰਧਾਲੂਆਂ ਲਈ ਤਿੰਨ ਦਿਨ ਅਤੇ ਦੋ ਰਾਤਾਂ ਲਈ ਮੁਫ਼ਤ ਰਿਹਾਇਸ਼ ਲਈ ਵਿਸਤ੍ਰਿਤ ਪ੍ਰਬੰਧ ਕੀਤੇ ਹਨ। ਉਨ੍ਹਾਂ ਕਿਹਾ ਕਿ ਤੀਰਥ ਯਾਤਰਾ ਲਈ 50 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਸ਼ਰਧਾਲੂਆਂ ਨੂੰ ਰਜਿਸਟਰ ਕੀਤਾ ਗਿਆ ਹੈ ਅਤੇ ਰਜਿਸਟ?ਰੇਸ਼ਨ ਲਈ ਵੋਟਰ ਆਈਡੀ ਕਾਰਡ ਲਾਜ਼ਮੀ ਕੀਤੇ ਗਏ ਹਨ। ਉਨ੍ਹਾਂ ਨੇ ਕਿਹਾ ਕਿ ਸ਼ਰਧਾਲੂਆਂ ਨੂੰ ਏਸੀ ਬੱਸਾਂ, ਏਸੀ ਹੋਟਲ ਰਿਹਾਇਸ਼ ਅਤੇ ਮੁਫ਼ਤ ਖਾਣਾ ਮੁਹੱਈਆ ਕਰਵਾਇਆ ਜਾਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਹਰੇਕ ਬੱਸ ਵਿਚ ਯਾਤਰੀਆਂ ਦੀ ਸਹਾਇਤਾ ਲਈ ਇਕ ਸਹਾਇਕ ਹੋਵੇਗਾ, ਅਤੇ ਕਿਸੇ ਵੀ



ਐਮਰਜੈਂਸੀ ਦੀ ਸਥਿਤੀ ਵਿਚ ਤੁਰੰਤ ਸਹਾਇਤਾ ਪ੍ਰਦਾਨ ਕਰਨ ਲਈ ਇਕ ਮੈਡੀਕਲ ਟੀਮ ਵੀ ਸ਼ਰਧਾਲੂਆਂ ਦੇ ਨਾਲ ਹੋਵੇਗੀ। ਉਨ੍ਹਾਂ ਕਿਹਾ ਕਿ ਯਾਤਰਾ ਪੂਰੀ ਹੋਣ ਤੋਂ ਬਾਅਦ ਸਾਰੇ ਸ਼ਰਧਾਲੂਆਂ ਨੂੰ ਪ੍ਰਸ਼ਾਦ ਵੰਡਿਆ ਜਾਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਉਹ ਆਪਣੇ ਆਪ ਨੂੰ ਭਾਗਸ਼ਾਲੀ ਸਮਝਦੇ ਹਨ ਕਿ ਪ੍ਰਮਾਤਮਾ ਨੇ ਉਨ੍ਹਾਂ ਨੂੰ ਇਸ ਨੇਕ ਕਾਰਜ ਰਾਹੀਂ ਲੋਕਾਂ ਦੀ ਸੇਵਾ ਕਰਨ ਦਾ ਮੌਕਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਹ ਯੋਜਨਾ ਮਹਾਨ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਅਤੇ ਦਰਸ਼ਨ ਅਨੁਸਾਰ ਤਿਆਰ ਕੀਤੀ ਗਈ ਹੈ, ਜਿਨ੍ਹਾਂ ਨੇ ਲੋਕਾਂ ਨੂੰ ਆਪਸੀ ਭਾਈਚਾਰੇ, ਏਕਤਾ ਅਤੇ ਸ਼ਾਂਤੀ ਦਾ ਸੰਦੇਸ਼ ਦਿੱਤਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬੇ ਵਿੱਚ ਸਮਾਜ ਦਾ ਇੱਕ ਵੱਡਾ ਵਰਗ, ਕਿਸੇ ਨਾ ਕਿਸੇ ਕਾਰਨ ਕਰਕੇ, ਦੇਸ਼ ਭਰ ਵਿੱਚ ਇਨ੍ਹਾਂ ਪਵਿੱਤਰ ਸਥਾਨਾਂ ਦੇ ਦਰਸ਼ਨ ਨਹੀਂ ਕਰ ਸਕਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਹੁਣ ਸੂਬਾ ਸਰਕਾਰ ਨੇ ਦੇਸ਼ ਅਤੇ ਸੂਬੇ ਭਰ ਵਿਚ ਵੱਖ-ਵੱਖ ਪਵਿੱਤਰ ਸਥਾਨਾਂ ਦੇ ਦਰਸ਼ਨਾਂ ਲਈ ਸ਼ਰਧਾਲੂਆਂ ਲਈ ਇਹ ਯੋਜਨਾ ਸ਼ੁਰੂ ਕੀਤੀ ਹੈ। ਉਨ੍ਹਾਂ ਨੇ ਸਾਰੇ ਸ਼ਰਧਾਲੂਆਂ ਨੂੰ ਨੌਵੇਂ ਗੁਰੂ, ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਵਸ ਨੂੰ ਮਨਾਉਣ ਲਈ ਵੱਖ-ਵੱਖ ਜ਼ਿਲ੍ਹਿਆਂ ਅਤੇ ਸ੍ਰੀ ਆਨੰਦਪੁਰ ਸਾਹਿਬ ਵਿੱਚ ਆਯੋਜਿਤ ਕੀਤੇ ਜਾ ਰਹੇ ਵੱਖ-ਵੱਖ ਧਾਰਮਿਕ ਇਕੱਠਾਂ ਅਤੇ ਮੁੱਖ ਸਮਾਗਮਾਂ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਦੀ ਅਪੀਲ ਕੀਤੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਨੇ ਇਸ ਇਤਿਹਾਸਕ ਮੌਕੇ ਨੂੰ ਮਨਾਉਣ ਲਈ ਪਹਿਲਾਂ ਹੀ ਕਈ ਪ੍ਰੋਗਰਾਮ ਉਲੀਕੇ ਹਨ।

## ਏਅਰ ਇੰਡੀਆ ਦੀ ਉਡਾਣ 'ਚ ਬੰਬ ਦੀ ਧਮਕੀ, ATC ਨੂੰ ਮਿਲਿਆ ਈਮੇਲ

ਵੈੱਬ ਡੈਸਕ 12 ਨਵੰਬਰ। ਮੁੰਬਈ ਤੋਂ ਵਾਰਾਨਸੀ ਜਾ ਰਹੀ ਏਅਰ ਇੰਡੀਆ ਐਕਸਪ੍ਰੈਸ ਦੀ ਉਡਾਣ ਨੂੰ ਬੰਬ ਦੀ ਧਮਕੀ ਮਿਲੀ। ਮਾਮਲੇ ਨੂੰ ਗੰਭੀਰਤਾ ਨਾਲ ਲੈਂਦੇ ਹੋਏ, ਯਾਤਰੀਆਂ ਦੀ ਸੁਰੱਖਿਆ ਯਕੀਨੀ ਬਣਾਈ ਗਈ ਅਤੇ ਐਮਰਜੈਂਸੀ ਲੈਂਡਿੰਗ ਕੀਤੀ ਗਈ। ਜਾਣਕਾਰੀ ਅਨੁਸਾਰ, ਉਡਾਣ ਮੁੰਬਈ ਤੋਂ ਵਾਰਾਨਸੀ ਜਾ ਰਹੀ ਸੀ ਜਦੋਂ ਵਾਰਾਨਸੀ ATC ਨੂੰ ਧਮਕੀ ਭਰਿਆ ਈਮੇਲ ਮਿਲਿਆ। ATC ਨੇ ਤੁਰੰਤ ਪਾਇਲਟਾਂ ਨੂੰ




ਸੁਚੇਤ ਕੀਤਾ ਅਤੇ ਜਹਾਜ਼ ਨੂੰ ਜਲਦੀ ਤੋਂ ਜਲਦੀ ਲੈਂਡ ਕਰਨ ਦਾ ਨਿਰਦੇਸ਼ ਦਿੱਤਾ। ਜਹਾਜ਼ ਨੇ ਵਾਰਾਨਸੀ ਹਵਾਈ ਅੱਡੇ ਦੇ ਟਰਮੀਨਲ 1 'ਤੇ ਐਮਰਜੈਂਸੀ ਲੈਂਡਿੰਗ ਕੀਤੀ ਅਤੇ ਇਸਨੂੰ ਆਈਸੋਲੇਸ਼ਨ ਬੇਅ 'ਚ ਰੱਖਿਆ ਗਿਆ। ਸਾਰੇ ਯਾਤਰੀਆਂ ਨੂੰ ਸੁਰੱਖਿਅਤ ਬਾਹਰ ਕੱਢ ਲਿਆ ਗਿਆ। ਇੱਕ ਬੰਬ ਸਕੁਐਡ ਜਹਾਜ਼ ਦੀ ਵਿਸਤ੍ਰਿਤ ਜਾਂਚ ਕਰ ਰਿਹਾ ਹੈ। ਪੁਲਸ, ATS, ਸਪੈਸ਼ਲ ਟਾਸਕ ਫੋਰਸ (STF), ਇੰਟੈਲੀਜੈਂਸ, ਇੰਟੈਲੀਜੈਂਸ ਬਿਊਰੋ (IB), ਅਤੇ LIU ਦੀਆਂ ਟੀਮਾਂ ਨੇ ਤੁਰੰਤ ਜਾਂਚ ਸ਼ੁਰੂ ਕਰ ਦਿੱਤੀ ਹੈ। ਹਵਾਈ ਅੱਡੇ ਦੇ ਟਰਮੀਨਲ ਅਤੇ ਹਵਾਬਾਜ਼ੀ ਖੇਤਰ ਨੂੰ ਖਾਲੀ ਕਰਵਾ ਲਿਆ ਗਿਆ ਹੈ ਅਤੇ ਧਮਕੀ ਦੇ ਸਰੋਤ ਦਾ ਪਤਾ ਲਗਾਉਣ ਲਈ ਯਤਨ ਜਾਰੀ ਹਨ।

## ਆਪ੍ਰੇਸ਼ਨ 'ਕਾਸੋ' : ਲੁਧਿਆਣਾ ਪੁਲਸ ਨੇ ਨਸ਼ਾ ਸਮੱਗਲਿੰਗ ਦਾ ਲੱਕ ਤੋੜਿਆ

ਲੁਧਿਆਣਾ 12 ਨਵੰਬਰ। ਨਸ਼ਾ ਸਮੱਗਲਿੰਗ 'ਤੇ ਕਮਿਸ਼ਨਰੇਟ ਪੁਲਸ ਨੇ ਇਕ ਵਾਰ ਫਿਰ ਵੱਡਾ ਹਮਲਾ ਕੀਤਾ ਹੈ। ਕਮਿਸ਼ਨਰੇਟ ਪੁਲਸ ਵਲੋਂ ਵੀਰਵਾਰ ਨੂੰ ਚਲਾਏ ਗਏ ਆਪ੍ਰੇਸ਼ਨ 'ਕਾਸੋ' ਤਹਿਤ ਕਈ ਇਲਾਕਿਆਂ 'ਚ ਇਕੋ ਸਮੇਂ ਛਾਪੇਮਾਰੀ ਕੀਤੀ ਗਈ। ਇਸ ਦੌਰਾਨ ਪੁਲਸ ਨੇ ਕਈ ਨਸ਼ਾ ਸਮੱਗਲਰਾਂ ਨੂੰ ਕਾਬੂ ਕਰਦੇ ਹੋਏ ਉਨ੍ਹਾਂ ਕੋਲੋਂ ਹੈਰੋਇਨ ਅਤੇ ਸੈਂਕੜੇ ਨਸ਼ੀਲੀਆਂ ਗੋਲੀਆਂ ਬਰਾਮਦ ਕੀਤੀਆਂ ਹਨ। ਪੁਲਸ ਕਮਿਸ਼ਨਰ ਸਵਪਨ ਸ਼ਰਮਾ ਦੇ ਹੁਕਮਾਂ 'ਤੇ ਇਹ ਵਿਸ਼ੇਸ਼ ਸਰਚ ਆਪ੍ਰੇਸ਼ਨ ਦੁੱਗਰੀ, ਸਾਹਨੇਵਾਲ, ਡੇਹਲੋਂ, ਸਦਰ, ਸ਼ਿਮਲਾਪੁਰੀ ਅਤੇ ਡਾਬਾ ਥਾਣੇ ਸਮੇਤ ਡਵੀਜ਼ਨ ਨੰ. 6 ਦੇ ਇਲਾਕਿਆਂ 'ਚ ਚਲਾਇਆ ਗਿਆ। ਇਸ ਦੌਰਾਨ ਪੁਲਸ ਨੇ ਘਰ-ਘਰ ਜਾ ਕੇ ਤਲਾਸ਼ੀ ਲਈ ਅਤੇ ਸ਼ੱਕੀ ਵਾਹਨਾਂ ਦੀ ਚੈਕਿੰਗ ਵੀ ਕੀਤੀ। ਆਪ੍ਰੇਸ਼ਨ ਦੀ ਅਗਵਾਈ ਡੀ. ਸੀ. ਪੀ. ਕ੍ਰਾਈਮ ਹਰਪਾਲ ਸਿੰਘ ਗਰੇਵਾਲ, ਏ. ਡੀ. ਸੀ. ਪੀ.-2 ਕਰਣਵੀਰ ਸਿੰਘ, ਏ. ਸੀ. ਪੀ. ਹਰਜਿੰਦਰ ਸਿੰਘ ਅਤੇ ਏ. ਸੀ. ਪੀ. ਸਤਵਿੰਦਰ ਸਿੰਘ ਨੇ ਕੀਤੀ। ਪੁਲਸ ਕਮਿਸ਼ਨਰ ਸਵਪਨ ਸ਼ਰਮਾ ਨੇ ਦੱਸਿਆ ਕਿ ਕਾਰਵਾਈ ਦੌਰਾਨ ਥਾਣਾ ਡੇਹਲੋਂ 'ਚ ਇਕ ਵਿਅਕਤੀ ਤੋਂ 55 ਨਸ਼ੀਲੀਆਂ ਗੋਲੀਆਂ, ਸਾਹਨੇਵਾਲ 'ਚ 10 ਗ੍ਰਾਮ ਹੈਰੋਇਨ, 20 ਨਸ਼ੀਲੀਆਂ ਗੋਲੀਆਂ, ਡਵੀਜ਼ਨ ਨੰ. 6 ਤੋਂ 5 ਗ੍ਰਾਮ ਹੈਰੋਇਨ, ਡਾਬਾ ਥਾਣਾ ਇਲਾਕੇ ਤੋਂ 30 ਨਸ਼ੀਲੀਆਂ ਗੋਲੀਆਂ ਅਤੇ ਸ਼ਿਮਲਾਪੁਰੀ ਥਾਣੇ ਤੋਂ 3 ਗ੍ਰਾਮ ਹੈਰੋਇਨ ਜ਼ਬਤ ਕਰ ਕੇ ਫੜੇ ਗਏ ਸਾਰੇ ਮੁਲਜ਼ਮਾਂ ਖਿਲਾਫ ਨਸ਼ਾ ਸਮੱਗਲਿੰਗ ਤਹਿਤ ਕੇਸ ਦਰਜ ਕਰ ਲਏ ਗਏ ਹਨ ਅਤੇ ਉਨ੍ਹਾਂ ਤੋਂ ਪੁੱਛਗਿੱਛ ਜਾਰੀ ਹੈ। ਕਮਿਸ਼ਨਰ ਸਵਪਨ ਸ਼ਰਮਾ ਨੇ ਕਿਹਾ ਕਿ ਨਸ਼ਾ ਮਾਫੀਆ ਖਿਲਾਫ ਇਹ ਜੰਗ ਜਾਰੀ ਰਹੇਗੀ। ਆਉਣ ਵਾਲੇ ਦਿਨਾਂ 'ਚ ਇਸ ਮੁਹਿੰਮ ਨੂੰ ਹੋਰ ਤੇਜ਼ ਕੀਤਾ ਜਾਵੇਗਾ, ਤਾਂ ਕਿ ਲੁਧਿਆਣਾ ਨੂੰ ਪੂਰੀ ਤਰ੍ਹਾਂ ਨਸ਼ਾ ਮੁਕਤ ਸ਼ਹਿਰ ਬਣਾਇਆ ਜਾ ਸਕੇ।

# ਦਿੱਲੀ ਲਾਲ ਕਿਲ੍ਹੇ ਧਮਾਕੇ ਮਾਮਲੇ 'ਚ ਹੁਣ ਤੱਕ 15 ਗ੍ਰਿਫ਼ਤਾਰ

ਕੌਮੀ ਪਤ੍ਰਿਕਾ
**ਤੇਜਿੰਦਰ ਕੌਰ ਬੱਬਰ**

ਨਵੀਂ ਦਿੱਲੀ 12 ਨਵੰਬਰ। ਦਿੱਲੀ ਧਮਾਕਿਆਂ ਵਿੱਚ ਜੈਸ਼-ਏ-ਮੁਹੰਮਦ ਲਈ ਕਥਿਤ ਤੌਰ 'ਤੇ ਕੰਮ ਕਰਨ ਵਾਲੇ ਡਾਕਟਰ ਅੱਤਵਾਦੀ ਮਾਡਿਊਲ ਦੇ ਸਬੰਧ ਵਿੱਚ ਕੁੱਲ 15 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ ਤਿੰਨ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ। ਇਹ ਗ੍ਰਿਫ਼ਤਾਰੀਆਂ ਜੰਮੂ-ਕਸ਼ਮੀਰ ਪੁਲਸ ਨੇ ਕੀਤੀਆਂ ਹਨ ਅਤੇ ਹੁਣ ਤੱਕ ਕੁੱਲ 56 ਡਾਕਟਰਾਂ ਤੋਂ ਪੁੱਛਗਿੱਛ ਕੀਤੀ ਗਈ ਹੈ। ਇਸ ਮਾਡਿਊਲ 'ਤੇ ਸੋਮਵਾਰ ਨੂੰ ਲਾਲ ਕਿਲ੍ਹੇ 'ਤੇ ਸ਼ਾਮ 6:52 ਵਜੇ ਹੋਏ ਧਮਾਕੇ ਦਾ ਦੋਸ਼ ਹੈ। ਹਸਪਤਾਲ ਦੇ ਸੂਤਰਾਂ ਨੇ UNIVARTA ਨੂੰ ਦੱਸਿਆ ਕਿ ਮ੍ਰਿਤਕਾਂ ਦੀਆਂ ਲਾਸ਼ਾਂ 'ਤੇ ਵਿਸਫੋਟਕ ਸਮੱਗਰੀ ਦਾ ਕੋਈ ਸਬੂਤ ਨਹੀਂ ਮਿਲਿਆ। ਹਾਲਾਂਕਿ ਜਾਂਚਕਰਤਾਵਾਂ ਨੂੰ ਸ਼ੱਕ ਹੈ ਕਿ ਧਮਾਕੇ ਵਿੱਚ ਇੱਕ ਸੋਧਿਆ ਹੋਇਆ ਵਿਸਫੋਟਕ ਵਰਤਿਆ ਗਿਆ ਹੋ ਸਕਦਾ ਹੈ। ਇਸ ਘਟਨਾਕ੍ਰਮ ਦੀ ਸ਼ੁਰੂਆਤ ਸ਼੍ਰੀਨਗਰ ਦੇ ਨੌਗਾਮ ਪੁਲਸ ਸਟੇਸ਼ਨ ਖੇਤਰ ਵਿੱਚ ਸੁਰੱਖਿਆ ਬਲਾਂ ਨੂੰ ਧਮਕੀ ਦੇਣ ਵਾਲੇ ਇੱਕ ਇਤਰਾਜ਼ਯੋਗ ਪੋਸਟਰ ਨਾਲ ਸ਼ੁਰੂ ਹੋਈ। ਇਸ ਤੋਂ ਪਹਿਲਾਂ 19 ਅਕਤੂਬਰ ਨੂੰ ਧਮਕੀ ਦੇ ਸਬੰਧ ਵਿੱਚ ਇੱਕ ਕੇਸ ਦਰਜ ਕੀਤਾ ਗਿਆ ਸੀ ਅਤੇ ਜਾਂਚ ਸ਼ੁਰੂ ਕੀਤੀ ਗਈ ਸੀ। ਜਾਂਚ ਦੇ ਸ਼ੁਰੂਆਤੀ ਪੜਾਅ ਵਿੱਚ 20 ਤੋਂ 27 ਅਕਤੂਬਰ ਦੇ ਵਿਚਕਾਰ ਸ਼ੋਪੀਆਂ ਤੋਂ ਮੌਲਵੀ ਇਰਫਾਨ ਅਹਿਮਦ ਵਾਘ ਅਤੇ ਗੰਦਰਬਲ ਦੇ ਵਾਕੁਰਾ ਤੋਂ ਜ਼ਮੀਰ ਅਹਿਮਦ ਨੂੰ ਗ੍ਰਿਫ਼ਤਾਰ ਕੀਤਾ ਗਿਆ। ਡਾ. ਆਦਿਲ ਦੀ 5 ਨਵੰਬਰ ਨੂੰ ਸਹਾਰਨਪੁਰ ਵਿੱਚ ਗ੍ਰਿਫ਼ਤਾਰ ਹੋਈ, ਜਿਸ ਤੋਂ ਬਾਅਦ 7 ਨਵੰਬਰ ਨੂੰ ਅਨੰਤਨਾਗ ਦੇ ਇੱਕ ਹਸਪਤਾਲ ਤੋਂ ਇੱਕ AK-47 ਰਾਈਫਲ ਅਤੇ ਹੋਰ ਗੋਲਾ ਬਾਰੂਦ ਬਰਾਮਦ ਹੋਇਆ। 8 ਨਵੰਬਰ ਨੂੰ ਫਰੀਦਾਬਾਦ ਦੀ ਅਲ ਫਲਾਹ ਯੂਨੀਵਰਸਿਟੀ ਤੋਂ ਹੋਰ ਰਾਈਫਲਾਂ, ਪਿਸਤੌਲਾਂ ਅਤੇ ਗੋਲਾ ਬਾਰੂਦ ਬਰਾਮਦ ਕੀਤਾ ਗਿਆ। ਬਾਅਦ ਵਿੱਚ ਕੀਤੀ ਗਈ ਪੁੱਛਗਿੱਛ ਦੇ ਨਤੀਜੇ ਵਜੋਂ ਮਾਡਿਊਲ ਦੇ ਹੋਰ ਮੈਂਬਰਾਂ ਦੀ ਪਛਾਣ ਹੋਈ, ਜਿਸ ਨਾਲ ਡਾ. ਮੁਜ਼ਮਿਲ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਹਥਿਆਰਾਂ ਅਤੇ ਗੋਲਾ ਬਾਰੂਦ ਦਾ ਇੱਕ ਵੱਡਾ ਜ਼ਖੀਰਾ ਜ਼ਬਤ



ਕੀਤਾ ਗਿਆ। 9 ਨਵੰਬਰ ਨੂੰ ਫਰੀਦਾਬਾਦ ਦੇ ਧੋਜ ਦੇ ਰਹਿਣ ਵਾਲੇ ਮਦਰਾਸੀ ਨਾਮ ਦੇ ਇੱਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਸ ਤੋਂ ਬਾਅਦ 10 ਨਵੰਬਰ ਨੂੰ ਫਰੀਦਾਬਾਦ ਦੀ ਢੇਰਾ ਕਲੋਨੀ ਵਿੱਚ ਅਲ ਫਲਾਹ ਮਸਜਿਦ ਦੇ ਇਮਾਮ ਹਾਫਿਜ਼ ਮੁਹੰਮਦ ਇਸ਼ਤਿਆਕ ਦੇ ਘਰ ਤੋਂ 2,563 ਕਿਲੋਗ੍ਰਾਮ ਵਿਸਫੋਟਕ ਬਰਾਮਦ ਹੋਏ। ਛਾਪੇਮਾਰੀ ਦੌਰਾਨ 358 ਕਿਲੋਗ੍ਰਾਮ ਵਿਸਫੋਟਕ ਸਮੱਗਰੀ, ਡੈਟੋਨੇਟਰ ਅਤੇ ਟਾਈਮਰ ਬਰਾਮਦ ਹੋਏ, ਜਿਸ ਨਾਲ ਵਿਸਫੋਟਕਾਂ ਦੀ ਕੁੱਲ ਮਾਤਰਾ ਲਗਭਗ 3,000 ਕਿਲੋਗ੍ਰਾਮ ਹੋ ਗਈ। ਪੁਲਸ ਸੂਤਰਾਂ ਅਨੁਸਾਰ ਅਲ ਫਲਾਹ ਯੂਨੀਵਰਸਿਟੀ ਦੇ ਕਰਮਚਾਰੀ ਅਤੇ ਕਥਿਤ ਮਾਡਿਊਲ ਦੇ ਮੈਂਬਰ ਡਾ. ਉਮਰ ਮੁਹੰਮਦ ਇਨ੍ਹਾਂ ਕਾਰਵਾਈਆਂ ਦੌਰਾਨ ਭੂਮੀਗਤ ਹੋ ਗਏ। ਰਾਸ਼ਟਰੀ ਰਾਜਧਾਨੀ ਵਿੱਚ ਲਾਲ ਕਿਲ੍ਹੇ ਨੇੜੇ 10 ਨਵੰਬਰ ਦੀ ਸ਼ਾਮ ਨੂੰ ਭਿਆਨਕ ਧਮਾਕਾ ਹੋਇਆ। ਦਿੱਲੀ ਪੁਲਸ, ਰਾਸ਼ਟਰੀ ਸੁਰੱਖਿਆ ਗਾਰਡ (NSG), ਰਾਸ਼ਟਰੀ ਜਾਂਚ ਏਜੰਸੀ (NIA) ਅਤੇ ਫੋਰੈਂਸਿਕ ਟੀਮਾਂ ਨੇ ਤੁਰੰਤ ਕਾਰਵਾਈ ਕਰਦੇ ਹੋਏ ਜ਼ਖਮੀਆਂ ਨੂੰ ਹਸਪਤਾਲ ਦਾਖਲ ਕਰਵਾਇਆ ਅਤੇ ਘਟਨਾ ਸਥਾਨ ਤੋਂ 4©1 ਨਮੂਨੇ, ਵਿਸਫੋਟਕ ਅਵਸ਼ੇਸ਼ ਅਤੇ ਹੋਰ ਸਬੂਤ ਇਕੱਠੇ ਕੀਤੇ। ਜਾਂਚ ਟੀਮ ਨੇ ਲਾਲ ਕਿਲ੍ਹੇ ਦੇ ਧਮਾਕੇ ਵਾਲੀ ਥਾਂ ਤੋਂ ਇੱਕ ਕੱਟਿਆ ਹੋਇਆ ਹੱਥ ਬਰਾਮਦ ਕੀਤਾ

# 'ਸੀਐਮ ਦੀ ਯੋਗਸ਼ਾਲਾ' ਨੇ ਰਚਿਆ ਇਤਿਹਾਸ, 2 ਲੱਖ ਲੋਕ ਰੋਜ਼ਾਨਾ ਕਰ ਰਹੇ ਮੁਫ਼ਤ ਯੋਗ

**ਕੌਮੀ ਪਤ੍ਰਿਕਾ**

ਚੰਡੀਗੜ੍ਹ 12 ਨਵੰਬਰ। ਪੰਜਾਬ ਸਰਕਾਰ ਦੀ ਵਧੀਆ ਸ਼ੁਰੂਆਤ 'ਸੀਐਮ ਦੀ ਯੋਗਸ਼ਾਲਾ' ਨੇ ਨਾ ਸਿਰਫ਼ ਸੂਬੇ ਦੇ ਸਿਹਤ ਦੇ ਹਾਲਾਤ ਬਦਲ ਦਿੱਤੇ ਹਨ, ਸਗੋਂ ਆਮ ਆਦਮੀ ਪਾਰਟੀ (ਆਪ) ਦੀ ਅਗਵਾਈ ਵਾਲੀ ਭਗਵੰਤ ਮਾਨ ਸਰਕਾਰ ਦੀਆਂ ਲੋਕਾਂ ਲਈ ਬਣੀਆਂ ਨੀਤੀਆਂ ਦੀ ਇਕ ਚੰਗੀ ਮਿਸਾਲ ਪੇਸ਼ ਕੀਤੀ ਹੈ। ਮੁੱਖ ਮੰਤਰੀ ਭਗਵੰਤ ਮਾਨ ਦੀ ਦੂਰਅੰਦੇਸ਼ੀ ਨਾਲ ਸ਼ੁਰੂ ਹੋਇਆ ਇਹ ਕੰਮ ਯੋਗ ਨੂੰ ਸਿਰਫ਼ ਕਸਰਤ ਨਹੀਂ, ਸਗੋਂ ਇਕ ਜੀਵਨ ਢੰਗ ਬਣਾ ਰਿਹਾ ਹੈ, ਜੋ ਤਣਾਅ, ਮੋਟਾਪਾ, ਸ਼ੂਗਰ ਅਤੇ ਹਾਈ ਬਲੱਡ ਪ੍ਰੈਸ਼ਰ ਵਰਗੀਆਂ ਅੱਜ ਦੀਆਂ ਬੀਮਾਰੀਆਂ ਨਾਲ ਲੜਨ ਵਿਚ ਮਦਦਗਾਰ ਸਾਬਤ ਹੋ ਰਿਹਾ ਹੈ। ਇਹ ਯੋਜਨਾ ਪੰਜਾਬ ਨੂੰ ਨਸ਼ਾ-ਮੁਕਤ ਅਤੇ ਤੰਦਰੁਸਤ ਬਣਾਉਣ ਦੀ ਦਿਸ਼ਾ ਵਿਚ ਇਕ ਵੱਡਾ ਕਦਮ ਸਾਬਤ ਹੋ ਰਹੀ ਹੈ। ਇਸ ਯੋਜਨਾ ਦੀ ਸਫਲਤਾ ਦਾ ਇਕ ਵੱਡਾ ਸਬੂਤ ਇਸ ਦਾ ਵਿਸ਼ਾਲ ਫੈਲਾਅ ਹੈ। ਸਰਕਾਰ ਨੇ ਇਸ ਨੂੰ ਸਿਰਫ਼ ਇਕ ਸਾਲ ਵਿਚ ਚਾਰ ਪੜਾਵਾਂ ਵਿਚ ਲਾਗੂ ਕੀਤਾ। ਅਪ੍ਰੈਲ 2023 ਵਿਚ 4 ਵੱਡੇ ਸ਼ਹਿਰਾਂ ਤੋਂ ਸ਼ੁਰੂ ਹੋਈ ਇਹ ਪਹਿਲ, ਜਿੱਥੇ 100 ਤੋਂ ਵੱਧ ਟ?ਰੇਨਰਾਂ ਨੇ 500 ਤੋਂ ਵੱਧ ਕਲਾਸਾਂ ਸ਼ੁਰੂ ਕੀਤੀਆਂ, ਜਲਦੀ ਹੀ ਜੂਨ 2023 ਤੱਕ 9 ਸ਼ਹਿਰਾਂ ਤੱਕ ਪਹੁੰਚ ਗਈ ਅਤੇ 50,000 ਤੋਂ ਵੱਧ ਲੋਕ ਇਸ ਨਾਲ ਜੁੜ ਗਏ। ਜਨਵਰੀ 2024 ਵਿਚ ਤੀਜੇ ਪੜਾਅ ਵਿਚ 1,500 ਟ?ਰੇਨਰਾਂ ਨਾਲ ਸਾਰੇ ਸ਼ਹਿਰੀ ਖੇਤਰਾਂ ਨੂੰ ਕਵਰ ਕੀਤਾ ਗਿਆ ਅਤੇ ਮਾਰਚ 2024 ਤੋਂ ਚੌਥਾ ਪੜਾਅ ਇਸ ਨੂੰ ਪਿੰਡਾਂ ਅਤੇ ਬਲਾਕਾਂ ਤੱਕ ਲੈ ਗਿਆ। ਅੱਜ, ਇਹ ਪਹਿਲ ਪੰਜਾਬ ਦੇ ਸਾਰੇ 23 ਜ਼ਿਲ੍ਹਿਆਂ ਅਤੇ 146 ਬਲਾਕਾਂ ਵਿਚ ਪਹੁੰਚ ਚੁੱਕੀ ਹੈ, ਜੋ ਸਰਕਾਰ ਦੀ ਜ਼ਮੀਨੀ ਪੱਧਰ 'ਤੇ ਮਜ਼ਬੂਤ ਇੱਛਾਸ਼ਕਤੀ ਅਤੇ ਚੰਗੇ ਕੰਮ ਦਾ ਪ੍ਰਤੀਕ ਹੈ। ਅੱਜ ਇਸ ਪਹਿਲ ਦੀ ਲੋਕਪ੍ਰਿਅਤਾ ਦਾ ਹਾਲ ਇਹ ਹੈ ਕਿ ਪੂਰੇ ਪੰਜਾਬ ਵਿਚ ਲਗਭਗ 2 ਲੱਖ ਲੋਕ ਇਨ੍ਹਾਂ ਮੁਫ਼ਤ ਯੋਗ ਕਲਾਸਾਂ ਦਾ ਫ਼ਾਇਦਾ ਲੈ ਰਹੇ ਹਨ। ਇਹ ਗਿਣਤੀ ਮਾਰਚ 2025 ਵਿਚ 1 ਲੱਖ ਸੀ। ਪੂਰੇ ਸੂਬੇ ਵਿਚ 4,581 ਤੋਂ ਵੱਧ ਯੋਗਸ਼ਾਲਾਵਾਂ ਰੋਜ਼ਾਨਾ ਸਵੇਰੇ ਅਤੇ ਸ਼ਾਮ ਹੋ



ਰਹੀਆਂ ਹਨ। ਇਹ ਵੱਡੀ ਹਿੱਸੇਦਾਰੀ ਦੱਸਦੀ ਹੈ ਕਿ ਲੋਕਾਂ ਨੇ ਇਸ ਪਹਿਲ ਨੂੰ ਖੁੱਲ੍ਹੇ ਦਿਲ ਨਾਲ ਅਪਣਾਇਆ ਹੈ ਅਤੇ ਇਹ ਪ੍ਰੋਗਰਾਮ ਸੱਚਮੁੱਚ ਇੱਕ "ਜਨ ਲਹਿਰ"ਬਣ ਚੁੱਕਾ ਹੈ, ਜੋ ਪੰਜਾਬ ਦੇ ਲੋਕਾਂ ਨੂੰ ਇਕ ਸਿਹਤਮੰਦ ਅਤੇ ਖੁਸ਼ਹਾਲ ਜੀਵਨ ਵੱਲ ਲੈ ਜਾ ਰਿਹਾ ਹੈ। ਮੁੱਖ ਮੰਤਰੀ ਭਗਵੰਤ ਮਾਨ ਦੀ ਦੂਰਅੰਦੇਸ਼ੀ ਇਸ ਯੋਜਨਾ ਦੇ ਦੋਹਰੇ ਉਦੇਸ਼ ਵਿਚ ਸਾਫ਼ ਝਲਕਦੀ ਹੈ। ਇਹ ਪਹਿਲ ਨਾ ਸਿਰਫ਼ ਲੋਕਾਂ ਦੀ ਸਰੀਰਕ ਅਤੇ ਮਾਨਸਿਕ ਸਿਹਤ ਨੂੰ ਮਜ਼ਬੂਤ ਕਰ ਰਹੀ ਹੈ, ਸਗੋਂ ਇਸ ਨੇ ਨੌਜਵਾਨਾਂ ਲਈ ਰੁਜ਼ਗਾਰ ਦੇ ਵੱਡੇ ਮੌਕੇ ਵੀ ਪੈਦਾ ਕਰ ਰਹੀ ਹੈ। ਸਰਕਾਰ ਨੇ ਇਸ ਕਾਰਜਕ੍ਰਮ ਨੂੰ ਚਲਾਉਣ ਲਈ 2,630 ਪ੍ਰਮਾਣਿਤ ਯੋਗ ਟ?ਰੇਨਰਾਂ ਨੂੰ ਨਿਯੁਕਤ ਕੀਤਾ ਹੈ, ਜਿਸ ਨਾਲ ਪੰਜਾਬ ਦੇ ਨੌਜਵਾਨਾਂ ਨੂੰ ਇੱਕ ਸਨਮਾਨਯੋਗ ਕਰੀਅਰ ਮਿਲਿਆ ਹੈ ਅਤੇ ਉਨ੍ਹਾਂ ਦੀ ਊਰਜਾ ਨੂੰ ਸਹੀ ਦਿਸ਼ਾ ਮਿਲੀ ਹੈ। ਸਰਕਾਰ ਨੇ ਇਸ ਯੋਜਨਾ ਨੂੰ ਆਮ ਲੋਕਾਂ ਲਈ ਬਹੁਤ ਆਸਾਨ ਅਤੇ ਸੁਲੱਭ ਬਣਾਇਆ ਹੈ। ਕੋਈ ਵੀ ਵਿਅਕਤੀ ਆਸਾਨੀ ਨਾਲ ਇਕ ਗਰੁੱਪ ਬਣਾ ਕੇ ਸਰਕਾਰ ਤੋਂ ਆਪਣੇ ਮੁਹੱਲੇ ਵਿਚ ਹੀ ਇੱਕ ਮੁਫ਼ਤ ਯੋਗ ਟ?ਰੇਨਰ ਦੀ ਮੰਗ ਕਰ ਸਕਦਾ ਹੈ। ਸਰਕਾਰ ਤੁਰੰਤ ਇਕ ਸਿਖਿਅਤ ਟ?ਰੇਨਰ ਨਿਯੁਕਤ ਕਰਦੀ ਹੈ, ਜੋ ਪਾਰਕਾਂ, ਕਮਿਊਨਿਟੀ ਹਾਲਾਂ ਜਾਂ ਹੋਰ ਜਨਤਕ ਥਾਵਾਂ 'ਤੇ ਕਲਾਸਾਂ ਚਲਾਉਂਦਾ ਹੈ। ਇਹ 'ਸਿਹਤ ਸੇਵਾ ਤੁਹਾਡੇ ਦਰਵਾਜ਼ੇ' ਦੀ ਇੱਕ ਵਧੀਆ ਮਿਸਾਲ ਹੈ, ਜੋ ਪੂਰੀ ਤਰ੍ਹਾਂ ਮੁਫ਼ਤ ਹੈ। 'ਸੀਐਮ ਦੀ ਯੋਗਸ਼ਾਲਾ' ਦਾ ਸਭ ਤੋਂ ਵੱਡਾ ਅਸਰ ਪੰਜਾਬ ਦੇ ਲੋਕਾਂ ਦੀ ਸਿਹਤ 'ਤੇ ਦਿਖ ਰਿਹਾ ਹੈ। ਹਜ਼ਾਰਾਂ ਹਿੱਸਾ ਲੈਣ ਵਾਲੇ ਇਸ ਗੱਲ ਦੀ ਗਵਾਹੀ ਦੇ ਰਹੇ ਹਨ ਕਿ ਯੋਗ ਨਾਲ ਉਨ੍ਹਾਂ ਨੂੰ ਕਮਾਲ ਦੇ ਫ਼ਾਇਦੇ ਮਿਲੇ ਹਨ। ਲੋਕਾਂ ਨੇ ਪੁਰਾਣੇ ਪਿੱਠ ਦਰਦ, ਗਰਦਨ ਦੇ ਦਰਦ, ਗੋਡਿਆਂ ਦੇ ਦਰਦ, ਸ਼ੂਗਰ ਅਤੇ ਹਾਈ ਬਲੱਡ ਪ੍ਰੈਸ਼ਰ ਦੇ ਪ੍ਰਬੰਧਨ ਵਿਚ ਮਹੱਤਵਪੂਰਨ ਸੁਧਾਰ ਦੱਸਿਆ ਹੈ। ਇਸ ਤੋਂ ਇਲਾਵਾ, ਵਧੀਆ ਨੀਂਦ, ਵੱਧੀ ਹੋਈ ਊਰਜਾ, ਤਣਾਅ ਅਤੇ ਡਿਪਰੈਸ਼ਨ ਵਿੱਚ ਕਮੀ ਵਰਗੇ ਮਾਨਸਿਕ ਸਿਹਤ ਫ਼ਾਇਦੇ ਵੀ ਵਿਆਪਕ ਰੂਪ ਵਿੱਚ ਦੱਸੇ ਗਏ ਹਨ। ਇਹ ਯੋਜਨਾ ਪੰਜਾਬ ਦੇ ਸਮਾਜਿਕ ਤਾਣੇ-ਬਾਣੇ ਨੂੰ ਵੀ ਮਜ਼ਬੂਤ ਕਰ ਰਹੀ ਹੈ।

## 13,000 ਕਰੋੜ ਦੇ ਕੋਕੀਨ ਕਾਰਟੇਲ ਦੇ ਸਰਗਨਾ ਰਿਸ਼ਭ ਬਾਈਸੋਆ ਖ਼ਿਲਾਫ਼ 'ਰੈੱਡ ਨੋਟਿਸ' ਜਾਰੀ, ਦੁਨੀਆ ਭਰ 'ਚ ਭਾਲ ਤੇਜ਼

**ਕੌਮੀ ਪਤ੍ਰਿਕਾ**

ਨਵੀਂ ਦਿੱਲੀ 12 ਨਵੰਬਰ। ਅੰਤਰਰਾਸ਼ਟਰੀ ਪੱਧਰ 'ਤੇ ਵੱਡਾ ਝਟਕਾ ਦਿੰਦਿਆਂ ਇੰਟਰਪੋਲ ਨੇ ਇੱਕ ਫਰਾਰ ਦੋਸ਼ੀ ਰਿਸ਼ਭ ਬਾਈਸੋਆ ਖ਼ਿਲਾਫ਼ 'ਰੈੱਡ ਨੋਟਿਸ' ਜਾਰੀ ਕਰ ਦਿੱਤਾ ਹੈ। ਰਿਸ਼ਭ ਬਾਈਸੋਆ ਦਿੱਲੀ ਪੁਲਸ ਦੇ ਸਪੈਸ਼ਲ ਸੈੱਲ ਵੱਲੋਂ ਜ਼ਬਤ ਕੀਤੇ ਗਏ 13,000 ਕਰੋੜ ਰੁਪਏ ਦੇ ਕੋਕੀਨ ਕਾਰਟੇਲ ਨਾਲ ਸਬੰਧਤ ਹੈ। ਇਸ ਨੋਟਿਸ ਤੋਂ ਬਾਅਦ ਦੁਨੀਆ ਭਰ ਦੀਆਂ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੇ ਇਸ ਮੁਲਜ਼ਮ ਨੂੰ ਫੜਨ ਲਈ ਆਲਮੀ ਭਾਲ (ਗਲੋਬਲ ਮੈਨਹੰਟ) ਸ਼ੁਰੂ ਕਰ ਦਿੱਤੀ ਹੈ। ਰਿਸ਼ਭ, ਜੋ ਕਿ ਕਥਿਤ ਤੌਰ 'ਤੇ ਮੱਧ ਪੂਰਬ ਵਿੱਚ ਲੁਕਿਆ ਹੋਇਆ ਹੈ, ਨੂੰ ਅਦਾਲਤ ਵੱਲੋਂ ਪਹਿਲਾਂ ਹੀ ਭਗੌੜਾ ਐਲਾਨਿਆ ਜਾ ਚੁੱਕਾ ਹੈ। ਉਹ ਅੰਤਰਰਾਸ਼ਟਰੀ ਡਰੱਗ ਕਾਰਟੇਲ ਦੇ ਕਥਿਤ ਮੁੱਖ ਸਰਗਨਾ ਵੀਰੇਂਦਰ ਸਿੰਘ ਬਾਈਸੋਆ ਉਰਫ਼ ਵੀਰੂ ਦਾ ਪੁੱਤਰ ਹੈ। ਦੋਸ਼ ਹੈ ਕਿ ਰਿਸ਼ਭ ਕਾਰਟੇਲ ਦੀਆਂ ਗਤੀਵਿਧੀਆਂ ਵਿੱਚ ਸਿੱਧੇ ਤੌਰ 'ਤੇ ਯੋਗਦਾਨ ਪਾਉਂਦੇ ਹੋਏ, ਨਸ਼ੀਲੇ ਪਦਾਰਥਾਂ ਦੀ ਆਵਾਜਾਈ ਅਤੇ ਛੁਪਾਉਣ ਦਾ ਪ੍ਰਬੰਧ ਕਰ ਰਿਹਾ ਸੀ। ਜਾਂਚ ਦੌਰਾਨ ਪਤਾ ਲੱਗਾ ਹੈ ਕਿ ਨਸ਼ਿਆਂ ਦੀ ਇਹ ਖੇਪ ਦੱਖਣੀ ਅਮਰੀਕਾ ਤੋਂ ਭੇਜੀ ਗਈ ਸੀ ਅਤੇ ਇਸਨੂੰ ਦਿੱਲੀ ਲਿਆਂਦੀ ਜਾਂਦੀ ਸੀ। ਕਾਰਟੇਲ ਦੇ ਮੈਂਬਰ ਫਾਰਮਾਸਿਊਟੀਕਲ ਅਤੇ ਸ਼ੈੱਲ ਕੰਪਨੀਆਂ ਦੀ ਵਰਤੋਂ ਕਰਕੇ ਨਸ਼ਿਆਂ ਨੂੰ ਦੇਸ਼ ਭਰ ਵਿੱਚ ਵੰਡਦੇ ਸਨ, ਜਿਨ੍ਹਾਂ ਵਿੱਚ ਦਿੱਲੀ, ਪੰਜਾਬ, ਮੁੰਬਈ, ਹੈਦਰਾਬਾਦ ਅਤੇ ਗੋਆ ਦੇ ਸੰਗੀਤ ਸਮਾਰੋਹਾਂ ਅਤੇ ਰੇਵ ਪਾਰਟੀਆਂ ਸ਼ਾਮਲ ਸਨ। ਇਹ ਕਾਰਟੇਲ ਕਥਿਤ ਤੌਰ 'ਤੇ ਪਾਕਿਸਤਾਨ ਅਤੇ ਦੁਬਈ ਤੋਂ



ਚਲਾਇਆ ਜਾ ਰਿਹਾ ਸੀ। ਸਪੈਸ਼ਲ ਸੈੱਲ ਨੇ ਅਦਾਲਤ ਨੂੰ ਰਿਸ਼ਭ ਦੇ ਗੈਰ-ਹਾਜ਼ਰੀ ਵਿੱਚ ਮੁਕੱਦਮਾ ਚਲਾਉਣ ਦੀ ਬੇਨਤੀ ਵੀ ਕੀਤੀ ਹੈ। ਰੈੱਡ ਨੋਟਿਸ, ਭਾਵੇਂ ਕਿ ਅੰਤਰਰਾਸ਼ਟਰੀ ਗ੍ਰਿਫ਼ਤਾਰੀ ਵਾਰੰਟ ਨਹੀਂ ਹੈ, ਇਹ ਵਿਸ਼ਵ ਭਰ ਦੀਆਂ ਏਜੰਸੀਆਂ ਨੂੰ ਵਿਅਕਤੀ ਨੂੰ ਲੱਭਣ ਅਤੇ ਹਿਰਾਸਤ ਵਿੱਚ ਲੈਣ ਦੀ ਬੇਨਤੀ ਹੈ, ਜੋ ਯਾਤਰਾ ਨੂੰ ਸੀਮਤ ਕਰ ਸਕਦੀ ਹੈ ਅਤੇ ਜਾਇਦਾਦਾਂ ਨੂੰ ਜ਼ਬਤ ਕਰਵਾ ਸਕਦੀ ਹੈ। ਰਿਸ਼ਭ ਖ਼ਿਲਾਫ਼ ਚਾਰਜਸ਼ੀਟ ਦਾਇਰ ਕੀਤੀ ਜਾ ਚੁੱਕੀ ਹੈ ਅਤੇ ਉਹ ਗ੍ਰਿਫ਼ਤਾਰੀ ਤੋਂ ਬਚ ਰਿਹਾ ਹੈ।

## ਮੋਹਾਲੀ ਪੁਲਸ ਵੱਲੋਂ 54 ਲੱਖ ਦੀ ਠੱਗੀ ਮਾਰਨ ਵਾਲਾ ਟਰੈਵਲ ਏਜੰਟ ਗ੍ਰਿਫ਼ਤਾਰ

ਮੋਹਾਲੀ 12 ਨਵੰਬਰ। ਮੋਹਾਲੀ ਪੁਲਸ ਵੱਲੋਂ ਜੂਨ 2024 ਨੂੰ ਧਾਰਾ-406, 420, 120ਬੀ ਅਤੇ 24 ਇਮੀਗ੍ਰੇਸ਼ਨ ਐਕਟ ਤਹਿਤ ਦਰਜ ਕੀਤੇ ਗਏ ਇਕ ਮਾਮਲੇ 'ਚ ਲੋੜੀਂਦੇ ਟ?ਰੈਵਲ ਏਜੰਟ ਕੁਲਦੀਪ ਗਿੱਲ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਇਸ ਸਬੰਧੀ ਡੀ. ਐੱਸ. ਪੀ. ਸਿਟੀ-2 ਹਰਸਿਮਰਨ ਸਿੰਘ ਬੱਲ ਨੇ ਦੱਸਿਆ ਕਿ ਇਸ ਵਿਅਕਤੀ ਨੂੰ ਥਾਣਾ ਸੋਹਾਣਾ ਦੇ ਮੁੱਖ ਅਫ਼ਸਰ ਇੰਸਪੈਕਟਰ ਅਮਨਦੀਪ ਸਿੰਘ ਦੀ ਨਿਗਰਾਨੀ ਹੇਠ ਪੁਲਸ ਚੌਂਕੀ ਸਨੇਟਾ ਦੇ ਇੰਚਾਰਜ ਪ੍ਰਸ਼ਾਂਤ ਸ਼ਰਮਾ ਵੱਲੋਂ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਹ ਮਾਮਲਾ



ਕੁਲਦੀਪ ਸਿੰਘ ਗਿੱਲ ਅਤੇ ਉਸ ਦੇ ਸਾਥੀਆਂ ਜਸਪਾਲ ਸਿੰਘ ਉਰਫ਼ ਚਿੱਲ ਹਾਰਟ ਰਾਜ ਵਾਸੀ ਖੰਨਾ, ਨਵਜੋਤ ਸਿੰਘ ਤੇ ਮੇਹਰਜੋਤ ਸਿੰਘ ਦੇ ਖ਼ਿਲਾਫ਼ ਸ਼ਿਕਾਇਤਕਰਤਾ ਜਸਵਿੰਦਰ ਸਿੰਘ ਵਾਸੀ ਪਿੰਡ ਦੋੜਗ, ਯਮੁਨਾਨਗਰ ਵੱਲੋਂ ਵਿਦੇਸ਼ ਭੇਜਣ ਦੇ ਨਾਂ 'ਤੇ 54 ਲੱਖ 98 ਹਜ਼ਾਰ 250 ਰੁਪਏ ਦੀ ਠੱਗੀ ਮਾਰਨ ਸਬੰਧੀ ਮਾਮਲਾ ਦਰਜ ਕਰਵਾਇਆ ਸੀ। ਉਨ੍ਹਾਂ ਦੱਸਿਆ ਕਿ ਕੁਲਦੀਪ ਸਿੰਘ ਗਿੱਲ ਦੇ ਖ਼ਿਲਾਫ਼ ਲੋਕਾਂ ਨੂੰ ਵਿਦੇਸ਼ ਭੇਜਣ ਦੇ ਨਾਂ 'ਤੇ ਠੱਗੀ ਮਾਰਨ ਦੇ ਹੋਰ ਵੀ ਕਈ ਮਾਮਲੇ ਦਰਜ ਹਨ। ਪੁਲਸ ਵੱਲੋਂ ਕੁਲਦੀਪ ਸਿੰਘ ਗਿੱਲ ਨੂੰ ਅਦਾਲਤ 'ਚ ਪੇਸ਼ ਕਰਕੇ ਉਸ ਦਾ 2 ਦਿਨ ਦਾ ਪੁਲਸ ਰਿਮਾਂਡ ਹਾਸਲ ਕੀਤਾ ਗਿਆ ਹੈ। ਰਿਮਾਂਡ ਦੌਰਾਨ ਕੁਲਦੀਪ ਸਿੰਘ ਗਿੱਲ ਤੋਂ ਉਸ ਦੇ ਸਾਥੀਆਂ ਅਤੇ ਹੋਰ ਭੋਲੇ-ਭਾਲੇ ਲੋਕਾਂ ਨਾਲ ਵਿਦੇਸ਼ ਭੇਜਣ ਦੇ ਨਾਂ 'ਤੇ ਮਾਰੀਆਂ ਠੱਗੀਆਂ ਸਬੰਧੀ ਹੋਰ ਖ਼ੁਲਾਸੇ ਹੋਣ ਦੀ ਸੰਭਾਵਨਾ ਹੈ।

## ਨਸ਼ੀਲੀਆਂ ਗੋਲੀਆਂ ਸਪਲਾਈ ਕਰਨ ਜਾ ਰਿਹਾ ਸਮੱਗਲਰ ਕਾਬੂ, 2 ਹੈਰੋਇਨ ਸਮੇਤ ਗ੍ਰਿਫ਼ਤਾਰ

ਲੁਧਿਆਣਾ 12 ਨਵੰਬਰ। ਨਸ਼ੀਲੀਆਂ ਗੋਲੀਆਂ ਸਪਲਾਈ ਕਰਨ ਲਈ ਜਾ ਰਹੇ ਇੱਕ ਸਮੱਗਲਰ ਨੂੰ ਥਾਣਾ ਦੁੱਗਰੀ ਦੀ ਪੁਲਸ ਨੇ ਕਾਬੂ ਕਰ ਲਿਆ। ਪੁਲਸ ਨੇ ਜਾਂਚ ਦੌਰਾਨ ਮੁਲਜ਼ਮ ਤੋਂ 28 ਨਸ਼ੀਲੀਆਂ ਗੋਲੀਆਂ ਬਰਾਮਦ ਕੀਤੀਆਂ ਹਨ। ਮੁਲਜ਼ਮ ਖਿਲਾਫ ਨਸ਼ਾ ਸਮੱਗਲਿੰਗ ਦੇ ਦੋਸ਼ ਵਿਚ ਕੇਸ ਦਰਜ ਕੀਤਾ ਗਿਆ ਹੈ। ਮੁਲਜ਼ਮ ਦੀ ਪਛਾਣ ਭਾਈ ਹਿੰਮਤ ਸਿੰਘ ਨਗਰ ਦੇ ਰਹਿਣ ਵਾਲੇ ਸਿਮਰਜੀਤ ਸਿੰਘ ਉਰਫ ਸਿੰਮਾ ਵਜੋਂ ਕੀਤੀ ਗਈ ਹੈ। ਏ. ਐੱਸ. ਆਈ. ਸੁਖਦੇਵ ਰਾਜ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਸ਼ਹੀਦ ਭਗਤ ਸਿੰਘ ਨਗਰ ਵਿਚ 200 ਫੁੱਟਾ ਰੋਡ ਵਿਖੇ ਗਸ਼ਤ ਦੌਰਾਨ ਚੈਕਿੰਗ ਕਰ ਰਹੀ ਸੀ ਤਾਂ ਪੁਲਸ ਦੇ ਦੂਜੇ ਪਾਸੇ ਉਕਤ ਨੌਜਵਾਨ ਪੈਦਲ ਆ ਰਿਹਾ ਸੀ, ਜੋ ਕਿ ਪੁਲਸ ਪਾਰਟੀ ਨੂੰ ਦੇਖ ਕੇ ਘਬਰਾ ਗਿਆ। ਸ਼ੱਕ ਹੋਣ 'ਤੇ ਜਦੋਂ ਉਸ ਦੀ ਤਲਾਸ਼ੀ ਲਈ ਤਾਂ ਮੁਲਜ਼ਮਾਂ ਕੋਲੋਂ ਨਸ਼ੀਲੀਆਂ ਗੋਲੀਆਂ ਬਰਾਮਦ ਹੋਈਆਂ। ਜਾਂਚ ਅਧਿਕਾਰੀ ਨੇ ਦੱਸਿਆ ਕਿ ਮੁਲਜ਼ਮ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਇਸੇ ਤਰ੍ਹਾਂ ਥਾਣਾ ਡਵੀਜ਼ਨ ਨੰ. 6 ਦੀ ਪੁਲਸ ਨੇ ਹੈਰੋਇਨ ਸਪਲਾਈ ਕਰਨ ਜਾ ਰਹੇ ਨੌਜਵਾਨ ਨੂੰ 5 ਗ੍ਰਾਮ ਹੈਰੋਇਨ ਸਮੇਤ ਕਾਬੂ ਕਰ ਲਿਆ। ਪੁਲਸ ਨੇ ਮੁਲਜ਼ਮ ਦੀ ਪਛਾਣ ਮੁਹੱਲਾ ਪ੍ਰਭਾਤ ਨਗਰ ਦੇ ਰਹਿਣ ਵਾਲੇ ਮਨਦੀਪ ਸਿੰਘ ਉਰਫ ਗੋਲੂ ਵਜੋਂ ਕੀਤੀ ਹੈ। ਸਬ-ਇੰਸਪੈਕਟਰ ਜਸਵੰਤ ਸਿੰਘ ਨੇ ਦੱਸਿਆ ਕਿ ਮੁਲਜ਼ਮ ਨੂੰ ਗਸ਼ਤ ਦੌਰਾਨ ਚੈਕਿੰਗ ਕਰਦੇ ਹੋਏ ਸ਼ੱਕ ਦੇ ਆਧਾਰ 'ਤੇ ਰੋਕ ਕੇ ਜਾਂਚ ਤੋਂ ਬਾਅਦ ਕਾਬੂ ਕੀਤਾ ਗਿਆ। ਮੁਲਜ਼ਮ ਨੂੰ ਰਿਮਾਂਡ 'ਤੇ ਪੁੱਛਗਿੱਛ ਕੀਤੀ ਜਾ ਰਹੀ ਹੈ। ਇੱਕ ਹੋਰ ਮਾਮਲੇ 'ਚ ਥਾਣਾ ਡਵੀਜ਼ਨ ਨੰ. 5 ਦੀ ਪੁਲਸ ਨੇ ਹਕੀਕਤਪੁਰਾ ਕੋਲ ਚੈਕਿੰਗ ਦੌਰਾਨ ਇਕ ਨੌਜਵਾਨ ਨੂੰ 3 ਗ੍ਰਾਮ ਹੈਰੋਇਨ ਸਮੇਤ ਕਾਬੂ ਕਰ ਲਿਆ। ਪੁਲਸ ਨੇ ਮੁਲਜ਼ਮ ਦੀ ਪਛਾਣ ਮੁਹੱਲਾ ਸ਼ਾਮ ਨਗਰ ਦੇ ਰਹਿਣ ਵਾਲੇ ਸੰਦੀਪ ਉਰਫ ਭੰਗੂ ਵਜੋਂ ਕੀਤੀ ਹੈ।

## ਨਗਰ ਕੌਂਸਲ ਨੂੰ ਦੀਨਾਨਗਰ 'ਚ ਗੰਦਗੀ ਤੇ ਕੂੜੇ ਦੇ ਢੇਰਾਂ ਨੂੰ ਹਟਾਉਣ ਲਈ ਤੁਰੰਤ ਕਾਰਵਾਈ ਕਰਨ ਦੇ ਹੁਕਮ

**ਕੌਮੀ ਪਤ੍ਰਿਕਾ**

ਦੀਨਾਨਗਰ, ਦੋਰਾਂਗਲਾ 12 ਨਵੰਬਰ। ਦੀਨਾਨਗਰ ਨਗਰ ਕੌਂਸਲ ਦੇ ਵੱਖ-ਵੱਖ ਵਾਰਡਾਂ ਵਿਚ ਫੈਲੇ ਗੰਦਗੀ ਅਤੇ ਕੂੜੇ ਦੇ ਢੇਰਾਂ ਨੂੰ ਦੂਰ ਕਰਨ ਲਈ ਨਗਰ ਕੌਂਸਲ ਪ੍ਰਸ਼ਾਸਨ ਨੂੰ ਤੁਰੰਤ ਕਾਰਵਾਈ ਕਰਨ ਲਈ ਕਿਹਾ ਗਿਆ ਹੈ। ਇਸ ਸਬੰਧ ਵਿਚ, ਇਲਾਕੇ ਦੀ ਵਿਧਾਇਕਾ ਅਰੁਣਾ ਚੌਧਰੀ ਨੇ ਨਗਰ ਕੌਂਸਲ ਦੇ ਕਾਰਜਕਾਰੀ ਅਧਿਕਾਰੀ ਅਤੇ ਹੋਰ ਸੀਨੀਅਰ ਅਧਿਕਾਰੀਆਂ ਨੂੰ ਇਕ ਪੱਤਰ ਭੇਜਿਆ ਹੈ, ਜਿਸ ਵਿਚ ਸ਼ਹਿਰ ਦੀ ਸਫਾਈ ਪ੍ਰਣਾਲੀ ਦੀ ਗੰਭੀਰ ਸਥਿਤੀ 'ਤੇ ਚਿੰਤਾ ਪ੍ਰਗਟ ਕੀਤੀ ਹੈ। ਉਨ੍ਹਾਂ ਅਧਿਕਾਰੀਆਂ ਨੂੰ ਤੁਰੰਤ ਕਾਰਵਾਈ ਕਰਨ ਦੇ ਨਿਰਦੇਸ਼ ਜਾਰੀ ਕੀਤੇ ਹਨ। ਉਨ੍ਹਾਂ ਲਿਖਿਆ ਹੈ ਕਿ ਸ਼ਹਿਰ ਦੇ ਕਈ ਇਲਾਕਿਆਂ ਵਿਚ ਲੰਬੇ ਸਮੇਂ ਤੋਂ ਕੂੜੇ ਦੇ ਜਮ?ਹਾਂ ਹੋਣ, ਬਦਬੂ ਆਉਣ ਅਤੇ ਮੱਛਰਾਂ ਦੇ ਹਮਲੇ ਕਾਰਨ ਨਗਰ ਕੌਂਸਲ ਦੀ ਸਫਾਈ ਪ੍ਰਣਾਲੀ ਪੂਰੀ ਤਰ੍ਹਾਂ ਢਹਿ ਗਈ ਹੈ। ਕਈ ਵਾਰਡਾਂ ਵਿਚ ਕੂੜਾ ਇਕੱਠਾ ਕਰਨ ਦਾ ਕੰਮ ਨਿਯਮਿਤ ਤੌਰ 'ਤੇ ਨਹੀਂ ਕੀਤਾ ਜਾ ਰਿਹਾ ਹੈ, ਜਿਸ ਕਾਰਨ ਵਸਨੀਕਾਂ ਨੂੰ ਕਾਫ਼ੀ ਪ੍ਰੇਸ਼ਾਨੀ ਹੋ




ਰਹੀ ਹੈ। ਪੱਤਰ 'ਚ ਕਿਹਾ ਗਿਆ ਹੈ ਕਿ ਦੀਨਾਨਗਰ ਨਗਰ ਕੌਂਸਲ ਦੇ ਕਾਰਜਕਾਰੀ ਅਧਿਕਾਰੀ ਨੂੰ ਤੁਰੰਤ ਮੌਕੇ 'ਤੇ ਨਿਰੀਖਣ ਕਰਨ ਅਤੇ ਸਾਰੇ ਪ੍ਰਭਾਵਿਤ ਇਲਾਕਿਆਂ 'ਚੋਂ ਕੂੜਾ ਹਟਾਉਣ ਲਈ ਇਕ ਵਿਸ਼ੇਸ਼ ਸਫਾਈ ਮੁਹਿੰਮ ਸ਼ੁਰੂ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਪੱਤਰ ਵਿਚ ਇਹ ਵੀ ਜ਼ਿਕਰ ਕੀਤਾ ਗਿਆ ਹੈ ਕਿ ਗੰਦਗੀ ਅਤੇ ਪਾਣੀ ਭਰਨ ਨਾਲ ਮਲੇਰੀਆ, ਡੇਂਗੂ ਅਤੇ ਹੋਰ ਛੂਤ ਦੀਆਂ ਬਿਮਾਰੀਆਂ ਦਾ ਖ਼ਤਰਾ ਵਧ ਗਿਆ ਹੈ। ਸਥਾਨਕ ਵਸਨੀਕ ਇਸ ਸਮੱਸਿਆ ਤੋਂ ਬਹੁਤ ਪ੍ਰੇਸ਼ਾਨ ਹਨ, ਅਤੇ ਵਾਰ-ਵਾਰ ਸ਼ਿਕਾਇਤਾਂ ਦੇ ਬਾਵਜੂਦ, ਕੋਈ ਢੁਕਵੀਂ ਕਾਰਵਾਈ ਨਹੀਂ ਕੀਤੀ ਗਈ ਹੈ। ਪੱਤਰ 'ਚ ਕਾਰਜਕਾਰੀ ਅਧਿਕਾਰੀ ਨੂੰ ਸਫਾਈ ਸਮੱਸਿਆ ਦੇ ਸਥਾਈ ਹੱਲ ਨੂੰ ਯਕੀਨੀ ਬਣਾਉਣ ਲਈ ਕੀਤੀ ਗਈ ਕਾਰਵਾਈ ਦੀ ਵਿਸਤ੍ਰਿਤ ਰਿਪੋਰਟ ਜਲਦੀ ਪੇਸ਼ ਕਰਨ ਲਈ ਵੀ ਕਿਹਾ ਗਿਆ ਹੈ।

## ਖ਼ਾਲੀ ਪਲਾਟਾਂ ਦੇ ਮਾਲਕਾਂ ਲਈ ਖ਼ਤਰੇ ਦੀ ਘੰਟੀ ! ਜਾਰੀ ਹੋ ਗਏ ਨਵੇਂ ਹੁਕਮ

ਫਾਜ਼ਿਲਕਾ/ਜਲਾਲਾਬਾਦ 12 ਨਵੰਬਰ। ਜ਼ਿਲ੍ਹਾ ਮੈਜਿਸਟ?ਰੇਟ ਅਮਰਪ੍ਰੀਤ ਕੌਰ ਸੰਧੂ ਨੇ ਭਾਰਤੀ ਨਾਗਰਿਕ ਸੁਰੱਖਿਆ ਸਹਿੰਤਾ 2023 ਦੀ ਧਾਰਾ-163 (ਪੁਰਾਣੀ ਸੀ. ਆਰ. ਪੀ. ਸੀ. 1973 ਦੀ ਧਾਰਾ 144) ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹਾ ਫਾਜ਼ਿਲਕਾ ਦੀ ਹਦੂਦ ਅੰਦਰ ਨਿੱਜੀ ਕਬਜ਼ੇ/ਮਾਲਕੀ ਵਾਲੇ ਖ਼ਾਲੀ ਪਏ ਪਲਾਟਾਂ 'ਚ ਕੂੜੇ ਕਰਕਟ, ਗੰਦਗੀ ਅਤੇ ਗੰਦੇ ਪਾਣੀ ਦੇ ਇਕੱਠੇ ਹੋਣ ਕਾਰਨ ਹੋਣ ਵਾਲੀਆਂ



ਬੀਮਾਰੀਆਂ ਦੇ ਬਚਾਅ ਲਈ ਅਗਾਊਂ ਢੁੱਕਵੇ ਪ੍ਰਬੰਧ ਯਕੀਨੀ ਬਣਾਉਣ ਦੇ ਹੁਕਮ ਦਿੱਤੇ ਹਨ। ਹੁਕਮ ਰਾਹੀਂ ਗੰਦਗੀ ਅਤੇ ਮੀਂਹ ਦੇ ਰੁੱਕੇ ਹੋਏ ਗੰਦੇ ਪਾਣੀ ਦੀ ਤੁਰੰਤ ਸਾਫ-ਸਫ਼ਾਈ ਆਪਣੇ ਪੱਧਰ 'ਤੇ ਕਰਵਾਉਣੀ ਯਕੀਨੀ ਬਣਾਉਣਗੇ। ਆਪਣੀ ਮਾਲਕੀ /ਕਬਜੇ ਵਾਲੇ ਖ਼ਾਲੀ ਪਲਾਟ ਦੇ ਆਲੇ-ਦੁਆਲੇ ਪੱਕੀ ਚਾਰ ਦੀਵਾਰੀ ਜਾਂ ਫੈਂਸਿੰਗ (ਤਾਰਬੰਦੀ) ਕਰਵਾਉਣੀ ਯਕੀਨੀ ਬਣਾਈ ਜਾਵੇ ਤਾਂ ਜੋ ਪਲਾਟ 'ਚ ਕੂੜਾ ਕਰਕਟ ਇੱਕਠਾ ਹੋਣ ਤੋਂ ਰੋਕਿਆ ਜਾਵੇ। ਵਿਅਕਤੀਆਂ ਦੀ ਮਾਲਕੀ/ਕਬਜ਼ੇ ਅਧੀਨ ਖ਼ਾਲੀ ਪਏ ਪਲਾਟਾਂ 'ਚ ਕੂੜਾ-ਕਰਕਟ, ਗੰਦਗੀ ਗੰਦਾ ਪਾਣੀ ਇੱਕਠਾ ਹੋਣ ਨਾਲ ਕਈ ਤਰ੍ਹਾਂ ਦੇ ਨੁਕਸਾਨਦਾਇਕ ਜੀਵ ਜੰਤੂ ਪੈਦਾ ਹੁੰਦੇ ਹਨ, ਜੋ ਕਿ ਵੱਖ-ਵੱਖ ਬੀਮਾਰੀਆਂ (ਡੇਂਗੂ, ਮਲੇਰੀਆ, ਚਿਕਨਗੁਨੀਆ ਆਦਿ) ਫੈਲਾਉਂਦੇ ਹਨ।

## ਚੰਡੀਗੜ੍ਹ 'ਚ ਹੋਟਲ ਮਾਲਕ ਦੇ ਘਰ ਅੰਨ੍ਹੇਵਾਹ ਚੱਲੀਆਂ ਗੋਲੀਆਂ, ਪੁਲਸ ਨੇ ਸੀਲ ਕੀਤਾ ਇਲਾਕਾ

ਚੰਡੀਗੜ੍ਹ 12 ਨਵੰਬਰ। ਚੰਡੀਗੜ੍ਹ ਦੇ ਸੈਕਟਰ-38ਸੀ 'ਚ ਇਕ ਹੋਟਲ ਮਾਲਕ ਦੇ ਘਰ ਅੰਨ੍ਹੇਵਾਹ ਗੋਲੀਆਂ ਚੱਲਣ ਦੀ ਖ਼ਬਰ ਪ੍ਰਾਪਤ ਹੋਈ ਹੈ। ਫਿਲਹਾਲ ਪੁਲਸ ਥਾਣਾ-39 ਦੇ ਇੰਚਾਰਜ ਇੰਸਪੈਕਟਰ ਰਾਮਦਿਆਲ ਆਪਣੀ ਟੀਮ ਨਾਲ ਮੌਕੇ 'ਤੇ ਪੁੱਜੇ ਅਤੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਨੇ ਪੂਰੇ ਇਲਾਕੇ ਨੂੰ ਸੀਲ ਕਰ ਦਿੱਤਾ ਹੈ। ਜਾਣਕਾਰੀ ਮੁਤਾਬਕ ਸੈਕਟਰ-38ਸੀ ਸਥਿਕ ਕੋਠੀ 'ਤੇ ਅਣਪਛਾਤੇ ਬਦਮਾਸ਼ਾਂ ਨੇ ਫਾਇਰਿੰਗ ਕਰ ਦਿੱਤੀ। ਪੁਲਸ ਦੀ ਜਾਂਚ ਮੁਤਾਬਕ ਬਦਮਾਸ਼ਾਂ ਨੇ ਕੋਠੀ 'ਤੇ ਲਗਾਤਾਰ 4 ਰਾਊਂਡ ਫਾਇਰ ਕੀਤੇ, ਹਾਲਾਂਕਿ ਇਸ ਵਾਰਦਾਤ ਦੌਰਾਨ ਕਿਸੇ ਦੇ ਜ਼ਖਮੀ ਹੋਣ ਦੀ ਸੂਚਨਾ ਨਹੀਂ ਹੈ। ਪਤਾ ਲੱਗਾ ਹੈ ਕਿ ਜਿਸ ਕੋਠੀ 'ਤੇ ਫਾਇਰਿੰਗ ਹੋਈ ਹੈ, ਉਹ ਮਨਜੀਤ ਨਾਂ ਦੇ ਵਿਅਕਤੀ ਦੀ ਹੈ, ਜਿਸ ਦਾ ਮੋਹਾਲੀ 'ਚ ਇਕ ਹੋਟਲ ਹੈ। ਫਾਇਰਿੰਗ ਦੇ ਕਾਰਨਾਂ ਅਤੇ ਬਦਮਾਸ਼ਾਂ ਦੀ ਪਛਾਣ ਦਾ ਫਿਲਹਾਲ ਕੋਈ ਸੁਰਾਗ ਨਹੀਂ ਮਿਲਿਆ ਹੈ। ਪੁਲਸ ਨੇ ਇਲਾਕੇ ਦੇ ਸਾਰੇ ਐਂਟਰੀ ਅਤੇ ਐਗਜ਼ਿਟ ਪੁਆਇੰਟਾਂ 'ਤੇ ਨਾਕੇਬੰਦੀ ਕਰ ਦਿੱਤੀ ਹੈ।

## ਮੈਂਬਰ ਪੰਚਾਇਤ ਦੇ ਲਾਪਤਾ ਭਰਾ ਦੀ ਕਮਾਦ 'ਚੋਂ ਮਿਲੀ ਲਾਸ਼, ਪਿੰਡ 'ਚ ਦਹਿਸ਼ਤ

ਝਬਾਲ 12 ਨਵੰਬਰ। ਪੁਲਸ ਥਾਣਾ ਝਬਾਲ ਅਧੀਨ ਆਉਂਦੇ ਪਿੰਡ ਮੂਸੇ ਵਿਖੇ ਇਕ ਮੌਜੂਦਾ ਮੈਂਬਰ ਪੰਚਾਇਤ ਦੇ ਭਰਾ ਜੋ ਬੀਤੇ ਕੱਲ ਤੋਂ ਸ਼ੱਕੀ ਹਾਲਾਤ 'ਚ ਲਾਪਤਾ ਸੀ ਦੀ ਅੱਜ ਕਮਾਦ ਦੇ ਖੇਤਾਂ ਵਿੱਚੋਂ ਮਿਲਣ ਨਾਲ ਇਲਾਕੇ ਵਿਚ ਦਹਿਸ਼ਤ ਪੈਦਾ ਹੋ ਗਈ। ਪ੍ਰਾਪਤ ਜਾਣਕਾਰੀ ਅਨੁਸਾਰ ਮ੍ਰਿਤਕ ਦੇ ਲੜਕੇ ਗੁਰਮੇਜ ਸਿੰਘ ਨੇ ਦੱਸਿਆ ਕਿ ਮੇਰੇ ਪਿਤਾ ਜਸਵੰਤ ਸਿੰਘ ਪੁੱਤਰ ਤਾਰਾ ਸਿੰਘ ਪਿੰਡ ਮੂਸੇ ਕਲਾ ਜੋ ਕੱਲ ਸ਼ਾਮ ਆਪਣੇ ਖੇਤਾਂ ਵਿਚ ਫਿਰਦੀ ਅਵਾਰਾ ਗਾਂ ਨੂੰ ਕਿਤੇ ਛੱਡਣ ਗਿਆ, ਪ੍ਰੰਤੂ ਮੁੜਕੇ ਵਾਪਸ ਨਹੀਂ ਆਇਆ ਜਿਸ ਨੂੰ ਕੱਲ ਦਾ ਪਰਿਵਾਰ ਲੱਭ ਰਿਹਾ ਸੀ। ਅੱਜ ਸਵੇਰੇ ਜਦੋਂ ਉਨ੍ਹਾਂ ਕਮਾਦ ਦੇ ਖੇਤ ਜੋ ਘਰ ਤੋਂ ਥੋੜੀ ਦੂਰ ਸਨ ਵਿਚ ਵੇਖਿਆ ਤਾਂ ਕਮਾਦ ਵਿਚ ਜਸਵੰਤ ਸਿੰਘ ਦੀ ਲਾਸ਼ ਪਈ ਸੀ ਜਿਸ ਦੇ ਸਿਰ ਵਿਚ ਸੱਟ ਦੇ ਨਿਸ਼ਾਨ ਸਨ ਅਤੇ ਨੇੜੇ ਹੀ ਉਹ ਅਵਾਰਾ ਗਾਂ ਬੰਨੀ ਸੀ ਜਿਸ ਨੂੰ ਉਹ ਛੱਡਣ ਚੱਲਿਆ ਸੀ। ਘਟਨਾ ਦਾ ਪਤਾ ਚੱਲਦਿਆਂ ਹੀ ਪੁਲਸ ਦੇ ਅਧਿਕਾਰੀ ਮੌਕੇ 'ਤੇ ਪਹੁੰਚ ਗਏ ਅਤੇ ਲਾਸ਼ ਨੂੰ ਕਬਜ਼ੇ ਵਿਚ ਲੈ ਕੇ ਕਾਨੂੰਨੀ ਕਾਰਵਾਈ ਆਰੰਭ ਕਰ ਦਿੱਤੀ। ਵਰਨਣਯੋਗ ਹੈ ਕਿ ਮ੍ਰਿਤਕ ਪਿੰਡ ਦੇ ਮੌਜੂਦਾ ਮੈਂਬਰ ਪੰਚਾਇਤ ਅਮਰੀਕ ਸਿੰਘ ਦਾ ਭਰਾ ਹੈ।

## ਟਰੇਨ ਦੀ ਵਿੰਡਸ਼ੀਲਡ ਨਾਲ ਟਕਰਾਇਆ ਬਾਜ਼ ਕੈਬਿਨ 'ਚ ਡਿੱਗਾ, ਡਰਾਈਵਰ ਜ਼ਖਮੀ

ਸ਼੍ਰੀਨਗਰ 12 ਨਵੰਬਰ। ਜੰਮੂ-ਕਸ਼ਮੀਰ ਦੇ ਅਨੰਤਨਾਗ ਜ਼ਿਲ੍ਹੇ ਵਿੱਚ ਇੱਕ ਬਾਜ਼ ਰੇਲਗੱਡੀ ਦੇ ਅਗਲੇ ਵਿੰਡਸ਼ੀਲਡ ਨਾਲ ਟਕਰਾ ਗਿਆ, ਜਿਸ ਤੋਂ ਬਾਅਦ ਉਹ ਟਰੇਨ ਡਰਾਈਵਰ ਦੇ ਕੈਬਿਨ ਵਿੱਚ ਜਾ ਡਿੱਗਿਆ। ਇਸ ਘਟਨਾ ਦੌਰਾਨ ਡਰਾਈਵਰ ਨੂੰ ਮਾਮੂਲੀ ਸੱਟਾਂ ਲੱਗੀਆਂ। ਇਸ ਘਟਨਾ ਦੀ ਜਾਣਕਾਰੀ ਅਧਿਕਾਰੀਆਂ ਵਲੋਂ ਦਿੱਤੀ ਗਈ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਅਧਿਕਾਰੀਆਂ ਨੇ ਦੱਸਿਆ ਕਿ ਇਹ ਘਟਨਾ ਬਿਜਬੇਹਾੜਾ ਅਤੇ ਅਨੰਤਨਾਗ ਰੇਲਵੇ ਸਟੇਸ਼ਨਾਂ ਦੇ ਵਿਚਕਾਰ ਬਾਰਾਮੂਲਾ-ਬਨਿਹਾਲ ਰੇਲਗੱਡੀ ਵਿਚ ਵਾਪਰੀ ਹੈ। ਉਨ੍ਹਾਂ ਕਿਹਾ ਕਿ ਟ?ਰੇਨ ਦੇ ਇੰਜਣ ਦੀ ਅਗਲੀ ਵਿੰਡਸ਼ੀਲਡ ਟੁੱਟਣ ਕਾਰਨ ਡਰਾਈਵਰ ਦੇ ਚਿਹਰੇ 'ਤੇ ਮਾਮੂਲੀ ਸੱਟਾਂ ਲੱਗੀਆਂ ਹਨ। ਹਾਲਾਂਕਿ, ਟੱਕਰ ਤੋਂ ਬਾਅਦ ਪੰਛੀ ਡਰਾਈਵਰ ਦੇ ਕੈਬਿਨ ਵਿੱਚ ਸੁਰੱਖਿਅਤ ਉਤਰ ਗਿਆ।

## ਅਦਾਲਤ ਦਾ ਵੱਡਾ ਫੈਸਲਾ ! ਨਾਬਾਲਗ ਨਾਲ ਜਬਰ-ਜ਼ਨਾਹ ਦੇ ਦੋਸ਼ੀ 25 ਸਾਲ ਕੈਦ ਦੀ ਸਜ਼ਾ ਸੁਣਾਈ

ਨੈਸ਼ਨਲ ਡੈਸਕ 12 ਨਵੰਬਰ। ਬਲੀਆ ਜ਼ਿਲ੍ਹੇ ਦੀ ਇੱਕ ਸਥਾਨਕ ਅਦਾਲਤ ਨੇ ਇੱਕ ਸਾਲ ਪੁਰਾਣੇ ਬਲਾਤਕਾਰ ਦੇ ਮਾਮਲੇ ਵਿੱਚ 11 ਸਾਲ ਦੀ ਬੱਚੀ ਦੇ ਚਾਚੇ ਨੂੰ ਦੋਸ਼ੀ ਠਹਿਰਾਉਂਦੇ ਹੋਏ 25 ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਇਸਤਗਾਸਾ ਪੱਖ ਦੇ ਅਨੁਸਾਰ, ਸਤਵੰਤ ਰਾਜਭਰ (24), ਜੋ ਕਿ 11 ਸਾਲ ਦੀ ਬੱਚੀ ਦਾ ਚਾਚਾ ਸੀ, ਨੇ ਪਿਛਲੇ ਸਾਲ 1 ਨਵੰਬਰ ਨੂੰ ਗਦਵਾਰ ਥਾਣਾ ਖੇਤਰ ਦੇ ਇੱਕ ਪਿੰਡ ਵਿੱਚ ਉਸਦੇ ਘਰ ਵਿੱਚ ਦਾਖਲ ਹੋ ਕੇ ਉਸ ਨਾਲ ਬਲਾਤਕਾਰ ਕੀਤਾ। ਲੜਕੀ ਦੀ ਦਾਦੀ ਦੀ ਸ਼ਿਕਾਇਤ ਦੇ ਆਧਾਰ 'ਤੇ, ਸਤਵੰਤ ਰਾਜਭਰ ਵਿਰੁੱਧ ਭਾਰਤੀ ਦੰਡ ਸੰਹਿਤਾ ਅਤੇ ਬੱਚਿਆਂ ਨੂੰ ਜਿਨਸੀ ਅਪਰਾਧਾਂ ਤੋਂ ਸੁਰੱਖਿਆ (ਪੋਕਸੋ) ਐਕਟ ਦੀਆਂ ਸਬੰਧਤ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਸੀ। ਜਾਂਚ ਤੋਂ ਬਾਅਦ ਪੁਲਸ ਨੇ ਦੋਸ਼ੀ ਵਿਰੁੱਧ ਅਦਾਲਤ ਵਿੱਚ ਦੋਸ਼ ਪੱਤਰ ਦਾਇਰ ਕੀਤਾ। ਪੁਲਸ ਸੁਪਰਡੈਂਟ ਓਮਵੀਰ ਸਿੰਘ ਨੇ ਸ਼ਨੀਵਾਰ ਨੂੰ ਕਿਹਾ ਕਿ ਦੋਵਾਂ ਧਿਰਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ, ਵਿਸ਼ੇਸ਼ ਜੱਜ ਪ੍ਰਥਮ ਕਾਂਤ ਦੀ ਅਦਾਲਤ ਨੇ ਸ਼ੁੱਕਰਵਾਰ ਨੂੰ ਸਤਵੰਤ ਨੂੰ ਦੋਸ਼ੀ ਠਹਿਰਾਇਆ ਤੇ ਉਸਨੂੰ 25 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਅਤੇ 35,000 ਰੁਪਏ ਦਾ ਜੁਰਮਾਨਾ ਲਗਾਇਆ।

## ਪਰਿਵਾਰ ਨੂੰ ਆਸਟਰੇਲੀਆ ਭੇਜਣ ਦੇ ਸੁਫ਼ਨੇ ਦਿਖਾ ਕੇ ਠੱਗ ਲਏ 10 ਲੱਖ ਰੁਪਏ

**ਕੌਮੀ ਪਤ੍ਰਿਕਾ**

ਲੁਧਿਆਣਾ 12 ਨਵੰਬਰ। ਪਰਿਵਾਰ ਨੂੰ ਆਸਟ?ਰੇਲੀਆ ਭੇਜਣ ਦੇ ਬਹਾਨੇ, ਇਕ ਦੋਸ਼ੀ ਨੇ ਪੀੜਤ ਦੇ ਪਰਿਵਾਰ ਨਾਲ 10 ਲੱਖ ਰੁਪਏ ਦੀ ਠੱਗੀ ਮਾਰੀ, ਪਰ ਨਾ ਤਾਂ ਪਰਿਵਾਰ ਨੂੰ ਵਿਦੇਸ਼ ਭੇਜਿਆ ਅਤੇ ਨਾ ਹੀ ਪੈਸੇ ਵਾਪਸ ਕੀਤੇ। ਪੀੜਤ ਜਤਿੰਦਰ ਸਿੰਘ, ਜੋ ਕਿ ਹਰਿਆਣਾ ਦੇ ਫਤਿਹਾਬਾਦ ਦਾ ਰਹਿਣ ਵਾਲਾ ਹੈ, ਨੇ ਲੁਧਿਆਣਾ ਪੁਲਸ ਸਟੇਸ਼ਨ ਡਿਵੀਜ਼ਨ ਨੰਬਰ 5 ਵਿਖੇ ਸ਼ਿਕਾਇਤ ਦਰਜ ਕਰਵਾਈ। ਪੀੜਤ ਜਤਿੰਦਰ ਸਿੰਘ ਨੇ ਦੱਸਿਆ ਕਿ ਉਹ ਹਰਿਆਣਾ ਦੇ ਫਤਿਹਾਬਾਦ ਇਲਾਕੇ ਵਿਚ ਰਹਿੰਦਾ ਹੈ, ਜਿੱਥੇ ਉਹ ਖੇਡ ਵਿਭਾਗ ਵਿਚ ਕੰਮ ਕਰਦਾ ਹੈ। ਉਸ ਦੀ ਮੋਹਾਲੀ ਦੇ ਰਹਿਣ ਵਾਲੇ ਗਗਨ ਨਾਂ ਦੇ ਇਕ ਵਿਅਕਤੀ ਨਾਲ ਲੰਬੇ ਸਮੇਂ ਤੋਂ ਜਾਣ-ਪਛਾਣ ਸੀ, ਜਿਸ ਨੇ ਉਸ ਨੂੰ ਵਿਦੇਸ਼ ਯਾਤਰਾ ਦਾ ਪ੍ਰਬੰਧ ਕਰਨ ਲਈ ਲੁਧਿਆਣਾ ਦੇ ਚਿਰਾਗ ਕਪੂਰ ਨਾਲ ਸੰਪਰਕ ਕਰਵਾਇਆ। ਹਾਲਾਂਕਿ, ਉਸ ਨੂੰ ਇਹ ਨਹੀਂ ਪਤਾ ਸੀ ਕਿ ਗਗਨ ਅਤੇ ਚਿਰਾਗ ਨੇ ਉਸ ਨੂੰ ਵਿਦੇਸ਼ ਭੇਜਣ ਦੀ ਆੜ ਵਿ ਚ ਉਸਨੂੰ ਧੋਖਾ ਦੇਣ ਦੀ ਸਾਜ਼ਿਸ਼ ਰਚੀ ਸੀ। ਲਗਭਗ ਇਕ ਸਾਲ ਪਹਿਲਾਂ, ਉਸ ਨੇ ਗਗਨ ਕੋਲ ਆਸਟ?ਰੇਲੀਆ ਜਾਣ ਦੀ ਇੱਛਾ ਪ੍ਰਗਟ ਕੀਤੀ, ਅਤੇ ਗਗਨ ਰਾਹੀਂ, ਉਹ ਲੁਧਿਆਣਾ ਦੇ ਚਿਰਾਗ ਕਪੂਰ ਨਾਲ ਜੁੜ ਗਿਆ। ਚਿਰਾਗ ਨੂੰ ਆਸਟ?ਰੇਲੀਆ ਭੇਜਣ ਦੇ ਬਦਲੇ, ਉਸ ਨੇ 3 ਲੱਖ ਨਕਦ ਅਤੇ 6 ਲੱਖ ਦੋ ਵੱਖ-ਵੱਖ ਬੈਂਕ ਖਾਤਿਆਂ ਵਿਚ ਜਮ?ਹਾ ਕਰਵਾਏ। ਉਸ ਨੇ ਪੁਲਸ ਨੂੰ ਰਿਕਾਰਡ ਪ੍ਰਦਾਨ ਕੀਤੇ ਹਨ। ਇਸ ਤੋਂ ਇਲਾਵਾ, ਉਸ ਨੇ ਚਿਰਾਗ ਦੇ ਕਹਿਣ 'ਤੇ 1 ਲੱਖ ਰੁਪਏ ਤੋਂ ਵੱਧ ਖਰਚ ਕੀਤੇ। ਦੋਸ਼ੀ ਫਰਵਰੀ 2025 ਤੱਕ ਉਸਨੂੰ ਧੋਖਾ ਦਿੰਦਾ ਰਿਹਾ। ਜਾਂਚ ਅਧਿਕਾਰੀ ਰਾਜਵਿੰਦਰ ਸਿੰਘ ਨੇ ਦੱਸਿਆ ਕਿ ਸੀਨੀਅਰ ਪੁਲਿਸ ਅਧਿਕਾਰੀਆਂ ਦੁਆਰਾ ਕੀਤੀ ਗਈ ਜਾਂਚ ਤੋਂ ਬਾਅਦ, ਪੀੜਤ ਜਤਿੰਦਰ ਸਿੰਘ ਦੇ ਬਿਆਨ ਦੇ ਆਧਾਰ 'ਤੇ ਚਿਰਾਗ ਕਪੂਰ ਵਿਰੁੱਧ ਮਾਮਲਾ ਦਰਜ ਕੀਤਾ ਗਿਆ ਹੈ। ਦੋਸ਼ੀ ਚਿਰਾਗ ਅਤੇ ਜਤਿੰਦਰ ਮੋਬਾਈਲ ਫੋਨ ਰਾਹੀਂ ਸੰਪਰਕ ਵਿੱਚ ਸਨ। ਫਿਲਹਾਲ, ਪੁਲਸ ਉਸ ਦੇ ਮੋਬਾਈਲ ਨੰਬਰ ਰਾਹੀਂ ਚਿਰਾਗ ਦੀ ਭਾਲ ਕਰ ਰਹੀ ਹੈ। ਦੋਸ਼ੀ ਨੂੰ ਜਲਦੀ ਹੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ।




## ਵਾਰਡ 41 ਵਿੱਚ ਗੁਰੂਦਵਾਰਾ ਮੀਰੀ ਪੀਰੀ ਸਾਹਿਬ ਨੂੰ ਜਾਣ ਵਾਲੀ ਨਵੀਂ ਸੜਕ ਦਾ ਉਦਘਾਟਨ

ਅੰਮ੍ਰਿਤਸਰ, 12 ਨਵੰਬਰ: ਵਿਧਾਇਕ ਡਾ. ਇੰਦਰਬੀਰ ਸਿੰਘ ਨਿੱਜਰ ਨੇ ਅੱਜ ਵਾਰਡ ਨੰਬਰ 41 ਵਿੱਚ ਗੁਰੂਦਵਾਰਾ ਮੀਰੀ ਪੀਰੀ ਸਾਹਿਬ ਨੂੰ ਜਾਣ ਵਾਲੀ ਨਵੀਂ ਸੜਕ ਦਾ ਉਦਘਾਟਨ ਕੀਤਾ। ਉਨਾਂ ਇਸ ਮੌਕੇ ਇਲਕਾ ਨਿਵਾਸੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਸ ਨਵੀਂ ਸੜਕ ਦੇ ਨਿਰਮਾਣ ਨਾਲ ਸਥਾਨਕ ਨਿਵਾਸੀਆਂ ਨੂੰ ਆਵਾਜਾਈ ਵਿੱਚ ਵੱਡੀ ਸੁਵਿਧਾ ਪ੍ਰਾਪਤ ਹੋਵੇਗੀ ਅਤੇ ਇਹ ਰਾਹ ਲੋਕਾਂ ਦੀ ਸੁਰੱਖਿਆ ਤੇ ਆਸਾਨ ਪਹੁੰਚ ਲਈ ਇੱਕ ਮਹੱਤਵਪੂਰਣ ਕਦਮ ਸਾਬਤ ਹੋਵੇਗਾ। ਡਾ. ਨਿੱਜਰ ਨੇ ਕਿਹਾ ਕਿ ਮੇਰੀ ਲਗਾਤਾਰ ਕੋਸ਼ਿਸ਼ ਹੈ ਕਿ ਇਲਾਕੇ ਦੇ ਲੋਕਾਂ ਦੀਆਂ ਸਮੱਸਿਆਵਾਂ ਦਾ ਮੁਕੰਮਲ ਅਤੇ ਪੱਕਾ ਹੱਲ ਕੀਤਾ ਜਾਵੇ ਅਤੇ ਇਸ ਲਈ ਇਹ ਯਕੀਨੀ ਬਣਾਇਆ ਜਾ ਰਿਹਾ ਹੈ ਕਿ ਹਲਕੇ ਦੀ ਹਰ ਗਲੀ, ਹਰ ਸੜਕ ਅਤੇ ਹਰ ਇਲਾਕੇ ਵਿੱਚ ਵਿਕਾਸ ਦੇ ਕੰਮ ਸਮੇਂ ਸਿਰ ਤੇ ਗੁਣਵੱਤਾ ਨਾਲ ਪੂਰੇ ਕੀਤੇ ਜਾਣ। ਡਾ. ਨਿੱਜਰ ਨੇ ਕਿਹਾ ਕਿ ਸਾਡੀ ਸਰਕਾਰ ਆਮ ਲੋਕਾਂ ਦੀ ਸਰਕਾਰ ਹੈ ਤੇ ਆਮ ਲੋਕਾਂ ਲਈ ਕੰਮ ਕਰਨ ਵਿੱਚ ਕਿਸੇ ਵੀ ਤਰ੍ਹਾਂ ਦੀ ਕੋਈ ਰੁਕਾਵਟ ਨਹੀਂ ਆਉਂਦੀ। ਉਹਨਾਂ ਕਿਹਾ ਕਿ ਇਲਾਕੇ ਦਾ ਵਿਕਾਸ ਮੇਰੀ ਪਹਿਲੀ ਤਰਜੀਹੀ ਹੈ। ਉਹਨਾਂ ਅਧਿਕਾਰੀਆਂ ਨੂੰ ਮੁਖਾਤਿਬ ਹੁੰਦੇ ਕਿਹਾ ਕਿ ਤੁਸੀਂ ਜੀਅ ਜਾਨ ਨਾਲ ਕੰਮ ਕਰੋ, ਤੁਹਾਨੂੰ ਪੈਸੇ ਜਾਂ ਹੋਰ ਸਾਧਨਾਂ ਪੱਖੋਂ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ?। ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਜੋ ਵੀ ਕਹਿੰਦੇ ਹਨ ਕਰਕੇ ਵਿਖਾਉਂਦੇ ਹਨ, ਉਹਨਾਂ ਦੇ ਕੀਤੇ ਹੋਏ ਕੰਮ ਬੋਲਦੇ ਹਨ ਅਤੇ ਤੁਸੀਂ ਜੋ ਵੀ ਇਲਾਕੇ ਦੀ ਲੋੜ ਅਨੁਸਾਰ ਮੰਗ ਰੱਖੋਗੇ ਮੈਂ ਪੂਰੀ ਕਰਵਾ ਕੇ ਦਿਆਂਗਾ।

## ਪ੍ਰੇਮ ਸਬੰਧਾਂ ਕਾਰਨ ਨੌਜਵਾਨ ਨੂੰ ਦਿੱਤੀ ਦਰਦਨਾਕ ਮੌਤ

**ਕੌਮੀ ਪਤ੍ਰਿਕਾ**

ਮੋਹਾਲੀ, ਚੰਡੀਗੜ੍ਹ 12 ਨਵੰਬਰ। ਮੋਹਾਲੀ ਦੇ ਕੁੰਭੜਾ ਤੋਂ 16 ਦਿਨਾਂ ਤੋਂ ਲਾਪਤਾ ਨੌਜਵਾਨ ਦੀ ਲਾਸ਼ ਸੋਮਵਾਰ ਰਾਤ ਸੈਕਟਰ-53 ਦੇ ਜੰਗਲ 'ਚ ਖੂਹ 'ਚੋਂ ਮਿਲੀ। ਸੂਚਨਾ ਮਿਲਦੇ ਹੀ ਸੈਕਟਰ-36 ਥਾਣਾ ਤੇ ਮੋਹਾਲੀ ਪੁਲਸ ਮੌਕੇ 'ਤੇ ਪਹੁੰਚੀ। ਚੰਡੀਗੜ੍ਹ ਪੁਲਸ ਨੇ ਲਾਸ਼ ਖੂਹ 'ਚੋਂ ਕੱਢ ਕੇ ਮੋਹਾਲੀ ਪੁਲਸ ਦੇ ਹਵਾਲੇ ਕਰ ਦਿੱਤੀ। ਮ੍ਰਿਤਕ ਦੀ ਪਛਾਣ ਅਨਿਲ ਕੁਮਾਰ ਚੌਹਾਨ ਵਜੋਂ ਹੋਈ ਹੈ। ਮੋਹਾਲੀ ਫੇਜ਼-8 ਥਾਣਾ ਪੁਲਸ ਨੇ ਕਤਲ ਕਰਨ ਵਾਲੇ ਕਜਹੇੜੀ ਦੇ 4 ਨੌਜਵਾਨਾਂ ਨੂੰ ਗ੍ਰਿਫ਼ਤਾਰ ਕਰ ਲਿਆ, ਜਿਨ੍ਹਾਂ ਦੀ ਨਿਸ਼ਾਨਦੇਹੀ 'ਤੇ ਹੀ ਲਾਸ਼ ਬਰਾਮਦ ਕੀਤੀ ਗਈ। ਮੁੱਢਲੀ ਜਾਂਚ 'ਚ ਸਾਹਮਣੇ ਆਇਆ ਕਿ ਅਨਿਲ ਦਾ ਕਜਹੇੜੀ ਦੀ ਕੁੜੀ ਨਾਲ ਪ੍ਰੇਮ ਪ੍ਰਸੰਗ ਸੀ। ਕੁੜੀ ਦੇ ਭਰਾ ਨੇ ਆਪਣੇ ਦੋਸਤਾਂ ਨਾਲ ਮਿਲ ਕੇ ਅਨਿਲ ਨੂੰ ਅਗਵਾ ਕਰਕੇ ਕਤਲ ਕਰ ਦਿੱਤਾ। ਮੋਹਾਲੀ ਪੁਲਸ ਮਾਮਲੇ ਦੀ ਜਾਂਚ ਕਰ ਰਹੀ ਹੈ। ਮਾਨਸਾ ਦੇ ਬੁਢਲਾਡਾ ਵਾਸੀ ਉਮੈਦ ਚੌਹਾਨ ਨੇ 14 ਅਕਤੂਬਰ ਨੂੰ ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਦੱਸਿਆ ਸੀ ਕਿ ਉਸਦਾ ਭਰਾ ਅਨਿਲ ਮੋਹਾਲੀ ਦੇ ਕੁੰਭੜਾ 'ਚ ਕਿਰਾਏ 'ਤੇ ਰਹਿੰਦਾ




ਹੈ ਅਤੇ ਫੇਜ਼-9 'ਚ ਬਲਿੰਕਿਟ ਸਟੋਰ 'ਚ ਕੰਮ ਕਰਦਾ ਹੈ। 15 ਅਕਤੂਬਰ ਨੂੰ ਉਸਦਾ ਭਰਾ ਮੋਟਰਸਾਈਕਲ 'ਤੇ ਘਰੋਂ ਨਿਕਲਿਆ ਸੀ ਪਰ ਵਾਪਸ ਨਹੀਂ ਆਇਆ। ਭਰਾ ਦੇ ਲਾਪਤਾ ਹੋਣ ਦੀ ਸ਼ਿਕਾਇਤ ਫੇਜ਼-8 ਪੁਲਸ ਥਾਣੇ 'ਚ ਦਿੱਤੀ। ਪੁਲਸ ਨੇ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ। ਪਰਿਵਾਰਕ ਮੈਂਬਰਾਂ ਨੇ ਪੁਲਸ ਨੂੰ ਦੱਸਿਆ ਕਿ ਅਨਿਲ ਦਾ ਕਜਹੇੜੀ ਦੀ ਕੁੜੀ ਨਾਲ ਪ੍ਰੇਮ ਪਸੰਗ ਚੱਲ ਰਿਹਾ ਸੀ। ਕੁੜੀ ਦੇ ਪਰਿਵਾਰਕ ਮੈਂਬਰਾਂ ਨੇ ਭਰਾ ਨੂੰ ਅਗਵਾ ਕਰਕੇ ਕਤਲ ਦੀ ਵਾਰਦਾਤ ਨੂੰ ਅੰਜਾਮ ਦਿੱਤਾ ਹੋਵੇਗਾ। ਪੁਲਸ ਨੇ ਅਨਿਲ ਦੀ ਕਾਲ ਡਿਟੇਲ ਅਤੇ ਲੋਕੇਸ਼ਨ ਹਾਸਲ ਕੀਤੀ। ਜਾਂਚ ਦੌਰਾਨ ਪੁਲਸ ਨੇ ਕਜਹੇੜੀ ਦੇ ਅਮਨ ਅਤੇ ਬਾਦਲ ਸਮੇਤ 4 ਨੌਜਵਾਨਾਂ ਨੂੰ ਹਿਰਾਸਤ 'ਚ ਲੈ ਕੇ ਪੁੱਛਗਿੱਛ ਕੀਤੀ। ਇਸ ਦੌਰਾਨ ਮੁਲਜ਼ਮਾਂ ਨੇ ਦੱਸਿਆ ਕਿ ਅਨਿਲ ਨੂੰ ਅਗਵਾ ਕਰ ਕੇ ਕਜਹੇੜੀ ਦੇ ਜੰਗਲ 'ਚ ਚਾਪਰ ਨਾਲ ਕਤਲ ਕਰਕੇ ਲਾਸ਼ ਸੈਕਟਰ-53 ਦੇ ਖੂਹ 'ਚ ਸੁੱਟ ਦਿੱਤੀ। ਮੋਹਾਲੀ ਪੁਲਸ ਨੇ ਮੁਲਜ਼ਮਾਂ ਦੀ ਨਿਸ਼ਾਨਦੇਹੀ 'ਤੇ ਸੋਮਵਾਰ ਰਾਤ ਅਨਿਲ ਦੀ ਲਾਸ਼ ਖੂਹ 'ਚੋਂ ਬਰਾਮਦ ਕੀਤੀ। ਉਸਦਾ ਚਿਹਰਾ ਸੁੱਜਿਆ ਹੋਇਆ ਸੀ ਅਤੇ ਚਾਪਰ ਮਾਰ ਕੇ ਉਸ ਦਾ ਕਤਲ ਕੀਤਾ ਗਿਆ ਸੀ। ਸੈਕਟਰ-36 ਥਾਣਾ ਪੁਲਸ ਵੀ ਮੌਕੇ 'ਤੇ ਪਹੁੰਚੀ। ਪੁਲਸ ਨੇ ਲਾਸ਼ ਮੋਹਾਲੀ ਪੁਲਸ ਨੂੰ ਸੌਂਪ ਦਿੱਤੀ। ਮੋਹਾਲੀ ਪੁਲਸ ਨੇ ਜਾਂਚ ਕੀਤੀ ਤਾਂ ਮ੍ਰਿਤਕ ਅਨਿਲ ਦੇ ਮੋਬਾਇਲ ਦੀ ਆਖ਼ਰੀ ਲੋਕੇਸ਼ਨ ਕਜਹੇੜੀ ਸਾਹਮਣੇ ਆਈ। ਇਸ ਦੇ ਬਾਅਦ ਸ਼ੱਕ ਯਕੀਨ 'ਚ ਬਦਲ ਗਿਆ ਤੇ ਪੁਲਸ ਤੁਰੰਤ ਮ੍ਰਿਤਕ ਦੀ ਪ੍ਰੇਮਿਕਾ ਤੱਕ ਪਹੁੰਚ ਗਈ।

**ਕੌਮੀ ਪਤ੍ਰਿਕਾ**

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਮੁਕਤਸਰ 'ਚ ਦੋ ਧਿਰਾਂ ਵਿਚਾਲੇ ਜ਼ਬਰਦਸਤ ਝੜਪ, ਅੰਨ੍ਹੇਵਾਹ ਫਾਇਰਿੰਗ

**ਕੌਮੀ ਪਤ੍ਰਿਕਾ**

ਸ੍ਰੀ ਮੁਕਤਸਰ ਸਾਹਿਬ 12 ਨਵੰਬਰ। ਸੋਮਵਾਰ ਦੀ ਰਾਤ ਕਰੀਬ ਸਵਾ ਅੱਠ ਵਜੇ ਬਰੀਵਾਲਾ ਵਿਚ ਪੁਰਾਣੀ ਰੰਜਿਸ਼ ਦੇ ਚੱਲਦੇ ਦੋ ਗੁੱਟਾਂ ਵਿਚ ਝਗੜਾ ਹੋ ਗਿਆ। ਵਿਵਾਦ ਇੰਨਾ ਵੱਧ ਗਿਆ ਕਿ ਇੱਕ ਪੱਖ ਦੇ ਵਿਅਕਤੀ ਨੇ ਦੂਜੇ 'ਤੇ ਛੇ ਫਾਇਰ ਕਰ ਦਿੱਤੇ। ਇਸ ਵਿਚ ਦੋ ਨੌਜਵਾਨਾਂ ਨੂੰ ਗੋਲੀਆਂ ਲੱਗੀਆਂ ਹਨ ਜਿਨ੍ਹਾਂ ਦਾ ਇਲਾਜ ਬਠਿੰਡਾ ਦੇ ਇਕ ਨਿੱਜੀ ਹਸਪਤਾਲ ਵਿਚ ਚੱਲ ਰਿਹਾ ਹੈ। ਜ਼ਖਮੀਆਂ ਦੀ ਪਛਾਣ ਬਾਲ ਸਿੰਘ ਪੁੱਤਰ ਗੁਰਨਾਮ ਸਿੰਘ ਵਾਸੀ ਬਰੀਵਾਲਾ ਅਤੇ ਰਣਵੀਰ ਸਿੰਘ ਵਾਸੀ ਜਲੰਧਰ ਵਜੋਂ ਹੋਈ ਹੈ। ਜ਼ਖਮੀਆਂ ਨੂੰ ਦੋ-ਦੋ ਗੋਲੀਆਂ ਲੱਗੀਆਂ ਹਨ। ਬਾਲ ਸਿੰਘ ਨੂੰ ਇਕ ਗੋਲੀ ਹੱਥ ਵਿਚ ਅਤੇ ਇਕ ਪੈਰ ਵਿਚ ਲੱਗੀ ਹੈ ਜਦਕਿ ਰਣਵੀਰ ਸਿੰਘ ਨੂੰ ਇਕ ਗੋਲੀ ਪਿੱਠ ਵਿਚ ਅਤੇ ਇਕ ਹੱਥ ਵਿਚ ਲੱਗੀ ਹੈ। ਉਧਰ ਪੁਲਸ ਨੇ ਮਾਮਲੇ ਵਿਚ ਗੋਲੀ ਚਲਾਉਣ ਵਾਲੇ ਇਕ ਦੋਸ਼ੀ ਵਿਰੁੱਧ ਕੇਸ



ਦਰਜ ਕਰ ਲਿਆ ਹੈ। ਜ਼ਖ਼ਮੀ ਬਾਲ ਸਿੰਘ ਦੇ ਪਿਤਾ ਗੁਰਨਾਮ ਸਿੰਘ ਨੇ ਦੱਸਿਆ ਕਿ ਦੋਵਾਂ ਜ਼ਖ਼ਮੀਆਂ ਦੀ ਹਾਲਤ ਠੀਕ ਹੈ। ਦੋਵਾਂ ਨੂੰ ਬਠਿੰਡਾ ਦੇ ਨਿੱਜੀ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ ਜਿੱਥੇ ਆਪਰੇਸ਼ਨ ਕੀਤਾ ਗਿਆ ਹੈ। ਗੁਰਨਾਮ ਸਿੰਘ ਨੇ ਦੱਸਿਆ ਕਿ ਲਗਭਗ ਛੇ ਮਹੀਨੇ ਪਹਿਲਾਂ ਢਾਣੀ ਕੁੰਡਾ ਸਿੰਘ ਦੇ ਮਨਪ੍ਰੀਤ ਸਿੰਘ ਪੁੱਤਰ ਹਰਜੀਤ ਸਿੰਘ ਨਾਲ ਉਸਦੇ ਪੁੱਤਰ ਦੀ ਕੁਝ ਬਹਿਸ ਹੋਈ ਸੀ ਪਰ ਬਾਅਦ ਵਿਚ ਉਨ੍ਹਾਂ ਦਾ ਰਾਜੀਨਾਮਾ ਹੋ ਗਿਆ ਸੀ। ਬੀਤੀ ਰਾਤ ਉਸਦਾ ਪੁੱਤਰ ਬਾਲ ਸਿੰਘ ਅਤੇ ਦੋਹਤਾ ਰਣਵੀਰ ਸਿੰਘ ਘਰੋਂ ਬਾਜ਼ਾਰ ਵੱਲ ਜਾ ਰਹੇ ਸਨ ਜਦੋਂ ਉਹ ਜੋੜਾ ਟਰਾਂਸਫਾਰਮਰ ਦੇ ਨੇੜੇ ਪਹੁੰਚੇ ਤਾਂ ਸਰਾਏਨਾਗਾ ਵੱਲੋਂ ਮਨਪ੍ਰੀਤ ਸਿੰਘ ਟਰੈਕਟਰ 'ਤੇ ਆ ਰਿਹਾ ਸੀ ਜਿੱਥੇ ਤਕਰਾਰ ਹੋ ਗਈ। ਪਹਿਲਾਂ ਮਨਪ੍ਰੀਤ ਨੇ ਉਸਦੇ ਪੁੱਤਰ ਅਤੇ ਦੋਹਤੇ 'ਤੇ ਟਰੈਕਟਰ ਚੜ੍ਹਾਉਣ ਦੀ ਕੋਸ਼ਿਸ਼ ਕੀਤੀ। ਗੁਰਨਾਮ ਸਿੰਘ ਨੇ ਦੋਸ਼ ਲਾਇਆ ਕਿ ਮੁਲਜ਼ਮ ਨਸ਼ੇ ਵਿਚ ਸੀ, ਜਿਸ ਨੇ ਆਪਣੇ ਪਿਸਤੌਲ ਨਾਲ ਫਾਇਰ ਕੀਤੇ ਜੋ ਬਾਲ ਸਿੰਘ ਅਤੇ ਰਣਵੀਰ ਸਿੰਘ ਨੂੰ ਲੱਗੇ। ਜਿਨ੍ਹਾਂ ਨੂੰ ਜ਼ਖ਼ਮੀ ਹਾਲਤ ਵਿਚ ਪਹਿਲਾਂ ਮੁਕਤਸਰ ਲਿਆਂਦਾ ਗਿਆ ਪਰ ਉਨ੍ਹਾਂ ਨੂੰ ਫਰੀਦਕੋਟ ਰੈਫਰ ਕਰ ਦਿੱਤਾ ਗਿਆ। ਬਰੀਵਾਲਾ ਥਾਣੇ ਦੇ ਜਾਂਚ ਅਧਿਕਾਰੀ ਏਐੱਸਆਈ ਇਕਬਾਲ ਸਿੰਘ ਨੇ ਦੱਸਿਆ ਕਿ ਮਾਮਲੇ ਵਿਚ ਮੁਲਜ਼ਮ ਮਨਪ੍ਰੀਤ ਸਿੰਘ ਵਿਰੁੱਧ ਐੱਫਆਈਆਰ ਦਰਜ ਕਰ ਲਈ ਗਈ ਹੈ। ਮੁਲਜ਼ਮ ਦੀ ਗ੍ਰਿਫ਼ਤਾਰੀ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ ਅਤੇ ਉਸਨੂੰ ਜਲਦੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

## ਸ਼ਰਾਬੀ ਵਿਅਕਤੀ ਦੀ ਕਾਰ ਨੇ ਕੇਰਲ ਦੇ ਮੰਤਰੀ ਦੀ ਗੱਡੀ ਨੂੰ ਟੱਕਰ ਮਾਰੀ

ਨੈਸ਼ਨਲ ਡੈਸਕ 12 ਨਵੰਬਰ। ਕੇਰਲ ਦੇ ਤਿਰੂਵਨੰਤਪੁਰਮ ਵਿੱਚ ਇੱਕ ਸ਼ਰਾਬੀ ਵਿਅਕਤੀ ਨੇ ਕਥਿਤ ਤੌਰ 'ਤੇ ਕੇਰਲ ਦੇ ਵਿੱਤ ਮੰਤਰੀ ਕੇ. ਐਨ. ਬਾਲਾਗੋਪਾਲ ਦੀ ਸਰਕਾਰੀ ਗੱਡੀ ਨੂੰ ਉਨ੍ਹਾਂ ਦੀ ਕਾਰ ਨਾਲ ਟੱਕਰ ਮਾਰ ਦਿੱਤੀ। ਪੁਲਸ ਨੇ ਐਤਵਾਰ ਨੂੰ ਇਹ ਜਾਣਕਾਰੀ ਦਿੱਤੀ। ਪੁਲਸ ਨੇ ਕਿਹਾ ਕਿ ਇਹ ਹਾਦਸਾ ਸ਼ਨੀਵਾਰ ਰਾਤ 10 ਵਜੇ ਦੇ ਕਰੀਬ ਵਾਮਨਪੁਰਮ ਵਿੱਚ ਵਾਪਰਿਆ ਜਦੋਂ ਮੰਤਰੀ ਆਪਣੀ ਸਰਕਾਰੀ ਕਾਰ ਵਿੱਚ ਕੋਟਾਰੱਕਰਾ ਤੋਂ ਤਿਰੂਵਨੰਤਪੁਰਮ ਜਾ ਰਹੇ ਸਨ। ਪੁਲਸ ਦੇ ਅਨੁਸਾਰ ਉਲਟ ਦਿਸ਼ਾ ਤੋਂ ਆ ਰਹੀ ਇੱਕ ਕਾਰ ਨੇ ਦੂਜੇ ਵਾਹਨ ਨੂੰ ਓਵਰਟੇਕ ਕਰਨ ਦੀ ਕੋਸ਼ਿਸ਼ ਕਰਦੇ ਹੋਏ ਪਹਿਲਾਂ ਸਾਹਮਣੇ ਵਾਲੀ ਕਾਰ ਨੂੰ ਟੱਕਰ ਮਾਰ ਦਿੱਤੀ ਅਤੇ ਫਿਰ ਕੰਟਰੋਲ ਗੁਆ ਦਿੱਤਾ ਅਤੇ ਮੰਤਰੀ ਦੀ ਗੱਡੀ ਦੇ ਅਗਲੇ ਹਿੱਸੇ ਨਾਲ ਟਕਰਾ ਗਈ। ਉਨ੍ਹਾਂ ਕਿਹਾ ਕਿ ਮੰਤਰੀ ਅਤੇ ਉਨ੍ਹਾਂ ਦੇ ਸਟਾਫ, ਜੋ ਹਾਦਸੇ ਸਮੇਂ ਕਾਰ ਵਿੱਚ ਸਨ, ਵਾਲ-ਵਾਲ ਬਚ ਗਏ, ਪਰ ਉਨ੍ਹਾਂ ਦੀ ਗੱਡੀ ਬੁਰੀ ਤਰ੍ਹਾਂ ਨੁਕਸਾਨੀ ਗਈ। ਹਾਦਸੇ ਤੋਂ ਬਾਅਦ, ਬਾਲਾਗੋਪਾਲ ਮੌਕੇ 'ਤੇ ਪਹੁੰਚੇ ਵਿਧਾਇਕ ਜੀ. ਸਟੀਫਨ ਦੀ ਗੱਡੀ ਵਿੱਚ ਤਿਰੂਵਨੰਤਪੁਰਮ ਲਈ ਰਵਾਨਾ ਹੋ ਗਏ। ਵੈਂਜਾਰਾਮੂਡੂ ਪੁਲਿਸ ਨੇ ਡਰਾਈਵਰ, ਮੈਥਿਊ ਥਾਮਸ (45), ਜੋ ਕਿ ਏਲੰਬੂਰ ਦਾ ਰਹਿਣ ਵਾਲਾ ਹੈ, ਨੂੰ ਹਿਰਾਸਤ ਵਿੱਚ ਲੈ ਲਿਆ ਹੈ।

## ਇਨਸਾਨੀਅਤ ਸ਼ਰਮਸਾਰ ! ਨਸ਼ੇੜੀ ਪਿਓ ਨੇ ਕੀਤੀ ਗੰਦੀ ਕਰਤੂਤ

ਨੈਸ਼ਨਲ ਡੈਸਕ 12 ਨਵੰਬਰ। ਉੱਤਰ ਪ੍ਰਦੇਸ਼ ਤੋਂ ਰਿਸ਼ਤਿਆਂ ਨੂੰ ਸ਼ਰਮਸਾਰ ਕਰਨ ਵਾਲੀ ਇਕ ਖ਼ਬਰ ਸਾਹਮਣੇ ਆ ਰਹੀ ਹੈ, ਜਿੱਥੋਂ ਦੇ ਬਿਜਨੌਰ ਜ਼ਿਲ੍ਹੇ ਦੇ ਕੀਰਤਪੁਰ ਇਲਾਕੇ ਵਿੱਚ 6 ਸਾਲ ਦੀ ਬੱਚੀ ਨਾਲ ਜਬਰ-ਜਨਾਹ ਕਰਨ ਦੇ ਦੋਸ਼ ਵਿੱਚ ਉਸ ਦੇ ਪਿਤਾ ਵਿਰੁੱਧ ਮਾਮਲਾ ਦਰਜ ਕੀਤਾ ਗਿਆ ਹੈ। ਮਾਮਲੇ ਦੀ ਜਾਣਕਾਰੀ ਦਿੰਦੇ ਹੋਏ ਦਰਜ ਰਿਪੋਰਟ ਦਾ ਹਵਾਲਾ ਦਿੰਦਿਆਂ ਵਧੀਕ ਪੁਲਿਸ ਸੁਪਰਡੈਂਟ ਕ੍ਰਿਸ਼ਨਾ ਗੋਪਾਲ ਸਿੰਘ ਨੇ ਦੱਸਿਆ ਕਿ ਸ਼ਨੀਵਾਰ ਸ਼ਾਮ ਨੂੰ ਕੀਰਤਪੁਰ ਥਾਣਾ ਖੇਤਰ ਦੇ ਇੱਕ ਪਿੰਡ ਵਿੱਚ ਇੱਕ ਨਸ਼ੇੜੀ ਨੇ ਆਪਣੀ 6 ਸਾਲ ਦੀ ਧੀ ਨਾਲ ਜਬਰ-ਜਨਾਹ ਕੀਤਾ।

## ਨਵੇਂ ਬਾਗ ਲਗਾਉਣ 'ਤੇ 24,500 ਰੁਪਏ ਤੋਂ 1,40,000 ਰੁਪਏ ਤੰਕ ਪ੍ਰਤੀ ਏਕੜ ਤੱਕ ਦਾ ਪ੍ਰਾਵਧਾਨ

ਚੰਡੀਗੜ੍ਹ, 12 ਨਵੰਬਰ - ਹਰਿਆਣਾ ਸਰਕਾਰ ਕਿਸਾਨਾਂ ਨੂੰ ਬਾਗਬਾਨੀ ਫਸਲਾਂ ਦੀ ਖੇਤੀ ਦੇ ਲਈ ਨਵੇਂ ਪ੍ਰਾਵਧਾਨ ਕਰ ਰਹੀ ਹੈ। ਇਸ ਦੇ ਲਈ ਕਿਸਾਨਾਂ ਨੂੰ ਬਾਗਬਾਨੀ, ਫਲਾਂ, ਸਬਜੀਆਂ, ਫੁੱਲਾਂ ਅਤੇ ਮਸਾਲਿਆਂ ਦੀ ਖੇਤੀ ਲਈ ਪ੍ਰੋਤਸਾਹਿਤ ਕੀਤਾ ਜਾ ਰਿਹਾ ਹੈ। ਉਦਯੋਗ ਵਿਭਾਗ ਦੇ ਇੱਕ ਬੁਲਾਰੇ ਨੇ ਇਸ ਸਬੰਧ ਵਿੱਚ ਵਿਸਤਾਰ ਜਾਣਕਾਰੀ ਦਿੰਦੇ ਹੋਏ ਦਸਿਆ ਕਿ ਬਾਗਬਾਨੀ ਖੇਤੀ ਵਿੱਚ ਫੱਲਾਂ ਦੇ ਨਵੇਂ ਬਾਗ ਲਗਾਉਣਾ, ਸਬਜੀਆਂ ਦੀ ਖੇਤੀ ਏਕੀਕ੍ਰਿਤ ਮਾਡਲ ਦੇ ਨਾਲ ਕਰਨਾ, ਫੱਲਾਂ ਦੀ ਖੇਤੀ, ਮਸਾਲਿਆਂ ਦੀ ਖੇਤੀ ਅਤੇ ਖੁਸ਼ਬੂਦਾਰ ਪੌਧਿਆ ਦੀ ਖੇਤੀ ਕਰਨਾ ਸ਼ਾਮਿਲ ਹਨ। ਉਨ੍ਹਾਂ ਨੇ ਦਸਿਆ ਕਿ ਇੰਨ੍ਹਾਂ ਮਸਾਲਿਆਂ ਦੀ ਖੇਤੀ ਲਈ ਕਿਸਾਨਾਂ ਨੂੰ ਗ੍ਰਾਂਟ ਵਜੋ ਨਵੇਂ ਬਾਗ ਲਗਾਉਣ 'ਤੇ 24,500 ਰੁਪਏ ਤੋਂ 1,40,000 ਰੁਪਏ ਤੱਕ ਪ੍ਰਤੀ ਏਕੜ, ਸਬਜੀਆਂ ਦੀ ਖੇਤੀ 'ਤੇ ਏਕੀਕ੍ਰਿਤ ਮਾਡਲ ਤਹਿਤ 15,000 ਰੁਪਏ ਪ੍ਰਤੀ ਏਕੜ, ਅਨੁਸੂਚਿਤ ਵਰਗ ਲਈ 25,500 ਰੁਪਏ ਪ੍ਰਤੀ ਏਕੜ, ਮਸਾਲਿਆਂ ਦੀ ਖੇਤੀ 'ਤੇ 15,000 ਰੁਪਏ ਤੋਂ 30,000 ਰੁਪਏ ਪ੍ਰਤੀ ਏਕੜ, ਫੁੱਲਾਂ ਦੀ ਖੇਤੀ 'ਤੇ 8,000 ਰੁਪਏ ਤੋਂ 40,000 ਰੁਪਏ ਪ੍ਰਤੀ ਏਕੜ ਅਤੇ ਖੁਸ਼ਬੂਦਾਰ ਪੌਧਿਆਂ ਦੀ ਖੇਤੀ 'ਤੇ 8,000 ਰੁਪਏ ਪ੍ਰਤੀ ਏਕੜ ਗ੍ਰਾਂਟ ਦਿੱਤਾ ਜਾਵੇਗਾ। ਗ੍ਰਾਂਟ ਦਾ ਭੁਗਤਾਨ ਸਿੱਧੇ ਕਿਸਾਨ ਦੇ ਖਾਤੇ ਵਿੱਚ ਕੀਤਾ ਜਾਵੇਗਾ। ਗ੍ਰਾਂਟ ਸਹਾਇਤਾ ਸੀਮਾ ਵੱਧ ਤੋਂ ਵੱਧ 5 ਏਕੜ ਤੱਕ ਹੀ ?ਦੱਤੀ ਜਾਵੇਗੀ। ਬੁਲਾਰੇ ਨੇ ਦਸਿਆ ਕਿ ਯੋਜਨਾਵਾਂ ਦਾ ਲਾਭ ਪ੍ਰਾਪਤ ਕਰਨ, ਬਿਨੈ ਪ੍ਰਕ੍ਰਿਆ ਤੇ ਗ੍ਰਾਂਟ ਖੇਤਰ ਸੀਮਾ ਲਈ ਕਿਸਾਨ ਮੇਰੀ ਫਸਲ, ਮੇਰਾ ਬਿਊਰਾ, ਹੋਰਟਨੇਟ ਪੋਰਟਲ 'ਤੇ ਰਜਿਸਟ?ਰੇਸ਼ਣ ਕਰ ਸਕਦੇ ਹਨ।


**NAME CHANGE**
I, PRITI DAS D/O DALIP KUMAR residing at D-293 J.J COLONY KHYALA, DELHI-110018 . have changed my name to PRITY DASS for all future purposes.

**NAME CHANGE**
I, S BHASKARA VIJAY KUMAR residing at-H NO-6-225/6, PADMANABHANAGAR, VENKATAPURAM, NEAR RAMALAYAM, VISAKHAPATNAM, ANDHRA PRADESH-530029, have changed my mother's name from SENAPATHI VENKATA RATNAM to SENAPATHI APPALA RATNAM for all future purposes vide Affidavit dated 16/07/2025 before Notary Public, Delhi.

**NAME CHANGE**
I, SWETA RAI BHUTIA Wife of No. 5458488P Rank-NK Name-TSHERING BHUTIA Presently residing at VILL-DURPIN GUMBA, PO-KALIMPONG, DISTT-KALIMPONG, WEST BENGAL-734301, have changed my name from SWETA RAI BHUTIA to SWETA RAI for all future purposes vide Affidavit dated 16/07/2025 before Notary Public, Delhi.

**NAME CHANGE**
I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

**NAME CHANGE**
I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

**NAME CHANGE**
I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

**NAME CHANGE**
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**PUBLIC NOTICE**
It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

**PUBLIC NOTICE**
It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR -2211-005020356. The actual name of mine is INDU CHAUHAN which may be amended accordingly

**PUBLIC NOTICE**
It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

**NAME CHANGE**
I, hitherto known as ASHISH KUMAR RATHOR S/O PURAN LAL R/O Q-48, RAJEEV NAGAR BEGUM PUR, NORTH WEST DELHI, DELHI-110086, have changed my name and shall hereafter be known as RAZA AHMED.

**NAME CHANGE**
It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

**PUBLIC NOTICE**
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**
I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

**NAME CHANGE**
I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

**NAME CHANGE**
I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

**NAME CHANGE**
I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

**NAME CHANGE**
I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

**NAME CHANGE**
I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

**NAME CHANGE**
I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

**NAME CHANGE**
It is for general information that I, DINDAYAL KAPIL S/o BANWAR LAL KAPIL, R/o RZ-12 G, Gali No. 3, Gandhi Market, New Delhi, West Sagar Pur, South West Delhi, Delhi - 110046, declare that name of mine has been wrongly written as DINDAYAL in my PPO No. 08/14/8/05982/1994. The actual name of mine is DINDAYAL KAPIL, which may be amended accordingly.

**PUBLIC NOTICE**
It is for general information that I, NIDHI AGGARWAL YADAV D/o VIRENDER KUMAR AGGARWAL, and Ex. Wife of AMIT YADAV, R/o H.No E-12, Hauz Khas, South West Delhi-110016, declare that I got divorce from my Ex. Husband AMIT YADAV vide Court Decree HMA No. 603/2019 dated 30 - 04-2019, further I have changed my name and shall hereafter be known as NIDHI AGGARWAL. I also have changed the name of my minor Son namely AAYAN YADAV, aged 16 years and my minor daughter namely ARSHIYA YADAV, aged 13 years and they shall hereafter be known as AAYAN AGGARWAL and ARSHIYA AGGARWAL respectively, which may be amended accordingly.

**NAME CHANGE**
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

**NAME CHANGE**
I, Sansare Amrut Narayan father of No.4580889H Rank-Hav Name Sansare Ravindra Amrut residing at Vill. Deolali Pravara, Tehsil - Rahuri, District.Ahilyanagar, Maharashtra - 413716 have changed my name from Sansare Amrut Narayan to Amrut Narayan Sansare vide affidavit dated 15.07.2025 executed before Notary Public, Delhi.

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.



**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.



**NAME CHANGE**
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

**NAME CHANGE**
I Suvita Rana(d/o.Shri Omvir Singh) wife of Vikram Singh Rana was Suvita Rani before Marriage. After marriage I am also known as Suvita Rana and as such in my daughter's educational certificate my name (as her mother) is endorsed as Suvita Rana. Thus I affirm and confirm that Suvita Rani (my maiden name) and Suvita Rana (my name having surname of my husband Vikram Singh Rana) is the same person.

**NAME CHANGE**
I, HASINA BEGAM KHAN W/O SALIM IQBAL KHAN R/O TAURU ROAD, MARIA MANJIL SCHOOL ,ARAVALY COLONY, NUH, MEWAT, HARYANA-122107 HAVE CHANGED MY NAME TO HASINA BEGAM FOR ALL PURPOSE.

**NAME CHANGE**
I, Sudama Sharma S/O Devi Ram Sharma,R/O A - 3/106 - 107 , Sector-16 Rohini, Rohini Sector 15, North West Delhi, Delhi - 110089, have changed the name of my minor son namely Yash Sharma aged 15 years and he shall hereafter be known as Aayush Sharma.

**NAME CHANGE**
I, S VANITHA W/o No. 14838283N Rank-HAV/MT Name-RAMESH P R/o VILL-SEDRAMPUTTU, PO-SEDRAMPUTTU, TEH-POLUR, DIST-THRUVANNAMALAI, TAMIL NADU-632315, have changed my name from S VANITHA to VANITHA R for all future purposes vide Affidavit dated 15/07/2025 before Notary Public, Kupwara.

**NAME CHANGE**
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**
I, SANJAY KUMAR CHOUDHARY S/o LATE SH. LAXMAN CHAUDHARY Permanent R/o Parsauni Khirodhar, Sitamarhi, Bihar-843325 and Presently Residing at Plot No. B-20, Second Floor, Dass Garden, Baprola Vihar, Najafgarh, New Delhi-110043. declare that name of mine has been wrongly written as SANJAY CHOUDHARY in my minor daughter namely SHIWANGI CHOUDHARY aged 17 years in her 10th class Marksheet. The actual name of mine is SANJAY KUMAR CHOUDHARY, which may be amended accordingly.

**NAME CHANGE**
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

**NAME CHANGE**
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

**PUBLIC NOTICE**
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained
**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**PUBLIC NOTICE**
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.
**ARJUN BIDHURI Advocate**
CH. NO.536, Saket Courts
New Delhi-110017.

**NAME CHANGE**
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.



**PUBLIC NOTICE**
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained
**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**PUBLIC NOTICE**
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.



**NAME CHANGE**
I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.



**NAME CHANGE**
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.



**ਉਤਰ ਰੇਲਵੇ**

**ਖੁਲ੍ਹੀ ਈ-ਨਿਵਿਦਾ ਸੂਚਨਾ**

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਸੀਨੀਅਰ ਮੰਡਲ ਇੰਜੀਨੀਅਰ-ਚਾਰ, ਉਤਰ ਰੇਲਵੇ, ਨਵੀਂ ਦਿੱਲੀ ਦੁਆਰਾ ਨਿਮਨ ਕੰਮ ਦੇ ਲਈ ਈ-ਟੈਂਡਰ ਦੇ ਮਾਧਿਅਮ ਨਾਲ ਨਿਵਿਦਾਵਾਂ ਦੀ ਮੰਗ ਕੀਤੀ ਜਾਂਦੀ ਹੈ।

| | | |
|---|---|---|
| 1. | ਕੰਮ ਦਾ ਨਾਮ | ਏਡੀਈਐਨ/ਆਰਓਕੇ, ਏਡੀਈਐਨ/ਜੇਐਚਆਈ ਅਤੇ ਏਡੀਈਐਨ/ਜੇਐਚਐਲ ਦੇ ਤਹਿਤ ਟ੍ਰੈਕ ਦੀ ਠੰਡ ਦੇ ਮੌਸਮ ਵਿਚ ਗਸ਼ਤ ਦੇ ਲਈ ਗਸ਼ਤੀ ਦਲ ਨੂੰ ਸੀਨੀਅਰ ਡੀਈਐਨ-IV ਦੇ ਤਹਿਤ 1 ਸਾਲ ਦੇ ਸਮੇਂ ਦੇ ਲਈ ਕੰਮ 'ਤੇ ਰਖਿਆ ਜਾਵੇਗਾ। |
| 2. | ਅੰਦਾਜਨ ਲਾਗਤ | (1) ₹ 2,67,45,651.52 |
| 3. | ਬਿਆਨਾ ਰਾਸ਼ੀ | (1) ₹ 2,83,700.00 |
| 4. | ਈ-ਨਿਵਿਦਾ ਖੋਹਲਣ ਅਤੇ ਪੇਸ਼ ਕਰਨ ਦੇ ਲਈ ਮਿਤੀ ਅਤੇ ਸਮਾਂ | ਈ-ਨਿਵਿਦਾ ਭਰਨ ਦਾ ਸਮਾਂ ਕੰਮ 11.11.2025 ਨੂੰ 15.00 ਵਜੇ ਤਕ ਪੇਸ਼ ਕਰਨ ਅਤੇ ਨਿਵਿਦਾ ਖੁਲਣ ਦਾ ਸਮਾਂ ਮਿਤੀ 03.12.2025 ਨੂੰ 15:00 ਵਜੇ। |
| 5. | ਨਿਵਿਦਾ ਦੀ ਵੈਬਸਾਈਟ ਜਿਥੇ ਨਿਵਿਦਾ ਫਾਰਮ ਖਰੀਦਿਆ ਜਾ ਸਕਦਾ ਹੈ | www.gem.gov.in 'ਤੇ ਉਪਲਬਧ ਹੈ। |

ਪੱਤਰ ਨੰਬਰ: 128-ਡਬਲੂ/260/ਨਿਵਿਦਾ ਸੂਚਨਾ/ਜੈਮ/2025/ਬੀ/6878576/25-26/ ਡਬਲੂ-ਚਾਰ ਮਿਤੀ: 11.11.2025 3504/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

**NAME CHANGE**
I hitherto known as JAGANATH KAPUR alias JAYANTI KAPUR W/o RAJ KUMAR KAPUR, R/o Near Dhingra Park, House No. 26, Road No. 14, East Punjabi Bagh, West Delhi, Delhi-110026, have changed my name and shall hereafter be known as JAYANTI KAPUR.

**NAME CHANGE**
It is for general information that I, VISHAL SONI S/o SUGHAR SINGH R/o 1338A/8, Gali No.-8, Nearby SK Depot, Govindpuri Kalkaji, Kalkaji, South Delhi, Delhi-110019, declare that name of mine has been wrongly written as VISHAL in my Driving Licence No. DL03 20090024443. The actual name of mine is VISHAL SONI, which may be amended accordingly.

**PUBLIC NOTICE**
Public notice is hereby given that my clients Mr. Sushil Kumar and Mr. Rajendra Kumar Tyagi both S/o Mr. Ved Prakash Tyagi, both R/o House No. 312, Saddiq Nagar, Near Auto Stand Sihani, Ghaziabad, Uttar Pradesh 201003, are owner of Residential Plot No. 43 & 44, area measuring 200 Square Yards i.e. 167.22 Square Meters out of Khasra No. 459, situated in the village Saddiq Nagar, Pargana Loni, Tehsil & District Ghaziabad, Uttar Pradesh, vide Khatauni Fasli Year 1427-1432 Calendar Year 2019-2024, it is pertinent to mention here that after the death of their father Mr. Ved Prakash Tyagi, they became the owner of the said property. My client is absolute owner of the said property which is free from encumbrance. The said property neither falls under acquisition nor falls under any litigation in any court of law. On date, being the absolute owner of the said property, my clients are going to sell the said property to Mrs. Deepika Singh W/o Mr. Krishna Kumar Singh. The same is going to be financed by PNB Housing Finance Ltd., branch Sahibabad, Ghaziabad, Uttar Pradesh. If any person(s) has/have any objection regarding the above said property, then kindly may submit his/her objection within 7 days from the date of the Notice in writing to undersigned or the said Bank/FI. The said objection may be kindly sent to the undersigned/bank by way of the Registered Post on the address given below and by E-mail. Failing which, the claim as per aforesaid shall be treated as null and void in respect of the subject property.
**[RUPESH KUMAR ROUSHAN]**
Advocate
D-803, Nandgram,
Ghaziabad,
Uttar Pradesh 201003
roushan.rupesh@gmail.com

**NAME CHANGE**
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

**NAME CHANGE**
I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.



**NAME CHANGE**
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.



**NAME CHANGE**
I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

**NAME CHANGE**
I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

**NAME CHANGE**
I, Anupama D/o Pradeep Kumar R/o D-754/A, Gali No.1, Ashok Nagar, Shahdara, Delhi-110093 have changed my name to Anupama Chaudhary.



**NAME CHANGE**
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.



**PUBLIC NOTICE**
My client Gokul Chand S/o Prabhu Ram and his Wife Maya, H.No- 83, 84, F-4 Block, Sultanpuri, New Delhi- 86, has severed all his relations & connections from his Son Rajesh Kumar & disowned his from her all movable and immovable properties. My client shall not be responsible for his any acts.
**Shyam Sharma (Adv)**

**PUBLIC NOTICE**
I, IMRAJ S/o SHAKIL, R/o B-29, Nanda Road Adarsh Nagar North West Delhi-110033, do hereby solemnly affirm and declare that I have embraced HINDUISM RELIGION and renounced ISLAM RELIGION with effect from 07.06.2025

**NAME CHANGE**
I, IMRAJ S/o SHAKIL, R/o B-29, Nanda Road Adarsh Nagar North West Delhi-110033 have changed my name to RINKU THAKUR

**NAME CHANGE**
I, VANDANA is legally spouse of No. 15671777K Rank-HAV Name AMIT KUMAR AWASTHI, R/O H NO.-920, KESOOR, PO- KESOOR, DIST-DHAR, MADHYA PRADESH-454001 have changed my name from VANDANA to VANDANA AWASTHI for all future purposes. Vide Affidavit Dated 16/07/2025, Before Notary Public New Delhi.

**NAME CHANGE**
I, SALMA KHATUN is legally spouse of No. 15692253W Rank-HAV Name MURTUJA ALI, R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my name from SALMA KHATUN to SALMA KHATOON for all future purposes. Vide Affidavit Dated 16/07/2025 Before Notary Public New Delhi.

**NAME CHANGE**
I, No. 15692253W Rank-HAV Name MURTUJA ALI, S/o LATE ZABBER ANSARI R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my minor son name from MOHAMAD ALI to MOHAMMAD ALI for all future purposes. Vide Affidavit Dated 16/07/2025 Before Notary Public New Delhi.

**NAME CHANGE**
I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

**NAME CHANGE**
I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHONNAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

**NAME CHANGE**
I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

**NAME CHANGE**
I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

**NAME CHANGE**
I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

**NAME CHANGE**
I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

**NAME CHANGE**
I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.



**PUBLIC NOTICE**
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.
**ARJUN BIDHURI Advocate**
CH. NO.536, Saket Courts
New Delhi-110017.

**NAME CHANGE**
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**NAME CHANGE**
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.



**NAME CHANGE**
I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

**NAME CHANGE**
I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

**NAME CHANGE**
I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

**NAME CHANGE**
I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

**PUBLIC NOTICE**
MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES
**PINKI LAMBA MANN**
ADVOCATE
OFF. A-205A, NORTH EX.MALL, SECTOR-9, ROHINI, NEW DELHI

# ਗੁਰੂਗ੍ਰਾਮ ਨੂੰ ਜਾਮ ਮੁਕਤ ਅਤੇ ਸੁਗਮ ਆਵਾਜਾਈ ਵਾਲਾ ਸ਼ਹਿਰ ਬਨਾਉਣ ਲਈ ਸੂਬਾ ਸਰਕਾਰ ਪੂਰੀ ਤਰ੍ਹਾਂ ਪ੍ਰਤੀਬੱਧ : ਮੁੱਖ ਮੰਤਰੀ

## ➢ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਹੇਠ ਗੁਰੂਗ੍ਰਾਮ ਮਹਾਨਗਰ ਵਿਕਾਸ ਅਥਾਰਿਟੀ (ਜੀਐਮਡੀਏ) ਦੀ 15ਵੀਂ ਮੀਟਿੰਗ ਸਪੰਨ ➢ ਪੀਪੀਪੀ ਮੋਡ 'ਤੇ ਚਲਾਇਆ ਜਾਵੇਗਾ ਸ਼੍ਰੀ ਸ਼ੀਤਲਾ ਮਾਤਾ ਮੈਡੀਕਲ ਕਾਲਜ, ਬਣਾਈ ਜਾਵੇਗੀ ਉੱਚ ਪੱਧਰੀ ਕਮੇਟੀ

**ਚੰਡੀਗੜ੍ਹ, 12 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਗੁਰੂਗ੍ਰਾਮ ਨੂੰ ਜਾਮ ਮੁਕਤ ਅਤੇ ਸੁਗਮ ਆਵਾਜਾਈ ਵਾਲਾ ਸ਼ਹਿਰ ਬਨਾਉਣ ਲਈ ਸੂਬਾ ਸਰਕਾਰ ਪੂਰੀ ਤਰ੍ਹਾਂ ਪ੍ਰਤੀਬੱਧ ਹੈ। ਉਨ੍ਹਾਂ ਨੇ ਕਿਹਾ ਕਿ ਟ੍ਰੈਫਿਕ ਸਮਸਿਆ ਦਾ ਸਥਾਈ ਹੱਲ ਸਰਕਾਰ ਦੀ ਪ੍ਰਾਥਮਿਕਤਾ ਹੈ ਅਤੇ ਇਸ ਲਈ ਯੋਜਨਾਬੱਧ ਢੰਗ ਨਾਲ ਕਦਮ ਚੁੱਕੇ ਜਾ ਰਹੇ ਹਨ। ਮੁੱਖ ਮੰਤਰੀ ਸੋਮਵਾਰ ਨੂੰ ਗੁਰੂਗ੍ਰਾਮ ਮਹਾਨਗਰ ਵਿਕਾਸ ਅਥਾਰਿਟੀ (ਜੀਐਮਡੀਏ) ਦੀ 15ਵੀਂ ਮੀਟਿੰਗ ਦੀ ਅਗਵਾਈ ਕਰ ਰਹੇ ਸਨ, ਜਿਸ ਵਿੱਚ ਸ਼ਹਿਰ ਦੇ ਵੱਖ-ਵੱਖ ਵਿਕਾਸ ਕੰਮਾਂ ਅਤੇ ਇੰਫ੍ਰਾਸਟਕਚਰ ਪ੍ਰੋਜੈਕਟਸ ਦੀ ਪ੍ਰਗਤੀ ਦੀ ਸਮੀਖਿਆ ਕੀਤੀ ਗਈ।

ਪੀਡਬਲਿਯੂਡੀ ਰੇਸਟ ਹਾਊਸ ਵਿੱਚ ਆਯੋਜਿਤ ਇਸ ਮਹਤੱਵਪੂਰਣ ਮੀਟਿੰਗ ਵਿੱਚ ਕੇਂਦਰੀ ਰਾਜ ਮੰਤਰੀ ਅਤੇ ਸਥਾਨਕ ਸਾਂਸਦ ਰਾਓ ਇੰਦਰਜੀਤ ਸਿੰਘ, ਹਰਿਆਣਾਂ ਦੇ ਉਦਯੋਗ ਅਤੇ ਵਪਾਰ ਮੰਤਰੀ ਰਾਓ ਨਰਬੀਰ ਸਿੰਘ ਅਤੇ ਮੁੱਖ ਮੰਤਰੀ ਦੇ ਮੁੱਖ ਪ੍ਰਧਾਨ ਸਕੱਤਰ ਸ੍ਰੀ ਰਾਜੇਸ਼ ਖੁੱਲਰ ਵੀਸੀ ਰਾਹੀਂ ਜੁੜੇ। ਉੱਥੇ ਹੀ ਮੀਟਿੰਗ ਸਥਾਨ 'ਤੇ ਗੁਰੂਗ੍ਰਾਮ ਦੇ ਵਿਧਾਇਕ ਮੁਕੇਸ਼ ਸ਼ਰਮਾ, ਪਟੌਦੀ ਦੀ ਵਿਧਾਇਕ ਬਿਮਲਾ ਚੌਧਰੀ, ਸੋਹਨਾ ਦੇ ਵਿਧਾਇਕ ਤੇਜਪਾਲ ਤੰਵਰ, ਜੀਐਮਡੀਏ ਦੇ ਪ੍ਰਧਾਨ ਸਲਾਹਕਾਰ ਡੀ ਐਸ ਢੇਸੀ, ਟਾਊਨ ਐਂਡ ਕੰਟਰੀ ਪਲਾਨਿੰਗ ਅਤੇ ਸ਼ਹਿਰੀ ਸੰਪਦਾ ਵਿਭਾਗ ਦੇ ਏਸੀਐਸ ਏ ਕੇ ਸਿੰਘ, ਊਰਜਾ ਵਿਭਾਗ ਦੇ ਪ੍ਰਧਾਨ ਸਕੱਤਰ ਸ਼ਿਆਮਲ ਮਿਸ਼ਰਾ ਮੌਜੂਦ ਰਹੇ। ਮੀਟਿੰਗ ਵਿੱਚ ਅਧਿਕਾਰੀਆਂ ਨੂੰ ਨਿਰਦੇਸ਼ ਦਿੰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਗੁਰੂਗ੍ਰਾਮ ਵਿੱਚ ਵਿਕਾਸ ਨੂੰ ਤੇਜੀ ਨਾਲ ਕਰਨ ਲਈ ਚੱਲ ਰਹੇ ਕੰਮਾਂ ਦੀ ਗਤੀ ਨੂੰ ਵਧਾਇਆ ਜਾਵੇ ਤਾਂ ਜੋ ਲੋਕਾਂ ਨੂੰ ਸਮੇਂਬੱਧ ਢੰਗ ਨਾਲ ਸਹੂਲਤਾਂ ਉਪਲਬਧ ਹੋ ਸਕਣ। ਮੁੱਖ ਮੰਤਰੀ ਨੇ ਇਸ ਦੌਰਾਨ ਜੀਐਮਡੀਏ ਦੀ ਪਿਛਲੀ ਮੀਟਿੰਗ ਦੇ ਸਬੰਧ ਵਿੱਚ ਲਏ ਗਏ ਫੈਸਲਿਆਂ ਦੀ ਸਮੀਖਿਆ ਵੀ ਕੀਤੀ।

**ਮਿਲੇਨਿਅਮ ਸਿਟੀ ਮੈਟਰੋ ਸਟੇਸ਼ਨ 'ਤੇ ਜਾਮ ਤੋਂ ਮਿਲੇਗੀ ਮੁਕਤੀ**

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਮਿਲੇਨਿਅਮ ਸਿਟੀ ਮੈਟਰੋ ਸਟੇਸ਼ਨ ਖੇਤਰ ਵਿੱਚ ਟ੍ਰੈਫਿਕ ਜਾਮ ਦੀ ਸਮਸਿਆ ਤੋਂ ਲੋਕਾਂ ਨੂੰ ਜਲਦੀ ਹੀ ਰਾਹਤ ਮਿਲੇਗੀ। ਇਸ ਦੇ ਲਈ ਸੈਕਟਰ 27, 29, 43 ਅਤੇ 44 ਦੇ ਵੱਲ ਸੁਗਮ ਆਵਾਜਾਈ ਯਕੀਨੀ ਕਰਨ ਦੇ ਉਦੇਸ਼ ਨਾਲ ਇੱਕ ਅੰਡਰਪਾਸ ਦਾ ਨਿਰਮਾਣ ਕੀਤਾ ਜਾਵੇਗਾ। ਮੁੱਖ ਮੰਤਰੀ ਨੇ ਸਬੰਧਿਤ ਅਧਿਕਾਰੀਆਂ ਨੂੰ ਇਸ ਪਰਿਯੋ੧ਨਾ ਦੀ ਵਿਸਤਾਰ ਪਰਿਯੋਜਨਾ ਰਿਪੋਰਟ (ਡੀਪੀਆਰ) ਜਲਦੀ ਤਿਆਰ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਨੇ ਕਿਹਾ ਕਿ ਇਹ ਅੰਡਰਪਾਸ ਨਾ ਸਿਰਫ ਮੈਟਰੋ ਸਟੇਸ਼ਨ ਦੇ ਨੇੜੇ ਦੇ ਖੇਤਰਾਂ ਵਿੱਚ ਆਵਾਜਾਈ ਦਬਾਅ ਨੂੰ ਘੱਟ ਕਰੇਗਾ, ਸਗੋਂ ਦਿੱਲੀ-ਜੈਪੁਰ ਨੈਸ਼ਨਲ ਹਾਈਵੇ ਨਾਲ ਲੱਗਦੇ ਮਾਰਗਾਂ 'ਤੇ ਵੀ ਆਵਾਜਾਈ ਨੂੰ ਸਰਲ ਬਣਾਏਗਾ। ਇਸ ਪਰਿਯੋਜਨਾ ਨਾਲ ਸਥਾਨਕ ਨਿਵਾਸੀਆਂ, ਆਫਿਸ ਆਉਣ ਜਾਣ ਵਾਲਿਆ ਅਤੇ ਯਾਤਰੀਆਂ ਨੂੰ ਵੱਡੀ ਰਾਹਤ ਮਿਲੇਗੀ ਅਤੇ ਸ਼ਹਿਰ ਦੇ ਟ੍ਰੈਫਿਕ ਨੈਟਵਰਕ ਨੂੰ ਹੋਰ ਵੱਧ ਮਜਬੂਤ ਬਨਾਉਣ ਵਿੱਚ ਮਦਦ ਮਿਲੇਗੀ।



**ਪੀਪੀਪੀ ਮੋਡ 'ਤੇ ਚਲਾਇਆ ਜਾਵੇਗਾ ਸ਼੍ਰੀ ਸ਼ੀਤਲਾ ਮਾਤਾ ਮੈਡੀਕਲ ਕਾਲਜ, ਜਲਦੀ ਸ਼ੁਰੂ ਹੋਵੇਗਾ ਨਾਗਰਿਕ ਹਸਪਤਾਲ ਦਾ ਨਿਰਮਾਣ ਕੰਮ**

ਮੀਟਿੰਗ ਦੌਰਾਨ ਗੁਰੂਗ੍ਰਾਮ ਜਿਲ੍ਹਾ ਵਿੱਚ ਸਿਹਤ ਖੇਤਰ ਨਾਲ ਜੁੜੀ ਵਿਕਾਸ ਪਰਿਯੋਜਨਾਵਾਂ 'ਤੇ ਵੀ ਵਿਸਤਾਰ ਨਾਲ ਚਰਚਾ ਕੀਤੀ ਗਈ। ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਸ਼੍ਰੀ ਸ਼ੀਤਲਾ ਮਾਤਾ ਮੈਡੀਕਲ ਕਾਲਜ ਦੇ ਸੰਚਾਲਨ ਅਤੇ ਸ਼ਹਿਰ ਵਿੱਚ ਪ੍ਰਸਤਾਵਿਤ ਸਿਵਲ ਹਸਪਤਾਲ ਦੇ ਨਿਰਮਾਣ ਦੀ ਪ੍ਰਗਤੀ 'ਤੇ ਸਬੰਧਿਤ ਵਿਭਾਗ ਦੇ ਅਧਿਕਾਰੀਆਂ ਤੋਂ ਜਾਣਕਾਰੀ ਲਈ। ਮੀਟਿੰਗ ਵਿੱਚ ਇਹ ਫੈਸਲਾ ਕੀਤਾ ਗਿਆ ਕਿ ਸ਼੍ਰੀ ਸ਼ੀਤਲਾ ਮਾਤਾ ਮੈਡੀਕਲ ਕਾਲਜ ਦੇ ਸੰਚਾਲਨ ਲਈ ਇੱਕ ਉੱਚ ਪੱਧਰੀ ਕਮੇਟੀ ਗਠਨ ਕੀਤੀ ਜਾਵੇਗੀ, ਜੋ ਇਸ ਸੰਸਥਾਨ ਨੂੰ ਪਬਲਿਕ-ਪ੍ਰਾਈਵੇਟ ਪਾਰਟਨਰਸ਼ਿਪ (ਪੀਪੀਪੀ) ਮੋਡ 'ਤੇ ਸੰਚਾਲਿਤ ਕਰਨ ਦੀ ਸੰਭਾਵਨਾਵਾਂ 'ਤੇ ਕੰਮ ਕਰੇਗੀ। ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਵਿੱਚ ਗੁਣਵੱਤਾਪੂਰਣ ਸਿਹਤ ਸੇਵਾਵਾਂ ਅਤੇ ਆਧੁਨਿਕ ਮੈਡੀਕਲ ਢਾਂਚੇ ਨੂੰ ਮਜਬੂਤ ਕਰਨਾ ਸਰਕਾਰ ਦੀ ਸਰਵੋਚ ਪ੍ਰਾਥਮਿਕਤਾਵਾਂ ਵਿੱਚ ਸ਼ਾਮਿਲ ਹੈ। ਉਨ੍ਹਾਂ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਇੰਨ੍ਹਾਂ ਪਰਿਯੋਜਨਾਵਾਂ ਨੂੰ ਜਲਦੀ ਗਤੀ ਨਾਲ ਪੂਰਾ ਕੀਤਾ ਜਾਵੇ ਤਾਂ ਜੋ ਆਮ ਨਾਗਰਿਕਾਂ ਨੂੰ ਬਿਹਤਰ ਸਿਹਤ ਸਹੂਲਤਾਂ ਉਪਲਬਧ ਹੋ ਸਕਣ। ਮੁੱਖ ਮੰਤਰੀ ਨੇ ਕਿਹਾ ਕਿ ਸ਼ਹਿਰ ਵਿੱਚ ਬਨਣ ਵਾਲੇ ਨਾਗਰਿਕ ਹਸਪਤਾਲ ਦਾ ਨਿਰਮਾਣ ਕੰਮ ਵੀ ਜਲਦੀ ਤੋਂ ਜਲਦੀ ਜਮੀਨੀ ਪੱਧਰ 'ਤੇ ਲਾਗੂ ਕੀਤਾ ਜਾਵੇ। ਉਨ੍ਹਾਂ ਨੇ ਸਿਵਲ ਹਸਪਤਾਲ ਦੇ ਡਿਜਾਇਨ ਵਿੱਚ ਕੇਂਦਰੀ ਰਾਜ ਮੰਤਰੀ ਰਾਓ ਇੰਦਰਜੀਤ ਸਿੰਘ ਅਤੇ ਹਰਿਆਣਾਂ ਦੇ ਕੈਬਨਿਟ ਮੰਤਰੀ ਰਾਓ ਨਰਬੀਰ ਸਿੰਘ ਵੱਲੋਂ ਦਿੱਤੇ ਗਏ ਸੁਝਾਆਂ ਨੂੰ ਵੀ ਪ੍ਰਾਥਮਿਕਤਾ ਨਾਲ ਅਮਲ ਵਿੱਚ ਲਿਆਉਣ ਦੇ ਨਿਰਦੇਸ਼ ਦਿੱਤੇ।

**ਜੀਐਮਡੀਏ ਨੂੰ ਟ੍ਰਾਂਸਫਰ ਹੋਵੇਗੀ ਨਿਗਮ ਦੀ ਵੱਡੀ ਸੀਵਰੇਜ ਲਾਇਨ**

ਮੀਟਿੰਗ ਦੌਰਾਨ ਨਗਰ ਨਿਗਮ ਗੁਰੂਗ੍ਰਾਮ ਦੇ ਕਮਿਸ਼ਨਰ ਪ੍ਰਦੀਪ ਦਹੀਆ ਨੇ ਪ੍ਰਮੁੱਖ ਪ੍ਰਸਤਾਵ ਪੇਸ਼ ਕੀਤਾ। ਉਨ੍ਹਾਂ ਨੇ ਦਸਿਆ ਕਿ ਜੀਐਮਡੀਏ ਦੇ ਅਧੀਨ ਮਾਸਟਰ ਰੋਡ 'ਤੇ ਪਾਈ ਗਈ 600 ਐਮਐਮ ਤੋਂ ਵੱਧ ਸਾਇਜ ਦੀ ਸੀਵਰੇ੧ ਅਤੇ ਡ੍ਰੇਨ ਲਾਇਨਾਂ ਦਾ ਰੱਖ-ਰਖਾਵ ਮੌਜੂਦਾ ਵਿੱਚ ਨਿਗਮ ਵੱਲੋਂ ਕੀਤਾ ਜਾ ਰਿਹਾ ਹੈ, ਜਦੋਂ ਕਿ ਇਸ ਦਾ ਟ੍ਰਾਂਸਫਰ ਜੀਐਮਡੀਏ ਨੂੰ ਕੀਤਾ ਜਾਣਾ ਜਰੂਰੀ ਹੈ। ਨਿਗਮ ਕਮਿਸ਼ਨਰ ਨੇ ਕਿਹਾ ਕਿ ਇੰਨ੍ਹਾਂ ਵੱਡੀ ਸੀਵਰੇਜ ਲਾਇਨਾਂ ਅਤੇ ਨਾਲਿਆਂ ਦਾ ਪ੍ਰਬੰਧਨ ਏਕੀਕ੍ਰਿਤ ਪ੍ਰਣਾਲੀਆਂ ਤਹਿਤ ਜੀਐਮਡੀਏ ਦੇ ਅਧੀਨ ਆਉਣ ਨਾਲ ਸ਼ਹਿਰ ਦੀ ਜਲ੍ਹ ਨਿਕਾਸੀ ਵਿਵਸਥਾ ਅਤੇ ਸੀਪਰੇਜ ਨੈਟਵਰਕ ਵੱਧ ਪ੍ਰਭਾਵੀ ਅਤੇ ਸਹੀ ਢੰਗ ਨਾਲ ਹੋਵੇਗਾ। ਉਨ੍ਹਾਂ ਨੇ ਇਸ ਸੰਦਰਭ ਵਿੱਚ ਵਿਸਤਾਰ ਰਿਪੋਰਟ ਪੇਸ਼ ਕਰਦੇ ਹੋਏ ਦਸਿਆ ਕਿ 900 ਮਿਲੀਮੀਟਰ ਤੋਂ ਵੱਧ ਸਾਇਜ ਦੀ ਲਾਇਨਾਂ ਅਤੇ ਨਾਲਿਆਂ ਵਰਗੇ ਬੱਸ ਸਟੈਂਡ ਤੋਂ ਸੀਆਰਪੀਐਫ ਚੌਂਕ, ਸੈਕਟਰ 4 ਤੋਂ ਲਕਛਮਣ ਵਿਹਾਰ ਡਿਵਾਈਡਿੰਗ ਰੋਡ, ਪੁਰਾਣੀ ਦਿੱਲੀ ਰੋਡ, ਜੋਤੀ ਪਾਰਕ, ਸੈਥਟਰ 4/7 ਤੋਂ ਐਮਪੀਐਸ ਤੱਕ ਅਤੇ ਬਸਈ ਰੋਡ ਤੱਕ ਫੈਲੇ ਨੈਟਵਰਕ ਨੂੰ ਜੀਐਮਡੀਏ ਨੂੰ ਟ੍ਰਾਂਸਫਰ ਕਰਨ ਨਾਲ ਸ਼ਹਿਰ ਦੇ ਇੰਫ੍ਰਾਸਟਕਚਰ ਦੀ ਕਾਰਜ ਸਮਰੱਥਾ ਵਿੱਚ ਵਰਨਣਯੋਗ ਸੁਧਾਰ ਆਵੇਗਾ। ਮੁੱਖ ਮੰਤਰੀ ਨੇ ਇਸ ਪ੍ਰਸਤਾਵ ਨੂੰ ਮਹਤੱਵ ਦਿੰਦੇ ਹੋਏ ਪ੍ਰਧਾਨ ਸਲਾਹਕਾਰ ਨੂੰ ਨਿਰਦੇਸ਼ ਦਿੱਤੇ ਕਿ ਇਸ ਕੰਮ ਨੂੰ ਜਲਦੀ ਪੂਰਾ ਕਰਵਾਉਣਾ ਯਕੀਨੀ ਕਰਨ।

**ਗੁਰੂਗ੍ਰਾਮ ਤੋਂ ਪਲਵਲ ਵਾਇਆ ਨੂੰਹ ਤੱਕ ਨਵੀਂ ਡ੍ਰੇਨ ਲਹੀ ਡੀਪੀਆਰ ਬਨਾਉਣ ਦੇ ਦਿੱਤੇ ਨਿਰਦੇਸ਼**

ਮੀਟਿੰਗ ਵਿੱਚ ਗੁਰੂਗ੍ਰਾਮ ਤੋਂ ਪਲਵਲ ਵਾਇਆ ਨੂੰਹ ਤੱਕ ਨਵੀਂ ਡ੍ਰੇਨ ਦੀ ਯੋਜਨਾ 'ਤੇ ਵੀ ਗੰਭੀਰ ਵਿਚਾਰ-ਵਟਾਂਦਰਾਂ ਕੀਤਾ ਗਿਆ। ਅਧਿਕਾਰੀਆਂ ਨੇ ਦਸਿਆ ਕਿ ਇਸ ਡ੍ਰੇਨ ਦੇ ਨਿਰਮਾਣ ਨਾਲ ਨਜਫਗੜ੍ਹ ਡ੍ਰੇਨ 'ਤੇ ਦਬਾਅ ਘੱਟ ਹੋਵੇਗਾ ਅਤੇ ਬਰਸਾਤੀ ਪਾਣੀ ਦੇ ਵਿਕਾਸ ਦੀ ਸਥਾਈ ਵਿਵਸਥਾ ਬਣ ਸਕੇਗੀ। ਮੁੱਖ ਮੰਤਰੀ ਨੇ ਇਸ ਪਰਿਯੋਜਨਾ ਨੂੰ ਗੁਰੂਗ੍ਰਾਮ ਦੀ ਭਾਵੀ ਜਰੂਰਤਾਂ ਨਾਲ ਜੁੜਿਆ ਦੱਸਦੇ ਹੋਏ ਇਸ ਨੂੰ ਪ੍ਰਾਥਮਿਕਤਾ ਨਾਲ ਅੱਗੇ ਵਧਾਉਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਨੇ ਕਿਹਾ ਕਿ ਗਨਵੀਂ ਡ੍ਰੇਨ ਦਾ ਨਿਰਮਾਣ ਨਾ ਸਿਰਫ ਜਲਭਰਾਵ ਦੀ ਸਮਸਿਆ ਦਾ ਸਥਾਈ ਹੱਲ ਕਰੇਗਾ ਸਗੋਂ ਖੇਤਰ ਵਿੱਚ ਜਲ੍ਹ ਸਰੰਖਣ ਅਤੇ ਪ੍ਰਬੰਧਨ ਦੀ ਦ੍ਰਿਸ਼ਟੀ ਨਾਲ ਵੀ ਇਹ ਇੱਕ ਦੂਰਦਰਸ਼ੀ ਪਹਿਲ ਸਾਬਤ ਹੋਵੇਗੀ। ਮੁੱਖ ਮੰਤਰੀ ਨੇ ਸਬੰਧਿਤ ਵਿਭਾਗਾਂ ਨੂੰ ਜਲਦੀ ਡੀਪੀਆਰ ਤਿਆਰ ਕਰਨ ਦੇ ਨਿਰਦੇਸ਼ ਦਿੰਦੇ ਹੋਏ ਕਿਹਾ ਕਿ ਇਸ ਵਿੱਚ ਕੇਂਦਰੀ ਰਾਜ ਮੰਤਰੀ ਰਾਓ ਇੰਦਰਜੀਤ ਸਿੰਘ ਅਤੇ ਕੈਬਨਿਟ ਮੰਤਰੀ ਰਾਓ ਨਰਬੀਰ ਸਿੰਘ ਦੇ ਸੁਝਾਆਂ ਨੂੰ ਵੀ ਸ਼ਾਮਿਲ ਕੀਤਾ ਜਾਵੇ, ਤਾਂ ਜੋ ਪਰਿਯੋਜਨਾ ਹਰ ਦ੍ਰਿਸ਼ਟੀ ਨਾਲ ਵਿਵਹਾਰਕ ਅਤੇ ਵਿਆਪਕ ਹੋਵੇ।

**ਸਮੇਂ 'ਤੇ ਪੂਰਾ ਹੋਵੇਗਾ ਵਜੀਰਾਬਾਦ ਖੇਡ ਸਟੇਡੀਅਮ ਦਾ ਨਿਰਮਾਣ**

ਮੀਟਿੰਗ ਦੌਰਾਨ ਕੇਂਦਰੀ ਰਾਜ ਮੰਤਰੀ ਰਾਓ ਇੰਦਰਜੀਤ ਸਿੰਘ ਨੇ ਵਜੀਰਾਬਾਦ ਵਿੱਚ ਬਣ ਰਹੇ ਖੇਡ ਸਟੇਡੀਅਮ ਦੀ ਪ੍ਰਗਤੀ ਦੀ ਜਾਣਕਾਰੀ ਲਈ। ਇਸ 'ਤੇ ਨਿਗਮ ਕਮਿਸ਼ਨਰ ਪ੍ਰਦੀਪ ਦਹੀਆ ਨੇ ਜਾਣੂ ਕਰਾਇਆ ਕਿ ਸਟੇਡੀਅਮ ਦਾ ਨਿਰਮਾਣ ਕਾਰਜ ਤੇਜੀ ਨਾਲ ਜਾਰੀ ਹੈ ਅਤੇ ਇਸ ਨੂੰ ਤੈਅ ਸਮੇਂ ਵਿੱਚ ਪੂਰਾ ਕਰਨ ਲਈ ਸਾਰੇ ਜਰੂਰੀ ਕਦਮ ਚੁੱਕੇ ਜਾ ਰਹੇ ਹਨ।

ਮੀਟਿੰਗ ਵਿੱਚ ਮੁੱਖ ਮੰਤਰੀ ਨੇ ਕਿਹਾ ਕਿ ਗੁਰੂਗ੍ਰਾਮ ਰਾਜ ਦੀ ਆਰਥਕ ਪ੍ਰਗਤੀ ਦਾ ਕੇਂਦਰ ਹੈ ਅਤੇ ਇੱਥੇ ਸ਼ੁਰੂ ਕੀਤੀ ਗਈ ਹਰੇਕ ਵਿਕਾਸ ਪਰਿਯੋਜਨਾ ਪੂਰੇ ਹਰਿਆਣਾ ਦੇ ਵਾਧੇ ਨਾਲ ਜੁੜੀ ਹੈ। ਉਨ੍ਹਾਂ ਨੇ ਅਧਿਕਾਰੀਆਂ ਨੂੰ ਸਪਸ਼ਟ ਨਿਰਦੇਸ਼ ਦਿੱਤੇ ਕਿ ਸਾਰੇ ਜਾਰੀ ਕੰਮਾਂ ਨੂੰ ਸਮੇਂਬੱਧ ਢੰਗ ਨਾਲ ਪੂਰਾ ਕੀਤਾ ਜਾਵੇ, ਤਾਂ ਜੋ ਨਾਗਰਿਕਾਂ ਨੂੰ ਜਲਦੀ ਸਹੂਲਤਾਂ ਮਿਲ ਸਕਣ। ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ ਦਾ ਉਦੇਸ਼ ਹੈ ਕਿ ਸ਼ਹਿਰ ਦਾ ਹਰ ਵਿਅਕਤੀ ਆਧੁਨਿਕ, ਸੁਰੱਖਿਅਤ ਅਤੇ ਗੁਣਵੱਤਾਪੂਰਣ ਜੀਵਨ ਦਾ ਤਜਰਬਾ ਕਰ ਸਕਣ।

# ਮਾਰਕੀਟ ਕਮੇਟੀ ਖਰੜ ਦੇ ਨਵ ਨਿਯੁਕਤ ਦੇ ਚੇਅਰਮੈਨ ਸੁਖਵਿੰਦਰ ਸਿੰਘ ਬਿੱਟੂ ਨੇ ਅਹੁੱਦਾ ਸੰਭਾਲਿਆ




**ਖਰੜ, 12 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵਲੋਂ ਮਾਰਕੀਟ ਕਮੇਟੀ ਖਰੜ ਦੇ ਨਵ ਨਿਯਕੁਤ ਕੀਤੇ ਗਏ ਚੇਅਰਮੈਨ ਸੁਖਵਿੰਦਰ ਸਿੰਘ ਬਿੱਟੂ ਦੇ ਅਹੁੱਦਾ ਸੰਭਾਲਣ ਲਈ ਸੁਕਰਾਨੇ ਵਜੋਂ ਸ੍ਰੀ ਸੁਖਮਨੀ ਸਾਹਿਬ ਪਾਠ ਦੇ ਭੋਗ ਪਾਏ ਗਏ ਅਤੇ ਅਰਦਾਸ ਉਪਰੰਤ ਹਲਕਾ ਵਿਧਾਇਕ ਅਨਮੋਲ ਗਗਨ ਮਾਨ ਦੀ ਰਹਿਨੁਮਾਈ ਵਿਚ ਬਾਅਦ ਵਿਚ ਉਨ੍ਹਾਂ ਨੂੰ ਕੁਰਸੀ ਤੇ ਬਿਠਾ ਕੇ ਮੂੰਹ ਮਿੱਠਾ ਕਰਵਾਇਆ ਗਿਆ।

ਹਲਕਾ ਵਿਧਾਇਕ ਨੇ ਪੱਤਰਕਾਰਾਂ ਨਾਲ ਗੱਲ ਕਰਦਿਆ ਕਿਹਾ ਕਿ ਸਾਡਾ ਮਕਸਦ ਹੈ ਕਿ ਖਰੜ ਸਹਿਰ ਦਾ ਬਹੁਪੱਖੀ ਵਿਕਾਸ ਕਰਵਾਉਣਾ ਹੈ। ਕਿਸਾਨ ਯੂਨੀਅਨ, ਆੜ੍ਹਤੀਆਂ ਨਾਲ ਮਿਲ ਕੇ ਚੰਗੇ ਭਵਿੱਖ ਲਈ ਕੰਮ ਕਰਨਗੇ। ਉਨ੍ਹਾਂ ਕਿਹਾ ਕਿ ਸ਼ਹਿਰ ਦੇ ਵਿਕਾਸ ਲਈ ਵੀ ਲਗਾਤਾਰ ਸੜਕਾਂ ਦੇ ਨਿਰਮਾਣ ਅਤੇ ਮੁਰੰਮਤ ਦਾ ਕੰਮ ਜਾਰੀ ਹੈ। ਸ਼ਹਿਰ ਦੇ ਸੁੰਦਰੀਕਰਨ ਲਈ ਵਿਸੇਸ ਤੋਰ ਤੇ ਉਪਰਾਲੇ ਕੀਤੇ ਜਾ ਰਹੇ ਹਨ। ਚੇਅਰਮੈਨ ਸੁਖਵਿੰਦਰ ਸਿੰਘ ਬਿੱਟੂ ਨੇ ਕਿਹਾ ਕਿ ਅਨਾਜ ਅਤੇ ਸਬਜੀ ਮੰਡੀ ਦੀ ਸਫਾਈ ਕਰਵਾ ਕੇ ਸਾਫ ਰੱਖਿਆ ਜਾਵੇਗਾ ਅਤੇ ਆੜ੍ਹਤੀਆਂ ਤੇ ਕਿਸਾਨਾਂ ਨੂੰ ਮੰਡੀਆਂ ਵਿਚ ਕਿਸੇ ਤਰ੍ਹਾਂ ਦੀ ਕੋਈ ਦਿੱਕਤ ਪੇਸ਼ ਨਹੀ ਆਉਣ ਦਿੱਤੀ ਜਾਵੇਗੀ।

ਉਨ੍ਹਾਂ ਆਪਣੀ ਨਿਯੁਕਤੀ ਲਈ ਆਮ ਆਦਮੀ ਪਾਰਟੀ ਦੀ ਲੀਡਰਸਿਪ ਅਤੇ ਹਲਕਾ ਵਿਧਾਇਕ ਦਾ ਵਿਸ਼ੇਸ਼ ਤੋਰ ਤੇ ਧੰਨਵਾਦ ਕੀਤੇ। ਇਸ ਮੌਕੇ ਖਰੜ ਦੇ ਕੌਂਸਲਰ, ਆੜਤੀ, ਕਿਸਾਨ, ਸ਼ਹਿਰ ਨਿਵਾਸੀ ਅਤੇ ਸਮਾਜ ਸੇਵੀ ਜਥੇਬੰਦੀਆਂ ਦੇ ਆਗੂ ਹਾਜ਼ਰ ਸਨ।

# ਪੰਜਾਬ ਵਿਚਲੇ ਮੱਠਾਂ ਤੇ ਮੰਦਰਾਂ ਦੀ ਮੌਜੂਦਾ ਸਥਿਤੀ ਬਾਰੇ ਪੰਜਾਬ ਦੇ ਰਾਜਪਾਲ ਨਾਲ ਕੀਤੀ ਮੀਟਿੰਗ



**ਖਰੜ, 12 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਚ ਮੱਠਾਂ ਅਤੇ ਮੰਦਰਾਂ ਦੀ ਮੌਜੂਦਾ ਸਥਿਤੀ ਤੇ ਧਾਰਮਿਕ ਪਰੰਪਰਾਵਾਂ ਦੀ ਸੰਭਾਲ ਅਤੇ ਉਨ੍ਹਾਂ ਦੇ ਸਮਾਜਿਕ ਯੋਗਦਾਨ ਤੇ ਇੱਕ ਸਾਰਥਕ ਚਰਚਾ ਸਬੰਧੀ ਬਾਬਾ ਮਸਤਨਾਥ ਮੱਠ ਰੋਹਤਕ, ਹਰਿਆਣਾ ਦੇ ਮੁੱਖੀ, ਨਾਥ ਸੰਪਰਦਾ ਦੇ ਰਾਸ਼ਟਰੀ ਉਪ ਪ੍ਰਧਾਨ ਅਤੇ ਤਿਜਾਰਾ ਵਿਧਾਨ ਸਭਾ ਤੋਂ ਵਿਧਾਇਕ ਮਹੰਤ ਬਾਲਕਨਾਥ ਯੋਗੀ ਜੀ ਮਹਾਰਾਜ਼ ਵਲੋਂ ਪੰਜਾਬ ਦੇ ਰਾਜਪਾਲ ਮਾਨਯੋਗ ਸ੍ਰੀ ਗੁਲਾਬ ਚੰਦ ਕਟਾਰੀਆਂ ਨੂੰ ਮਿਲ ਕੇ ਮੀਟਿੰਗ ਕੀਤੀ। ਇਸ ਮੌਕੇ ਉਨ੍ਹਾਂ ਨਾਲ ਡੇਰਾ ਬਾਬਾ ਮੰਗਲ ਨਾਥ ਪ੍ਰਾਚੀਨ ਮਾਤਾ ਅੰਬਿਕਾ ਦੇਵੀ ਮੰਦਰ ਖਰੜ ਦੇ ਗੱਦੀਨਸ਼ੀਨ ਮਹੰਤ ਯੋਗੀ ਰਾਮ ਨਾਥ ਜੀ ਵੀ ਹਾਜ਼ਰ ਸਨ। ਮੀਟਿੰਗ ਦੌਰਾਨ ਪੰਜਾਬ ਰਾਜ ਨਾਲ ਸਬੰਧਿਤ ਸਮਾਜਿਕ, ਆਰਥਿਕ ਅਤੇ ਸੱਭਿਆਚਾਰਕ ਮੁੱਦਿਆਂ ਤੇ ਵਿਸਥਾਰਪੂਰਵਕ ਰਚਨਾਤਮਕ ਵਿਚਾਰ ਵਿਟਾਦਰਾਂ ਕੀਤਾ ਗਿਆ। ਇਸ ਤੋਂ ਇਲਾਵਾ ਵਿਚ ਮੀਟਿੰਗ ਦਾ ਮਾਹੌਲ ਸਦਭਾਵਨਾ, ਸਹਿਯੋਗ ਅਤੇ ਅਧਿਆਤਮਿਕ ਊਰਜਾ ਨਾਲ ਭਰਿਆ ਹੋਇਆ ਹੈ। ਮਾਨਯੋਗ ਰਾਜਪਾਲ ਵਲੋਂ ਮੱਠਾਂ ਅਤੇ ਮੰਦਰਾਂ ਦੀ ਸਾਂਭ ਸੰਭਾਲ ਸਮੇਤ ਹੋਰ ਮੁੱਦਿਆਂ ਤੇ ਭਰੋਸਾ ਦਿੱਤਾ।

# ਹਰਜੋਤ ਸਿੰਘ ਬੈਂਸ ਵੱਲੋਂ ਸਕੂਲਾਂ ਵਿੱਚ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਜੀਵਨ ਅਤੇ ਲਾਸਾਨੀ ਸ਼ਹਾਦਤ ਬਾਰੇ ਸਿੱਖਿਆ ਪ੍ਰੋਗਰਾਮ ਦੀ ਸ਼ੁਰੂਆਤ

## ਇਸ ਕਦਮ ਦਾ ਉਦੇਸ਼ ਸਾਰੇ ਸਕੂਲਾਂ ਵਿੱਚ ਨਰਸਰੀ ਤੋਂ 12ਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਵਿੱਚ ਸੱਚਾਈ, ਨਿਆਂ ਅਤੇ ਧਾਰਮਿਕ ਕਦਰਾਂ-ਕੀਮਤਾਂ ਪੈਦਾ ਕਰਨਾ ਹੈ: ਸਿੱਖਿਆ ਮੰਤਰੀ

**ਚੰਡੀਗੜ੍ਹ, 12 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਮਾਗਮਾਂ ਦੇ ਹਿੱਸੇ ਵਜੋਂ ਪੰਜਾਬ ਦੇ ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ ਨੇ ਅੱਜ ਸੂਬੇ ਭਰ ਦੇ ਸਾਰੇ ਸਕੂਲਾਂ (ਸਰਕਾਰੀ, ਪ੍ਰਾਈਵੇਟ ਤੇ ਏਡਿਡ), ਭਾਵੇਂ ਉਹ ਕਿਸੇ ਵੀ ਸਿੱਖਿਆ ਬੋਰਡ ਨਾਲ ਸਬੰਧਤ ਹੋਣ, ਵਿੱਚ ਨਰਸਰੀ ਤੋਂ 12ਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਲਈ ਇੱਕ ਲਾਜ਼ਮੀ ਸਿੱਖਿਆ ਪ੍ਰੋਗਰਾਮ ਲਾਂਚ ਕੀਤਾ ਹੈ ਤਾਂ ਜੋ ਵਿਦਿਆਰਥੀਆਂ ਵਿੱਚ ਸੱਚਾਈ, ਹੱਕ, ਨਿਆਂ ਅਤੇ ਧਾਰਮਿਕ ਕਦਰਾਂ-ਕੀਮਤਾਂ ਪੈਦਾ ਕੀਤੀਆਂ ਜਾ ਸਕਣ।

ਸ. ਹਰਜੋਤ ਸਿੰਘ ਬੈਂਸ ਨੇ ਅੱਜ ਰੂਪਨਗਰ ਜ਼ਿਲ੍ਹੇ ਦੇ ਸਰਕਾਰੀ ਹਾਈ ਸਕੂਲ, ਦਸਗਰਾਂ ਅਤੇ ਮਾਊਂਟ ਕਾਰਮਲ ਸਕੂਲ, ਜਿੰਦਵੜੀ ਵਿੱਚ ਜਾ ਕੇ ਨੌਵੇਂ ਪਾਤਸ਼ਾਹ ਦੀਆਂ ਸਿੱਖਿਆਵਾਂ, ਜੀਵਨ ਅਤੇ ਲਾਸਾਨੀ ਸ਼ਹਾਦਤ ਬਾਰੇ ਵਿਦਿਆਰਥੀਆਂ ਨਾਲ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਨੇ ਸਾਰੇ ਡਿਪਟੀ ਕਮਿਸ਼ਨਰਾਂ ਅਤੇ ਹੋਰ ਸੀਨੀਅਰ ਅਧਿਕਾਰੀਆਂ ਨੂੰ ਵੀ ਅਪੀਲ ਕੀਤੀ ਕਿ ਉਹ ਸਕੂਲਾਂ ਵਿੱਚ ਜਾ ਕੇ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਨ ਅਤੇ ਗੁਰੂ ਸਾਹਿਬ ਦੀ ਵਿਰਾਸਤ ਦੀ ਮਹੱਤਤਾ ਬਾਰੇ ਜਾਗਰੂਕ ਕਰਨ।

ਇਸ ਮੌਕੇ ਸੰਬੋਧਨ ਕਰਦਿਆਂ ਸ. ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਸ.ਜੀ.ਪੀ.ਸੀ. ਤੋਂ ਪ੍ਰਵਾਨ ਕਰਾ ਕੇ ਇਹ ਸਿੱਖਿਆ ਪ੍ਰੋਗਰਾਮ ਤਿਆਰ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ 30 ਨਵੰਬਰ, 2025 ਤੱਕ (ਛੁੱਟੀਆਂ ਨੂੰ ਛੱਡ ਕੇ) ਚੱਲਣ ਵਾਲੇ ਇਸ ਸਿੱਖਿਆ ਪ੍ਰੋਗਰਾਮ ਤਹਿਤ ਸਵੇਰ ਦੀ ਸਭਾ ਵਿੱਚ 10-12 ਮਿੰਟ ਲਈ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਜੀਵਨ, ਸ਼ਹਾਦਤ, ਮਾਤਾ ਗੁਜਰੀ ਜੀ ਦੇ ਜੀਵਨ ਅਤੇ ਖਾਲਸਾ ਪੰਥ ਦੀ ਸਿਰਜਣਾ ਬਾਰੇ ਜਾਣਕਾਰੀ ਸਾਂਝੀ ਕੀਤੀ ਜਾਵੇਗੀ। ਇਸ ਤੋਂ ਇਲਾਵਾ ਵਿਸ਼ੇਸ਼ ਭਾਸ਼ਣ, ਕਵਿਤਾ ਪਾਠ, ਭਾਸ਼ਣ ਮੁਕਾਬਲੇ ਅਤੇ ਇਤਿਹਾਸਕ ਕਿਤਾਬਾਂ ਦੀ ਵੰਡ ਸਬੰਧੀ ਪ੍ਰੋਗਰਾਮ ਉਲੀਕੇ ਗਏ ਹਨ, ਜਿਹਨਾਂ ਦਾ ਉਦੇਸ਼ ਨੌਵੇਂ ਪਾਤਸ਼ਾਹ ਦੀਆਂ ਸਿੱਖਿਆਵਾਂ ਤੇ ਕਦਰਾਂ-ਕੀਮਤਾਂ ਬਾਰੇ ਨੌਜਵਾਨਾਂ ਵਿੱਚ ਡੂੰਘੀ ਸੂਝ ਪੈਦਾ ਕਰਨਾ ਹੈ।



ਸ. ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਇਸ ਪਹਿਲ ਤਹਿਤ ਇਤਿਹਾਸ ਦੀ ਸੂਝ ਦੇਣ ਦੇ ਨਾਲ ਨਾਲ ਨੌਜਵਾਨਾਂ ਵਿੱਚ ਚਰਿੱਤਰ ਨਿਰਮਾਣ ਅਤੇ ਉੱਚ ਮਾਨਵੀ ਕਦਰਾਂ-ਕੀਮਤਾਂ ਪੈਦਾ ਕਰਨ 'ਤੇ ਧਿਆਨ ਕੇਂਦ੍ਰਿਤ ਕੀਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ ਭਾਈਚਾਰਿਆਂ ਤੋਂ ਪਰੇ ਮਾਨਵਤਾ ਅਤੇ ਧਾਰਮਿਕ ਏਕਤਾ ਦਾ ਚਾਨਣ ਮੁਨਾਰਾ ਹੈ ਅਤੇ ਨਵੀਂ ਪੀੜ੍ਹੀ ਲਈ ਉਨ੍ਹਾਂ ਦੀ ਬਹਾਦਰੀ ਅਤੇ ਸ਼ਹਾਦਤ ਦੀ ਵਿਰਾਸਤ ਨੂੰ ਸਮਝਣਾ ਅਤੇ ਅਪਣਾਉਣਾ ਬੇਹੱਦ ਜ਼ਰੂਰੀ ਹੈ।

ਸਿੱਖਿਆ ਮੰਤਰੀ ਨੇ ਕਿਹਾ ਕਿ ਸਾਡਾ ਟੀਚਾ ਜੀਵਨ ਦੇ ਇੱਕ ਅਜਿਹੇ ਫਲਸਫੇ ਨੂੰ ਉਤਸ਼ਾਹਿਤ ਕਰਨਾ ਹੈ ਜੋ ਵਿਦਿਆਰਥੀਆਂ ਨੂੰ ਜ਼ਿੰਮੇਵਾਰ ਅਤੇ ਬਿਹਤਰ ਇਨਸਾਨ ਬਣਾਉਂਦਾ ਹੈ। ਉਨ੍ਹਾਂ ਨੇ ਅਧਿਆਪਕਾਂ ਨੂੰ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਦੀਆਂ ਸਿੱਖਿਆਵਾਂ ਨੂੰ ਸਮਰਪਣ ਅਤੇ ਸਤਿਕਾਰ ਨਾਲ ਵਿਦਿਆਰਥੀਆਂ ਤੱਕ ਪਹੁੰਚਾਉਣ ਦੀ ਅਪੀਲ ਵੀ ਕੀਤੀ।

# ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਮਾਗਮਾਂ ਵਿੱਚ ਸ਼ਾਮਲ ਹੋਣ ਦਾ ਸੱਦਾ



**ਸ੍ਰੀ ਅਨੰਦਪੁਰ ਸਾਹਿਬ, 12 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਦੇ ਪਵਿੱਤਰ ਅਤੇ ਸ਼ਾਨਦਾਰ ਸਮਾਗਮਾਂ ਨੂੰ ਲਈ ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਅਤੇ ਸੈਰ-ਸਪਾਟਾ ਤੇ ਸੱਭਿਆਚਾਰਕ ਮਾਮਲੇ ਵਿਭਾਗ ਦੇ ਸਲਾਹਕਾਰ ਦੀਪਕ ਬਾਲੀ ਨੇ ਅੱਜ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨਾਲ ਮੁਲਾਕਾਤ ਕੀਤੀ। ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਪਵਿੱਤਰ ਅਸਥਾਨ ਵਿਖੇ ਹੋਈ ਮੀਟਿੰਗ ਦੌਰਾਨ ਹਰਜੋਤ ਸਿੰਘ ਬੈਂਸ ਅਤੇ ਦੀਪਕ ਬਾਲੀ ਨੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਨੌਵੇਂ ਪਾਤਸ਼ਾਹ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਮਾਗਮਾਂ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ। ਸਿੱਖਿਆ ਮੰਤਰੀ ਨੇ 23 ਨਵੰਬਰ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਣ ਵਾਲੇ 'ਸਰਬ ਧਰਮ ਸੰਮੇਲਨ' ਵਿੱਚ ਜਥੇਦਾਰ ਸਾਹਿਬ ਨੂੰ ਸ਼ਾਮਲ ਹੋਣ ਦੀ ਬੇਨਤੀ ਵੀ ਕੀਤੀ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਸ਼ਾਂਤੀ, ਆਪਸੀ ਭਾਈਚਾਰੇ, ਕੁਰਬਾਨੀ ਅਤੇ ਸਾਰੇ ਧਰਮਾਂ ਦੀ ਰਾਖੀ ਦੇ ਸੰਦੇਸ਼ ਨੂੰ ਦੁਨੀਆਂ ਭਰ ਦੀ ਸੰਗਤ ਤੱਕ ਪਹੁੰਚਾਉਣ ਵਾਲਾ ਇਹ ਸਰਬ ਧਰਮ ਸੰਮੇਲਨ ਇੱਕ ਬੇਹੱਦ ਅਹਿਮ ਸਮਾਗਮ ਹੋਵੇਗਾ ਜੋ ਸਾਰੇ ਮਨੁੱਖਾਂ ਵਿੱਚ ਏਕਤਾ ਅਤੇ ਸਦਭਾਵਨਾ ਨੂੰ ਉਤਸ਼ਾਹਿਤ ਕਰੇਗਾ।

# ਸ਼ਹੀਦੀ ਦਿਹਾੜੇ ਨੂੰ ਸਮਰਪਿਤ ਵਿਸ਼ੇਸ਼ ਲਾਈਟ ਐਂਡ ਸਾਊਂਡ ਸ਼ੋਅ ਬਰਨਾਲਾ 'ਚ 14 ਨਵੰਬਰ ਨੂੰ: ਡੀ.ਸੀ.




**ਬਰਨਾਲਾ, 12 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੇ 350 ਵੇਂ ਸਾਲ ਨੂੰ ਸਮਰਪਿਤ ਵਿਸ਼ੇਸ਼ ਲਾਈਟ ਐਂਡ ਸਾਊਂਡ ਸ਼ੋਅ 14 ਨਵੰਬਰ ਨੂੰ ਬਾਬਾ ਕਾਲਾ ਮਿਹਰ ਸਟੇਡੀਅਮ ਬਰਨਾਲਾ ਵਿਖੇ ਕਰਵਾਇਆ ਜਾ ਰਿਹਾ ਹੈ।

ਇਸ ਸੰਬੰਧੀ ਸੱਦੀ ਗਈ ਮੀਟਿੰਗ ਦੀ ਅਗਵਾਈ ਕਰਦਿਆਂ ਡਿਪਟੀ ਕਮਿਸ਼ਨਰ ਬਰਨਾਲਾ ਸ਼੍ਰੀ ਟੀ. ਬੈਨਿਥ ਨੇ ਕਿਹਾ ਕਿ ਇਸ ਸਮਾਗਮ 'ਚ ਮੰਤਰੀ ਸ਼੍ਰੀ ਹਰਪਾਲ ਸਿੰਘ ਚੀਮਾ, ਮੰਤਰੀ ਸ਼੍ਰੀ ਅਮਨ ਅਰੋੜਾ ਅਤੇ ਸੰਸਦ ਮੈਂਬਰ ਸ਼੍ਰੀ ਗੁਰਮੀਤ ਸਿੰਘ ਮੀਤ ਹੇਅਰ ਵਿਸ਼ੇਸ਼ ਰੂਪ 'ਚ ਸ਼ਮੂਲੀਅਤ ਕਰਨਗੇ। ਮੀਟਿੰਗ ਵਿੱਚ ਐਸ.ਐਸ.ਪੀ. ਬਰਨਾਲਾ ਸ਼੍ਰੀ ਸਰਫ਼ਰਾਜ ਆਲਮ ਸਮੇਤ ਹੋਰ ਅਧਿਕਾਰੀ ਮੌਜੂਦ ਸਨ। ਡਿਪਟੀ ਕਮਿਸ਼ਨਰ ਨੇ ਵੱਖ-ਵੱਖ ਵਿਭਾਗਾਂ ਨੂੰ ਤਿਆਰੀਆਂ ਕਰਨ ਸਬੰਧੀ ਹੁਕਮ ਦਿੱਤੇ।

ਜੰਗਲਾਤ ਵਿਭਾਗ ਨੂੰ ਕਿਹਾ ਗਿਆ ਕਿ ਸਟੇਡੀਅਮ ਦੇ ਆਲੇ ਦੁਆਲੇ ਸਾਰੇ ਦਰੱਖ਼ਤ ਅਤੇ ਝਾੜੀਆਂ ਛਾਂਗ ਦਿੱਤੀਆਂ ਜਾਣ। ਬਿਜਲੀ ਵਿਭਾਗ ਨੂੰ ਹਦਾਇਤ ਦਿੱਤੀ ਗਈ ਕਿ ਇਲਾਕੇ ਵਿੱਚ ਕਿਤੇ ਵੀ ਨੀਵੀਆਂ ਬਿਜਲੀ ਦੀਆਂ ਤਾਰਾਂ ਨਾ ਰਹਿਣ। ਪੁਲਿਸ ਨੂੰ ਨਿਰਦੇਸ਼ ਦਿੱਤੇ ਕਿ ਸ਼ੋਅ ਵਿਖੇ ਆਉਣ ਵਾਲੀ ਸੰਗਤ ਲਈ ਸੁਚੱਜੇ ਪਾਰਕਿੰਗ ਆਏ ਸੁਰੱਖਿਆ ਪ੍ਰਬੰਧ ਕੀਤੇ ਜਾਣ। ਜ਼ਿਲ੍ਹਾ ਮੰਡੀ ਬੋਰਡ ਅਤੇ ਨਗਰ ਕੌਂਸਲ ਬਰਨਾਲਾ ਨੂੰ ਪੀਣ ਵਾਲੇ ਪਾਣੀ, ਸਾਫ਼-ਸਫ਼ਾਈ ਅਤੇ ਲਾਇਟ ਦੀ ਵਿਵਸਥਾ ਯਕੀਨੀ ਬਣਾਉਣ ਲਈ ਕਿਹਾ ਗਿਆ। ਸਿਹਤ ਵਿਭਾਗ ਨੂੰ ਸਿਹਤ ਸਬੰਧੀ ਮੁੱਢਲੀ ਸਹਾਇਤਾ ਦਾ ਪ੍ਰਬੰਧ ਕਰਨ ਦੀ ਹਦਾਇਤ ਕੀਤੀ ਗਈ। ਡਿਪਟੀ ਕਮਿਸ਼ਨਰ ਨੇ ਬਰਨਾਲਾ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਸਮੇਤ ਇਸ ਸ਼ੋਅ ਦਾ ਹਿੱਸਾ ਬਣਨ ਤਾਂ ਜੋ ਨਵੀਂ ਪੀੜ੍ਹੀ ਗੁਰੂ ਸਾਹਿਬਾਨ ਦੇ ਅਮੁੱਲੇ ਯੋਗਦਾਨ ਤੋਂ ਜਾਣੂ ਹੋ ਸਕੇ।

ਇਸ ਮੌਕੇ ਉੱਤੇ ਐ.ਡੀ.ਸੀ. (ਜੀ) ਮੈਡਮ ਅਨੁਪ੍ਰੀਤਾ ਜੌਹਲ, ਐਸ.ਡੀ.ਐਮ. ਬਰਨਾਲਾ ਮੈਡਮ ਸੋਨਮ ਅਤੇ ਹੋਰ ਸਾਰੇ ਵਿਭਾਗਾਂ ਦੇ ਅਫਸਰ ਮੌਜੂਦ ਸਨ।

# 'ਯੁੱਧ ਨਸ਼ਿਆਂ ਵਿਰੁੱਧ': 254ਵੇਂ ਦਿਨ, ਪੰਜਾਬ ਪੁਲਿਸ ਵੱਲੋਂ 1.3 ਕਿਲੋਗ੍ਰਾਮ ਹੈਰੋਇਨ ਅਤੇ 26 ਹਜ਼ਾਰ ਰੁਪਏ ਦੀ ਡਰੱਗ ਮਨੀ ਸਮੇਤ 75 ਨਸ਼ਾ ਤਸਕਰ ਕਾਬੂ

**ਚੰਡੀਗੜ੍ਹ, 12 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸੂਬੇ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਵਿੱਢੀ ਨਸ਼ਾ ਵਿਰੁੱਧ ਜੰਗ ÷ਯੁੱਧ ਨਸ਼ਿਆਂ ਵਿਰੁੱਧ÷ ਨੂੰ ਲਗਾਤਾਰ 254ਵੇਂ ਦਿਨ ਵੀ ਜਾਰੀ ਰੱਖਦਿਆਂ, ਪੰਜਾਬ ਪੁਲਿਸ ਨੇ ਅੱਜ 281 ਥਾਵਾਂ 'ਤੇ ਛਾਪੇਮਾਰੀ ਕੀਤੀ, ਜਿਸ ਦੌਰਾਨ ਸੂਬੇ ਭਰ ਵਿੱਚ 60 ਐਫਆਈਆਰਜ਼ ਦਰਜ ਕਰਕੇ 75 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਸ ਨਾਲ, 254 ਦਿਨਾਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 36,013 ਹੋ ਗਈ ਹੈ।

ਇਸ ਛਾਪੇਮਾਰੀ ਦੌਰਾਨ ਗ੍ਰਿਫ਼ਤਾਰ ਕੀਤੇ ਗਏ ਨਸ਼ਾ ਤਸਕਰਾਂ ਦੇ ਕਬਜ਼ੇ ਵਿੱਚੋਂ 1.3 ਕਿਲੋ ਹੈਰੋਇਨ, 1419 ਨਸ਼ੀਲੀਆਂ ਗੋਲੀਆਂ ਅਤੇ 26,050 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ ਹੈ।

ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੁਲਿਸ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ ਅਤੇ ਸੀਨੀਅਰ ਪੁਲਿਸ ਸੁਪਰਡੈਂਟ ਨੂੰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਕਿਹਾ ਗਿਆ ਹੈ। ਪੰਜਾਬ ਸਰਕਾਰ ਨੇ ਨਸ਼ਿਆਂ ਵਿਰੁੱਧ ਜੰਗ ਦੀ ਨਿਗਰਾਨੀ ਲਈ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਵਿੱਚ 5 ਮੈਂਬਰੀ ਕੈਬਨਿਟ ਸਬ ਕਮੇਟੀ ਦਾ ਵੀ ਗਠਨ ਕੀਤਾ ਹੈ।

ਇਸ ਆਪਰੇਸ਼ਨ ਦੌਰਾਨ 56 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 800 ਤੋਂ ਵੱਧ ਪੁਲਿਸ ਮੁਲਾਜ਼ਮਾਂ ਵਾਲੀਆਂ 100 ਤੋਂ ਵੱਧ ਪੁਲਿਸ ਟੀਮਾਂ ਨੇ ਰਾਜ ਭਰ ਵਿੱਚ 281 ਛਾਪੇ ਮਾਰੇ ਹਨ। ਦਿਨ ਭਰ ਚੱਲੇ ਇਸ ਆਪ੍ਰੇਸ਼ਨ ਦੌਰਾਨ ਪੁਲਿਸ ਟੀਮਾਂ ਨੇ 307 ਸ਼ੱਕੀ ਵਿਅਕਤੀਆਂ ਦੀ ਵੀ ਜਾਂਚ ਕੀਤੀ ਹੈ।

ਸੂਬਾ ਸਰਕਾਰ ਵੱਲੋਂ ਸੂਬੇ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਤਿੰਨ-ਪੱਖੀ ਰਣਨੀਤੀ - ਇਨਫੋਰਸਮੈਂਟ, ਡੀ-ਅਡਿਕਸ਼ਨ ਅਤੇ ਪ੍ਰੀਵੈਨਸ਼ਨ (ਈਡੀਪੀ) - ਲਾਗੂ ਕੀਤੀ ਗਈ ਹੈ ਅਤੇ ਪੰਜਾਬ ਪੁਲਿਸ ਨੇ 'ਡੀ-ਅਡਿਕਸ਼ਨ' ਹਿੱਸੇ ਵਜੋਂ ਅੱਜ 23 ਵਿਅਕਤੀਆਂ ਨੂੰ ਨਸ਼ਾ ਛੁਡਾਊ ਅਤੇ ਮੁੜ ਵਸੇਬਾ ਇਲਾਜ ਕਰਵਾਉਣ ਲਈ ਰਾਜ਼ੀ ਕੀਤਾ ਹੈ।

# 'ਤਾਕਤ ਕਲਮ ਦੀ' ਮਾਛੀਵਾੜਾ ਸਾਹਿਬ ਤੋਂ ਲੱਗੀਆਂ ਖ਼ਬਰਾਂ ਦਾ ਅਸਰ, ਭਾਰੀ ਆਵਾਜਾਈ ਨੂੰ ਰੋਕਣ ਲਈ ਪ੍ਰਸ਼ਾਸਨ ਨੇ ਸਤਲੁਜ ਪੁਲ 'ਤੇ ਦੀਵਾਰ ਬਣਾਈ

**ਮਾਛੀਵਾੜਾ ਸਾਹਿਬ, 12 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਤਲੁਜ ਦਰਿਆ 'ਤੇ ਸ਼ਹੀਦ ਭਗਤ ਸਿੰਘ ਯਾਦਗਾਰੀ ਪੁਲ ਜਿਸ ਦੀ ਸਲੈਬ ਧਸਣ ਕਾਰਨ ਨਵਾਂਸ਼ਹਿਰ ਪ੍ਰਸ਼ਾਸਨ ਵਲੋਂ ਭਾਰੀ ਆਵਾਜਾਈ ਲਈ ਬੰਦ ਕੀਤਾ ਹੋਇਆ ਸੀ। ਕੁਝ ਦਿਨਾਂ ਤੋਂ ਰੇਤ ਦੇ ਭਰੇ ਟਿੱਪਰ ਅਤੇ ਹੋਰ ਭਾਰੀ ਵਾਹਨ ਬੇਖੌਫ਼ ਗੁਜ਼ਰਨ ਕਾਰਨ ਹੋਰ ਭਾਰੀ ਨੁਕਸਾਨ ਹੋਣ ਦੀ ਆਸ਼ੰਕਾ ਸੀ। ਇੱਥੇ ਹੀ ਬੱਸ ਨਹੀਂ ਪੁੱਲ ਦੇ ਉੱਤੋਂ ਸ਼ਰੇਆਮ ਨਜ਼ਰੀ ਆਉਂਦੀ ਚੱਲ ਰਹੀ ਨਜਾਇਜ਼ ਮਾਈਨਿੰਗ ਵੀ ਇਸ ਪੁੱਲ ਲਈ ਵੱਡਾ ਖਤਰਾ ਸੀ ,ਕਿਉਂਕਿ ਇੱਥੋਂ ਹੀ ਨਜਾਇਜ਼ ਮਾਈਨਿੰਗ ਬਾਰੇ ਭਰੇ ਰੇਤੇ ਦੇ ਟਿੱਪਰ ਟਰਾਲੀਆਂ ਦਿਨ ਰਾਤ ਗੁਜਰਦੇ ਸਨ। ਮਾਛੀਵਾੜਾ ਸਾਹਿਬ ਤੋਂ ਪੱਤਰਕਾਰ ਭਾਈਚਾਰੇ ਨੇ ਇਸ ਨੂੰ ਰੋਕਣ ਦਾ ਮੁੱਦਾ ਉਠਾਇਆ। ਦਰਿਆ ਦੇ ਵਿੱਚ ਚੱਲ ਰਹੀ ਨਜਾਇਜ਼ ਮਾਈਨਿੰਗ ਦੀਆਂ ਖਬਰਾਂ ਪ੍ਰਕਾਸ਼ਿਤ ਕੀਤੀਆਂ, ਇੱਥੋਂ ਤੱਕ ਕਿ ਨਜਾਇਜ ਮਾਇਨਿੰਗ ਕਰਨ ਵਾਲਿਆਂ ਨੇ ਪੱਤਰਕਾਰਾਂ ਨਾਲ ਬਦਸਲੂਕੀ ਵੀ ਕੀਤੀ। ਖਬਰਾਂ ਪ੍ਰਕਾਸ਼ਿਤ ਹੋਣ ਉਪਰੰਤ ਪ੍ਰਸ਼ਾਸਨ ਵਲੋਂ ਸਖਤ ਕਾਰਵਾਈ ਕਰਦਿਆਂ ਬੀਤੀ ਰਾਤ ਇਸ ਪੁਲ ਦੇ ਦੋਵੇਂ ਪਾਸੇ ਪੱਕੀ ਦੀਵਾਰ ਬਣਾ ਦਿੱਤੀ ਗਈ ਹੈ ਤਾਂ ਜੋ ਭਾਰੀ ਆਵਾਜਾਈ ਨੂੰ ਰੋਕਿਆ ਜਾ ਸਕੇ। ਸੰਨ 2004 ਵਿਚ ਬਣ ਕੇ ਤਿਆਰ ਹੋਇਆ ਇਹ ਸ਼ਹੀਦ ਭਗਤ ਸਿੰਘ ਯਾਦਗਾਰੀ ਪੁਲ ਦੀ ਸਲੈਬ ਤਿੰਨ ਵਾਰ ਧੱਸ ਚੁੱਕੀ ਹੈ ਅਤੇ ਇਸ ਦੀ ਮੁਰੰਮਤ ਕਰਕੇ ਮੁੜ ਇਸ ਨੂੰ ਚਾਲੂ ਕਰ ਦਿੱਤਾ ਜਾਂਦਾ ਹੈ ਪਰ ਹੁਣ ਪਿਛਲੇ ਸਾਲ ਸੰਨ 2024 ਅਕਤੂਬਰ ਵਿਚ ਇਸ ਪੁਲ ਦੀ ਸਲੈਬ ਧਸੀ ਅਤੇ ਮੁੜਕੇ ਅੱਜ 1 ਸਾਲ ਤੋਂ ਵੱਧ ਦਾ ਸਮਾਂ ਬੀਤ ਗਿਆ ਪਰ ਇਸ ਦੀ ਮੁਰੰਮਤ ਦਾ ਕੰਮ ਅਜੇ ਤੱਕ ਸ਼ੁਰੂ ਨਾ ਹੋ ਸਕਿਆ। ਸਤਲੁਜ ਦਰਿਆ ਦੇ ਪੁਲ ਦੀ ਮੁਰੰਮਤ ਲਈ ਲੋਕ ਨਿਰਮਾਣ ਵਿਭਾਗ ਵਲੋਂ ਰੁੜਕੀ ਆਈ.ਟੀ. ਵਿੰਗ ਨੂੰ ਪੱਤਰ ਭੇਜਿਆ ਸੀ ਕਿ ਕਿਸ ਤਕਨੀਕ ਨਾਲ ਇਸ ਦੀ ਮੁਰੰਮਤ ਕੀਤੀ ਪਰ ਉਨ੍ਹਾਂ ਵਲੋਂ ਪੱਤਰ ਭੇਜ ਕੇ ਜਵਾਬ ਦਿੱਤਾ ਗਿਆ ਕਿ ਇਸ ਪੁਲ ਦੀ ਸਲੈਬ ਦੀ ਮੁਰੰਮਤ ਕਰਨ ਨਾਲ ਕੰਮ ਨਹੀਂ ਚੱਲੇਗਾ ਬਲਕਿ ਪਿੱਲਰਾਂ ਉੱਪਰ ਬਣੀ ਸੀਮਿੰਟ ਦੇ ਗਾਰਡਰ ਵਾਲੀ ਸਲੈਬ ਦੀ ਵੀ ਮੁਰੰਮਤ ਕਰਨੀ ਹੋਵੇਗੀ। ਰੁੜਕੀ ਆਈ.ਟੀ. ਵਿੰਗ ਵਲੋਂ ਆਏ ਪੱਤਰ ਨੂੰ ਵੀ ਕਈ ਮਹੀਨੇ ਬੀਤ ਗਏ ਪਰ ਅਜੇ ਤੱਕ ਇਸ ਦੀ ਮੁਰੰਮਤ ਸ਼ੁਰੂ ਨਾ ਹੋਈ। ਇੱਕ ਹਫ਼ਤਾ ਪਹਿਲਾਂ ਜਦੋਂ ਹੜ੍ਹਾਂ ਤੋਂ ਬਾਅਦ ਰੇਤ ਦੇ ਭਰੇ ਟਿੱਪਰ ਲੰਘਣੇ ਸ਼ੁਰੂ ਹੋਏ ਅਤੇ ਨਾਲ ਹੀ ਗੋਬਿੰਦਗੜ੍ਹ ਤੋਂ ਸਰੀਆ ਤੇ ਹੋਰ ਵਸਤੂਆਂ ਨਾਲ ਭਰੇ ਭਾਰੇ ਵਾਹਨ ਵੀ ਗੁਜ਼ਰਨ ਲੱਗ ਪਏ ਜਿਸ ਨਾਲ ਇਸ ਪੁਲ ਦੀ ਹੋਂਦ ਨੂੰ ਵੱਡਾ ਖ਼ਤਰਾ ਖੜਾ ਹੋ ਗਿਆ। ਅਖ਼ਬਾਰਾਂ ਦੀਆਂ ਸੁਰਖ਼ੀਆਂ ਜਦੋਂ ਨਵਾਂਸ਼ਹਿਰ ਪ੍ਰਸ਼ਾਸਨ ਤੱਕ ਪੁੱਜੀਆਂ ਤਾਂ ਉਨ੍ਹਾਂ ਪੁਲ ਦੇ ਦੋਵੇਂ ਪਾਸੇ ਪੱਕੀ ਦੀਵਾਰ ਬਣਾ ਦਿੱਤੀ ਜਿਸ ਰਾਹੀਂ ਕੇਵਲ 4 ਪਹੀਆ ਹਲਕੇ ਵਾਹਨ ਵੀ ਗੁਜ਼ਰ ਸਕਣਗੇ। ਮਾਲਵੇ ਤੋਂ ਦੋਆਬੇ ਨੂੰ ਜਾਣ ਵਾਲੇ ਭਾਰੀ ਵਾਹਨ ਅਤੇ ਹਿਮਾਚਲ ਪ੍ਰਦੇਸ਼ ਤੋਂ ਦੋਆਬੇ ਰਾਹੀਂ ਆਉਣ ਵਾਲੇ ਭਾਰੀ ਵਾਹਨ ਹੁਣ ਪੁਲ ਦੀ ਖਸਤਾ ਹਾਲਤ ਹੋਣ ਕਾਰਨ ਹੁਣ ਰੋਜ਼ਾਨਾ ਲੱਖਾਂ ਰੁਪਏ ਦਾ ਵਾਧੂ ਡੀਜ਼ਲ ਫੂਕ ਕੇ ਲੰਮਾਂ ਪੈਂਡਾ ਤੈਅ ਕਰਕੇ ਆਪਣੀ ਮੰਜ਼ਿਲ 'ਤੇ ਪਹੁੰਚਣਗੇ। ਭਾਰੀ ਵਾਹਨਾਂ ਦੀ ਆਵਾਜਾਈ ਮੁਕੰਮਲ ਤੌਰ 'ਤੇ ਬੰਦ ਹੋ ਜਾਣ ਤੋਂ ਬਾਅਦ ਖੰਨਾ ਤੋਂ ਲੈ ਕੇ ਨਵਾਂਸ਼ਹਿਰ ਤੱਕ ਰਸਤੇ ਵਿਚ ਬਣੇ ਪੈਟਰੋਲ ਪੰਪ, ਢਾਬਾ ਮਾਲਕ ਅਤੇ ਹੋਰ ਦੁਕਾਨਾਂ ਦਾ ਕਾਰੋਬਾਰ ਪ੍ਰਭਾਵਿਤ ਹੋਇਆ ਪਿਆ ਹੈ, ਇਸ ਲਈ ਲੋਕਾਂ ਨੇ ਮੰਗ ਕੀਤੀ ਕਿ ਸਰਕਾਰ ਇਸ ਖਸਤਾ ਹਾਲਤ ਪੁਲ ਦੀ ਮੁਰੰਮਤ ਕਰ ਹਰੇਕ ਵਾਹਨ ਦੀ ਆਵਜਾਈ ਖੋਲ੍ਹੇ। ਸਤਲੁਜ ਦਰਿਆ ਕਿਨਾਰੇ ਵਸਦੇ ਪਿੰਡਾਂ ਦੇ ਕਿਸਾਨ ਸੁਖਵਿੰਦਰ ਸਿੰਘ ਸੇਖਾ ਮਾਜਰਾ, ਜੋਗਿੰਦਰ ਸਿੰਘ ਨੀਲੋਂਵਾਲ, ਮਨਪ੍ਰੀਤ ਸਿੰਘ, ਰਾਜਪਾਲ ਸਿੰਘ ਗਿੱਲ, ਇੰਦਰਜੀਤ ਸਿੰਘ ਰਾਹੋਂ, ਹਰਪ੍ਰੀਤ ਸਿੰਘ ਉਧੋਵਾਲ ਨੇ ਕਿਹਾ ਕਿ ਉਨ੍ਹਾਂ ਦੀਆਂ ਜਮੀਨਾਂ ਸਤਲੁਜ ਦਰਿਆ ਦੇ ਇੱਧਰ ਵੀ ਹਨ ਅਤੇ ਦੂਸਰੇ ਪਾਸੇ ਵੀ ਹਨ। ਕਣਕ ਦੀ ਬਿਜਾਈ ਕਾਰਨ ਉਨ੍ਹਾਂ ਨੂੰ ਇਸ ਪੁਲ ਰਾਹੀਂ ਟ੍ਰੈਕਟਰ-ਟਰਾਲੀ ਤੇ ਹੋਰ ਸੰਦ ਸਮਾਨ ਰੋਜ਼ਾਨਾ ਲੈ ਕੇ ਜਾਣਾ ਪੈਂਦਾ ਹੈ ਪਰ ਪ੍ਰਸ਼ਾਸਨ ਨੇ ਪੱਕੀ ਦੀਵਾਰ ਕੀਤੇ ਜਾਣ ਕਾਰਨ ਉਨ੍ਹਾਂ ਦੇ ਵਾਹਨ ਨਹੀਂ ਲੰਘ ਰਹੇ ਜਿਸ ਕਾਰਨ ਉਨ੍ਹਾਂ ਨੂੰ ਮੁਸ਼ਕਿਲ ਆ ਰਹੀ ਹੈ। ਕਿਸਾਨਾਂ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਭਾਰੀ ਵਾਹਨ ਬੇਸ਼ੱਕ ਪੁਲ ਦੀ ਮੁਰੰਮਤ ਤੱਕ ਰੋਕ ਲਏ ਜਾਣ ਪਰ ਕਿਸਾਨਾਂ ਦੀਆਂ ਟ੍ਰੈਕਟਰ ਟਰਾਲੀਆਂ ਅਤੇ ਹੋਰ ਖੇਤੀਬਾੜੀ ਸੰਦ ਜਿਸ ਦੀ ਚੌੜਾਈ ਜਿਆਦਾ ਹੈ ਉਹ ਲੰਘਾਏ ਜਾਣ।



# ਹਰਿਆਣਾ ਵਿੱਚ ਗਰੁੱਪ ਸੀ ਅਹੁਦਿਆਂ ਦੀ ਮੰਗ ਨਵੇਂ ਸਿਰੇ ਤੋਂ ਅਪਲੋਡ ਕਰਨ ਦੇ ਨਿਰਦੇਸ਼

**ਚੰਡੀਗੜ੍ਹ, 12 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਸਕੱਤਰ ਸ੍ਰੀ ਅਨੁਰਾਗ ਰਸਤੋਗੀ ਨੇ ਸਾਰੇ ਵਿਭਾਗਾਂ ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ ਪੂਰਵ ਅਗਨੀਵੀਰਾਂ ਦੇ ਅਹੁਦਿਆਂ ਨੂੰ ਛੱਡ ਕੇ ਗਰੁੱਪ ਸੀ ਅਹੁਦਿਆਂ ਦੀ ਨਵੀਂ ਅਤੇ ਵਾਪਸ ਲਈ ਗਈ ਮੰਗਾਂ ਨੂੰ ਹਰਿਆਣਾ ਕਰਮਚਾਰੀ ਚੋਣ ਕਮਿਸ਼ਨ ਦੇ ਪੋਰਟਲ 'ਤੇ 15 ਨਵੰਬਰ, 2025 ਤੱਕ ਜਰੂਰੀ ਰੂਪ ਨਾਲ ਅਪਲੋਡ ਕਰਨ।

ਇਸ ਸਬੰਧ ਵਿੱਚ ਸਾਰੇ ਪ੍ਰਸਾਸ਼ਨਿਕ ਸਕੱਤਰਾਂ, ਵਿਭਾਗ ਦੇ ਪ੍ਰਮੁੱਖਾਂ, ਡਿਵੀਜਨਲ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ ਅਤੇ ਬੋਰਡਾਂ ਅਤੇ ਨਿਗਮਾਂ ਦੇ ਪ੍ਰਬੰਧ ਨਿਦੇਸ਼ਕਾਂ/ਮੁੱਖ ਕਾਰਜਕਾਰੀ ਅਧਿਕਾਰੀਆਂ ਨੂੰ ਇੱਕ ਪੱਤਰ ਜਾਰੀ ਕੀਤਾ ਗਿਆ ਹੈ।

ਪੱਤਰ ਵਿੱਚ ਕਿਹਾ ਗਿਆ ਹੈ ਕਿ ਹਰਿਆਣਾ ਕਰਮਚਾਰੀ ਚੋਣ ਕਮਿਸ਼ਨ ਵੱਲੋਂ ਸਮੂਹ ਸੀ ਅਹੁਦਿਆਂ ਲਈ ਸਮਾਨ ਯੋਗਤਾ ਪ੍ਰੀਖਿਆ (ਸੀਈਟੀ) ਦਾ ਆਯੋਜਨ 26 ਅਤੇ 27 ਜੁਲਾਈ 2025 ਨੂੰ ਕੀਤਾ ਗਿਆ ਸੀ। ਇਸ ਦੇ ਬਾਅਦ ਰਾਜ ਸਰਕਾਰ ਵੱਲੋਂ ਹਰਿਆਣਾ ਕਰਮਚਾਰੀ ਚੋਣ ਕਮਿਸ਼ਨ (ਗਰੁੱਪ ਸੀ ਅਤੇ ਗਰੁੱਪ ਡੀ ਦੀ ਭਰਤੀ ਪ੍ਰਕ੍ਰਿਆ) ਨਿਯਮ, 2025 ਨੋਟੀਫਾਇਡ ਕੀਤੇ ਗਏ। ਇੰਨ੍ਹਾਂ ਨਿਯਮਾਂ ਦੇ ਤਹਿਤ ਰਾਜ ਸਰਕਾਰ ਦੇ ਅਧੀਨ ਸਾਰੇ ਵਿਭਾਗਾਂ ਅਤੇ ਸੰਗਠਨਾਂ ਨੂੰ ਸਬੰਧਿਤ ਸੇਵਾਂ ਨਿਯਮਾਂ ਵਿੱਚ ਨਿਰਦੇਸ਼ਤ ਯੋਗਤਾ ਮਾਨਦੰਡਾਂ ਦਾ ਪਾਲਣ ਕਰਦੇ ਹੋਏ, ਆਪਣੇ ਖਾਲੀ ਗਰੁੱਪ ਸੀ ਅਹੁਦਿਆਂ ਦੀ ਮੰਗ ਕਮਿਸ਼ਨ ਨੂੰ ਨਿਰਧਾਰਿਤ ਪ੍ਰਾਰੂਪ ਵਿੱਚ ਭੇਜਣੀ ਹੁੰਦੀ ਹੈ।

# ਤੁਹਾਡੀ ਰਸੋਈ



## ਪਨੀਰ ਮੱਖਣੀ



ਲਸਣ ਅਤੇ ਪਿਆਜ ਦੇ ਫ਼ਲੇਵਰ ਦੇ ਬਿਨਾਂ, ਜੈਨੀ ਸਟਾਇਲ ਦੀ ਪਨੀਰ ਮੱਖਣੀ ਸਬਜ਼ੀ ਦਾ ਸੁਆਦ ਬਹੁਤ ਹੀ ਚਟਾਖੇਦਾਰ ਹੁੰਦਾ ਹੈ। ਵਰਤ ਵਿੱਚ ਖਾਧੇ ਜਾਣ ਵਾਲੀ ਇਸ ਮਸਾਲੇਦਾਰ ਸਬਜ਼ੀ ਵਿੱਚ ਪਨੀਰ ਨੂੰ ਟਮਾਟਰ ਦੀ ਥਿਕ ਅਤੇ ਸਪਾਇਸੀ ਗ੍ਰੇਵੀ ਦੇ ਨਾਲ ਬਣਾਇਆ ਜਾਂਦਾ ਹੈ। ਇਸ ਕ੍ਰੀਮੀ ਟੈਕਸਚਰ ਵਾਲੀ ਸਬਜ਼ੀ ਦਾ ਸੁਆਦ ਲੈਣ ਲਈ ਤੁਸੀਂ ਹਰ ਤਰ੍ਹਾਂ ਦੀ ਰੋਟੀ ਅਤੇ ਚਾਵਲਾਂ ਦੇ ਨਾਲ ਇਸ ਦਾ ਸੁਆਦ ਲੈ ਸਕਦੇ ਹੋ। ਅੱਜ ਅਸੀਂ ਤੁਹਾਨੂੰ ਇਸ ਨੂੰ ਬਣਾਉਣ ਦੀ ਵਿਧੀ ਬਾਰੇ ਦੱਸਣ ਜਾ ਰਹੇ ਹਾਂ ਆਓ ਜਾਣਦੇ ਹਾਂ ਇਸ ਨੂੰ ਬਣਾਉਣ ਦੀ ਵਿਧੀ ਬਾਰੇ


ਸਮੱਗਰੀ

1 ਚਮਚ ਮੱਖਣ
ਚੁਟਕੀ ਇੱਕ ਜੀਰਾ
ਟਮਾਟਰ ਦੀ ਪਿਊਰੀ
ਤਾਜਾ ਕ੍ਰੀਮ 3/4 ਕੱਪ
ਨਮਕ ਸੁਆਦ ਮੁਤਾਬਕ
ਟਮਾਟਰ ਦੀ ਸਾਓਸ 2 ਚਮਚ
ਕਸ਼ਮੀਰੀ ਮਿਰਚ ਪਾਊਡਰ 1 ਚਮਚ
ਪਨੀਰ ਮਸਾਲਾ ਪਾਊਡਰ 1 ਚਮਚ
ਪਨੀਰ ਕੱਟਿਆ ਹੋਇਆ 200 ਗ੍ਰਾਮ
ਪਿਸੀ ਹੋਈ ਚੀਨੀ 1 ਚਮਚ
ਕਸੂਰੀ ਮੇਥੀ 1 ਚਮੱਚ

ਬਣਾਉਣ ਦੀ ਵਿਧੀ

ਪੈਨ ਗਰਮ ਕਰੋ ਅਤੇ ਉਸ ਵਿੱਚ ਮੱਖਣ ਪਾਓ।
ਮੱਖਣ ਪਿਘਲ ਜਾਣ ’ਤੇ ਉਸ ਵਿੱਚ ਜੀਰਾ ਪਾਓ
ਜੀਰੇ ਦੇ ਚਟਕਣ ’ਤੇ ਇਸ ਵਿੱਚ ਟਮਾਟਰ ਪਿਊਰੀ ਪਾਓ ਅਤੇ ਚੰਗੀ ਤਰ੍ਹਾਂ ਨਾਲ ਮਿਕਸ ਕਰੋ।
ਟਮਾਟਰ ਪਿਊਰੀ ਵਿੱਚ ਉਬਾਲ ਆਉਣ ’ਤੇ ਤਾਜ਼ਾ ਕ੍ਰੀਮ ਮਿਲਾਓ।
ਫ਼ਿਰ ਸਾਓਸ ਅਤੇ ਨਮਕ ਮਿਲਾ ਕੇ ਬਲੈਂਡ ਕਰੋ।
ਇਸ ਤੋਂ ਬਾਅਦ ਇਸ ਪੈਨ ਨੂੰ 10 ਮਿੰਟ ਤੱਕ ਢੱਕ ਕੇ ਰੱਖ ਦਿਓ ਅਤੇ ਪੱਕਣ ਦਿਓ। ਥੋੜ੍ਹੀ-ਥੋੜ੍ਹੀ ਦੇਰ ਵਿੱਚ ਹਿਲਾਉਣਾ ਨਾ ਭੁੱਲੋ।
ਢੱਕਣ ਹਟਾਓ ਅਤੇ ਕਸ਼ਮੀਰੀ ਲਾਲ ਮਿਰਚ ਪਾਊਡਰ ਅਤੇ ਪਨੀਰ ਮਸਾਲਾ ਮਿਲਾ ਕੇ ਚੰਗੀ ਤਰ੍ਹਾਂ ਨਾਲ ਮਿਕਸ ਕਰੋ।
ਫ਼ਿਰ ਟੁੱਕੜੇ ਕੀਤੇ ਹੋਏ ਪਨੀਰ ਪਾ ਕੇ ਮਿਕਸ ਕਰ ਲਓ।
ਸਰਵ ਕਰਨ ਤੋਂ ਪਹਿਲਾਂ ਇਸ ਵਿੱਚ ਕਸੂਰੀ ਮੇਥੀ ਪਾਓ ਅਤੇ ਪੀਸੀ ਹੋਈ ਖੰਡ ਮਿਲਾ ਕੇ ਚੰਗੀ ਤਰ੍ਹਾਂ ਨਾਲ ਮਿਕਸ ਕਰੋ।

## ਚਟਪਟੀ ਫ਼ਰੂਟ ਚਾਟ



ਸਮੱਗਰੀ

150 ਗ੍ਰਾਮ ਉਬਲੇ ਆਲੂ
100 ਗ੍ਰਾਮ ਕੇਲਾ
150 ਗ੍ਰਾਮ ਸੇਬ
120 ਗ੍ਰਾਮ ਖੀਰਾ
50 ਗ੍ਰਾਮ ਲੋਬਿਆ ਉਬਲਿਆ ਹੋਇਆ
150 ਗ੍ਰਾਮ ਪਪੀਤਾ
1 ਚਮਚ ਲਾਲ ਮਿਰਚ
1 ਚਮਚ ਜੀਰਾ ਪਾਊਡਰ
1 ਚਮਚ ਹਰੀ ਮਿਰਚ
1 ਚਮਚ ਨਿੰਬੂ ਦਾ ਰਸ
3 ਚਮਚ ਇਮਲੀ ਦਾ ਪਲਪ
3 ਚਮਚ ਇਮਲੀ ਦੀ ਚਟਨੀ

ਬਣਾਉਣ ਦੀ ਵਿਧੀ

ਸਭ ਤੋਂ ਪਹਿਲਾਂ ਸਾਰੇ ਫ਼ਰੂਟ ਨੂੰ ਕੱਟ ਲਓ ਅਤੇ ਫ਼ਿਰ ਇੱਕ ਕੌਲੀ ਵਿੱਚ ਪਿਆਜ, ਕੇਲੇ, ਸੇਬ, ਖੀਰਾ, ਕਚਾਲੂ, ਪਪੀਤਾ ਅਤੇ ਲੋਬੀਆ ਮਿਲਾ ਲਓ। ਫ਼ਿਰ ਇਸ ਵਿੱਚ ਲਾਲ ਮਿਰਚ , ਚਾਟ ਮਸਾਲਾ, ਹਰੀ ਮਿਰਚ, ਕਾਲਾ ਨਮਕ, ਜੀਰਾ, ਹਰੀ ਮਿਰਚ, ਨਿੰਬੂ ਦਾ ਰਸ, ਇਮਲੀ ਦਾ ਪਲਪ, ਇਮਲੀ ਦੀ ਚਟਨੀ ਪਾ ਕੇ ਮਿਕਸ ਕਰ ਲਓ। ਚਾਟ ਬਣ ਕੇ ਤਿਆਰ ਹੈ ਇਸ ਨੂੰ ਸਰਵ ਕਰੋ।

## ਸਟ੍ਰਾਬਰੀ ਚਾਕਲੇਟ ਬਾਰਸ

ਸਮੱਗਰੀ

4-5 ਸਟ੍ਰਾਬਰੀ
11/2 ਕੱਪ ਕਦੂਕਸ ਕੀਤਾ ਹੋਇਆ ਨਾਰੀਅਲ
1/4 ਕੱਪ ਮੈਪਲ ਸਿਰਪ
150 ਗ੍ਰਾਮ ਕੋਕੋਨਟ ਕ੍ਰੀਮ
2 ਚਮਚ ਕੋਕੋਨਟ ਤੇਲ
1 ਚਮਚ ਵਨੀਲਾ ਅਕਸਟ੍ਰੈਕਟ
200 ਗ੍ਰਾਮ ਡਾਰਕ ਚਾਕਲੇਟ



ਬਣਾਉਣ ਦੀ ਵਿਧੀ

ਸੱਭ ਤੋਂ ਪਹਿਲਾਂ ਸਟ੍ਰਾਬਰੀ ਨੂੰ ਕੁਝ ਦੇਰ ਲਈ ਫ਼ਰਿੱਜ ਵਿੱਚ ਰੱਖ ਦਿਓ ਤਾਂ ਕਿ ਉਹ ਸਖਤ ਹੋ ਜਾਵੇ। ਫ਼ਿਰ ਇਨ੍ਹਾਂ ਨੂੰ ਕੱਢ ਕੇ ਪੀਸ ਲਓ ਅਤੇ ਪਾਊਡਰ ਬਣਾ ਲਓ।

ਇੱਕ ਦੂਜੇ ਕਟੋਰੇ ਵਿੱਚ ਨਾਰੀਅਲ, ਮੈਪਲ ਸਿਰਪ, ਕੋਕੋਨਟ ਕ੍ਰੀਮ, ਵਨੀਲਾ ਅਕਸਟ੍ਰੈਕਟ ਅਤੇ ਕੋਕੋਨਟ ਤੇਲ ਮਿਲਾ ਕੇ ਚੰਗੀ ਤਰ੍ਹਾਂ ਮਿਕਸ ਕਰੋ।

ਫ਼ਿਰ ਇਸ ਵਿੱਚ ਪੀਸੀ ਹੋਈ ਸਟ੍ਰਾਬੇਰੀ ਪਾਊਡਰ ਮਿਲਾਓ ਅਤੇ ਹੱਥ ਨਾਲ ਸਾਰੇ ਮਿਸ਼ਰਣ ਦੇ ਛੋਟੇ ਆਕਾਰ ਦੇ ਬਾਰ ਬਣਾ ਲਓ। ਜਦੋਂ ਸਾਰੇ ਸਟ੍ਰਾਬੇਰੀ ਬਾਰ ਬਣ ਜਾਣ ਤਾਂ ਇਸ ਨੂੰ ਕੁਝ ਦੇਰ ਲਈ ਫ਼ਰਿੱਜ ਵਿੱਚ ਰੱਖ ਦਿਓ।

ਫ਼ਿਰ ਚਾਕਲੇਟ ਨੂੰ ਕਿਸੇ ਕਟੋਰੇ ਵਿੱਚ ਪਾ ਕੇ ਮਾਈਕਰੋਵੇਵ ਵਿੱਚ ਪਿਘਲਣ ਲਈ ਰੱਖ ਦਿਓ।

ਜਦੋਂ ਚਾਕਲੇਟ ਪਿਘਲ ਜਾਵੇ ਤਾਂ ਤਿਆਰ ਸਟ੍ਰਾਬੇਰੀ ਬਾਰ ਨੂੰ ਫ਼ਰਿੱਜ ਵਿੱਚੋਂ ਕੱਢ ਲਓ ਅਤੇ ਇੱਕ-ਇੱਕ ਚਾਕਲੇਟ ਵਿੱਚ ਡਿੱਪ ਕਰਕੇ ਦੂਜੀ ਪਲੇਟ ਵਿੱਚ ਰੱਖ ਦਿਓ। ਇਸੇ ਤਰ੍ਹਾਂ ਸਾਰੀ ਚਾਕਲੇਟ ਬਾਰ ਨੂੰ ਡਿਪ ਕਰਕੇ ਪਲੇਟ ਵਿੱਚ ਕੱਢ ਲਓ ਅਤੇ ਕੁਝ ਦੇਰ ਲਈ ਫ਼ਰਿੱਜ ਵਿੱਚ ਰੱਖ ਦਿਓ ਤਾਂ ਕਿ ਚਾਕਲੇਟ ਚੰਗੀ ਤਰ੍ਹਾਂ ਨਾਲ ਸੈਟ ਹੋ ਜਾਵੇ। ਤੁਹਾਡਾ ਸਟ੍ਰਾਬੇਰੀ ਚਾਕਲੇਟ ਤਿਆਰ ਹੈ।

# ਖ਼ੁਦ ਨਾਲ ਵੀ ਕਰੀਏ ਗੁਫ਼ਤਗੂ

➢ ਦੀਪਤੀ ਬਬੂਟਾ

ਘਰ-ਪਰਿਵਾਰ, ਸਾਕ ਸਬੰਧੀ ਜ਼ਿੰਦਗੀ ਦਾ ਸਰਮਾਇਆ ਹੁੰਦੇ ਹਨ ਤੇ ਇਨ੍ਹਾਂ ਦੇ ਆਲੇ-ਦੁਆਲੇ ਹੀ ਉਮਰ ਚੱਕਾ ਚੱਲਦਾ ਰਹਿੰਦਾ ਹੈ। ਉਨ੍ਹਾਂ ਦੇ ਸੁਪਨਿਆਂ ਦੀ ਪੂਰਤੀ ਲਈ ਉਧੇੜ-ਬੁਣ ਕਰਨਾ ਜ਼ਰੂਰੀ ਹੈ, ਪਰ ਕੋਈ ਇੱਕ ਸੁਪਨਾ ਆਪਣੇ ਲਈ ਬੁਣਨਾ ਵੀ ਜ਼ਰੂਰੀ ਹੈ ਜੋ ਤੁਹਾਡੀ ਆਪਣੀ ਸ਼ਖ਼ਸੀਅਤ ਦੇ ਰੇਖਾ-ਚਿੱਤਰ ਦਾ ਸਭ ਤੋਂ ਖ਼ੂਬਸੂਰਤ ਨਮੂਨਾ ਬਣ ਕੇ ਦੂਜਿਆਂ ਨੂੰ ਖਿੱਚ ਪਾਵੇ ਤੇ ਖ਼ਾਸ ਹੋਣ ਦਾ ਅਹਿਸਾਸ ਹੋ ਜਾਵੇ। ਸੌਣਾ-ਜਾਗਣਾ, ਖਾਣਾ-ਪੀਣਾ, ਰੋਜ਼ੀ-ਰੋਟੀ ਕਮਾਉਣਾ ਰੋਜ਼ਾਨਾ ਜ਼ਿੰਦਗੀ ਦੀ ਦੌੜ ਹਨ ਜਿਸ ’ਚ ਇੱਕ-ਦੂਜੇ ਨੂੰ ਪਛਾੜਨ ਦੇ ਚੱਕਰ ਵਿੱਚ ਅਸੀਂ ਖ਼ੁਦ ਤੋਂ ਦੂਰ ਹੁੰਦੇ-ਹੁੰਦੇ ਸਵੈ ਦੀ ਪਛਾਣ ਤਕ ਭੁੱਲ ਕੇ ਭੀੜ ਦਾ ਹਿੱਸਾ ਬਣ ਜਾਂਦੇ ਹਾਂ। ਇਸ ਭੀੜ ਤੋਂ ਵੱਖ ਖੜ੍ਹਾ ਹੋਣ ਦਾ ਇੱਕੋ-ਇੱਕ ਰਾਹ ਹੈ ਆਪੇ ਨਾਲ ਸੰਵਾਦ ਰਚਾਉਂਦਿਆਂ ਖ਼ੁਦ ਦੀ ਪਛਾਣ ਕਰਨੀ ।ਸਬੰਧਾਂ ਦੀ ਸਾਂਝ ਬਚਾਉਣ ਲਈ ਜੇਕਰ ਸਮੇਂ-ਸਮੇਂ ’ਤੇ ਆਪਸੀ ਗੱਲਬਾਤ ਮਹੱਤਵ ਰੱਖਦੀ ਹੈ ਤਾਂ ਖ਼ੁਦ ਨਾਲ ਸਾਂਝ ਬਣਾਉਣ ਲਈ ਆਪੇ ਨਾਲ ਸੰਵਾਦ ਰਚਾਉਣਾ ਵੀ ਬੇਹੱਦ ਜ਼ਰੂਰੀ ਹੈ। ਖ਼ੁਦ ਦਾ ਹਾਲ ਜਾਣਨਾ, ਆਪਣੇ ਅੰਦਰ ਦੇ ਜ਼ਖ਼ਮਾਂ ਦੀ ਪੀੜ ਪਛਾਣਨੀ ਵੀ ਜ਼ਰੂਰੀ ਹੈ।

ਖ਼ੁਦ ਨਾਲ ਗੁਫ਼ਤਗੂ ਕਰਨ ਲਈ ਆਪੇ ’ਤੇ ਝਾਤ ਪਾਉਂਦਿਆਂ ਖ਼ੁਦੀ ਨੂੰ ਨਿਹਾਰਨਾ ਤੇ ਇਸ ਪ੍ਰਕਿਰਿਆ ਦੌਰਾਨ ਟੁੱਟਦੇ-ਜੁੜਦੇ ਵਿਚਾਰਾਂ ਦੀ ਪੜਚੋਲ ਕਰਦਿਆਂ ਮਾੜੇ ਵਿਚਾਰਾਂ ਨੂੰ ਛੰਡ ਕੇ ਚੰਗੇ ਵਿਚਾਰਾਂ ਦਾ ਧਾਰਨੀ ਬਣਿਆ ਜਾ ਸਕਦਾ ਹੈ। ਸਵੈ-ਪੜਚੋਲ ਕਰਦਿਆਂ ਜਿੱਥੇ ਖ਼ੁਦ ਨੂੰ ਸਲਾਹੁਣਾ ਜ਼ਰੂਰੀ ਹੈ, ਉੱਥੇ ਨੀਰਸਤਾ ਅਤੇ ਨਕਾਰਾਤਮਕਤਾ ਦਾ ਪੱਖ ਭਾਰੀ ਪੈਂਦਿਆਂ ਖ਼ੁਦ ਨੂੰ ਫਿਟਕਾਰਨਾ ਵੀ ਜ਼ਰੂਰੀ ਹੈ ।ਆਪੇ ਨਾਲ ਗੁਫ਼ਤਗੂ ਦਾ ਸਿਲਸਿਲਾ ਸ਼ੁਰੂ ਕਰਨ ਲਈ ਸਭ ਤੋਂ ਪਹਿਲਾਂ ਗਹਿਰੀ ਨੀਂਦ ਦਾ ਤਿਆਗ ਜ਼ਰੂਰੀ ਹੈ। ਸਵੇਰ ਦੀ ਨੀਂਦ ਮਨੁੱਖ ਨੂੰ ਆਪਣੇ ਕਲਾਵੇ ’ਚ ਘੁੱਟਦੀ ਹੈ, ਪਰ ਇਸ ਦਾ ਮੋਹ ਤਿਆਗਣ ਵਾਲੇ ਹੀ ਹੋਰਾਂ ਨੂੰ ਪਛਾੜ ਸਫਲਤਾ ਦੀ ਕਤਾਰ ’ਚ ਮੋਹਰੀ ਖੜ੍ਹੇ ਹੁੰਦੇ ਹਨ। ਅੱਖਾਂ ਦਾ ਖੁੱਲ੍ਹਣਾ ਹੀ ਜਾਗਣਾ ਨਹੀਂ ਹੁੰਦਾ। ਅੱਖਾਂ ਖੋਲ੍ਹ ਕੇ ਬਿਸਤਰੇ ’ਚ ਸਿਰ ਦੇ ਕੇ ਰੱਖਣਾ ਤਾਂ ਸੁੱਤੇ ਹੋਣ ਨਾਲੋਂ ਵੀ ਭਿਆਨਕ ਅਵਸਥਾ ਹੈ ਕਿਉਂਕਿ ਇਹ ਆਲਸ ਹੀ ਦਰਿੱਦਰਤਾ ਬਣ ਕੇ ਨਿਰਾਸ਼ਾ ਦੀ ਹਾਲਤ ਦਾ ਆਧਾਰ ਬਣਦਾ ਹੈ ।ਜੀਵਨ ਦਾ ਆਧਾਰ ਬਣਾਉਣ ਵਾਲੇ ਮਨੁੱਖ ਤੋਂ ਆਲਸ, ਦਰਿੱਦਰਤਾ, ਨਿਰਾਸ਼ਾ, ਅਸਫਲਤਾ ਭੈਅ ਖਾਂਦੇ ਹਨ। ਸੁੱਤੇ ਹੋਏ ਵੀ ਜਾਗਣ ਦੀ ਅਵਸਥਾ ਪ੍ਰਾਪਤ ਕਰਨਾ ਹੀ ਅਸਲ ਜਾਗਣਾ ਹੈ, ਜਿੱਥੇ ਨਿਰੰਤਰ ਆਪੇ ਨਾਲ ਸਵਾਲ ਕਰਦਿਆਂ ਹੁੰਗਾਰੇ ਦਾ ਸਿਲਸਿਲਾ ਚੱਲਦਾ ਰਹਿੰਦਾ ਹੈ। ਖ਼ੁਦ ਨੂੰ ਸਵਾਲ ਕਰੋ, ਜਨਮ ਤੋਂ ਮੌਤ ਤੱਕ ਦੇ ਸਫ਼ਰ ਵਿੱਚ ਮੈਂ ਕੌਣ ਹਾਂ ? ਮੈਂ ਕੀ ਹਾਂ ? ਮੈਂ ਕਿਉਂ ਹਾਂ ? ਮੈਂ ਕਿੱਥੇ ਹਾਂ ? ਮੈਂ ਕਿਸ ਲਈ ਹਾਂ ? ਜੇ ਮੌਤ ਹੀ ਹਕੀਕਤ ਹੈ ਤਾਂ ਜੀਵਨ ਦਾ ਅਰਥ ਕੀ ਹੈ ? ਮਕਸਦ ਕੀ ਹੈ ?

ਇੱਥੇ ਕੋਈ ਤੁਹਾਡੇ ਸੁਪਨੇ ਪੂਰੇ ਕਰਨ ਲਈ ਨਹੀਂ, ਬਲਕਿ ਹਰ ਕੋਈ ਆਪਣੇ ਸੁਪਨਿਆਂ ਦੀ ਪੂਰਤੀ ਦੇ ਮੱਕੜਜਾਲ ਵਿੱਚ ਉਲਝਿਆ ਹੋਇਆ ਹੈ। ਆਪਣੀ ਉਲਝਣ ਵਿੱਚੋਂ ਨਿਕਲਣ ਲਈ ਤੁਸੀਂ ਉਨ੍ਹਾਂ ਲਈ ਜ਼ਰੀਆ ਹੋ ਸਕਦੇ ਹੋ, ਰਸਤਾ ਹੋ ਸਕਦੇ ਹੋ ਤੇ ਪੌੜੀ ਵੀ। ਜ਼ਰੂਰਤ ਹੈ ਆਪਣੇ ਆਪ ਨੂੰ ਯਕੀਨ ਦੁਆਉਣ ਦੀ ਕਿ ਮੈਂ ਉਹ ਕੀਮਤੀ ਮੋਤੀ ਹਾਂ, ਜਿਸ ਦੀ ਕੀਮਤ ਹਰ ਕੋਈ ਆਪਣੀ ਸੋਝੀ ਮੁਤਾਬਿਕ ਪਾਉਂਦਾ ਜਾਂਦਾ ਹੈ ਤੇ ਆਖ਼ਿਰ ਇੱਕ ਦਿਨ ਜੌਹਰੀ ਹੀਰੇ ਅਤੇ ਪੱਥਰ ਵਿਚਲਾ ਫ਼ਰਕ ਪਛਾਣ ਕੇ ਤੁਹਾਡੇ ਸਾਹਮਣੇ ਤੁਹਾਡੀ ਅਸਲ ਕੀਮਤ ਉਜਾਗਰ ਕਰ ਦਿੰਦਾ ਹੈ। ਫਿਰ ਤੁਸੀਂ ਜ਼ਰੀਆ ਨਹੀਂ ਖ਼ੁਦ ਮੰਜ਼ਿਲ ਹੋ ਜਾਂਦੇ ਹੋ। ਕਿਸੇ ਨੂੰ ਸ਼ੀਸ਼ਾ ਦਿਖਾਉਣ ਤੋਂ ਪਹਿਲਾਂ ਖ਼ੁਦ ਸ਼ੀਸ਼ੇ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਵੇਖਣਾ ਜ਼ਰੂਰੀ ਹੈ। ਜੇ ਆਪਣੇ ਅੰਦਰ ਝਾਤ ਮਾਰਦਿਆਂ ਸਿਰ ਝੁਕ ਜਾਵੇ ਤਾਂ ਇਸ ਤੋਂ ਵੱਡੀ ਸ਼ਰਮਿੰਦਗੀ ਨਹੀਂ। ਜੇਕਰ ਖ਼ੁਦ ਨੂੰ ਨਿਹਾਰਦਿਆਂ ਚਿਹਰੇ ਦੀ ਲਾਲੀ ਖਿੜ ਉੱਠੇ ਤਾਂ ਇਸ ਤੋਂ ਵੱਡਾ ਫ਼ਖ਼ਰ ਕੋਈ ਹੋਰ ਹੋ ਹੀ ਨਹੀਂ ਸਕਦਾ। ਮਨ ਦੀ ਆਵਾਜ਼ ਸੁਣੋਂ, ਸੁਣੇ ਦਾ ਹੁੰਗਾਰਾ ਭਰੋ ਤੇ ਫਿਰ ਜੋ ਸੁਣਿਆ ਹੈ ਉਸ ਨੂੰ ਸਮਝ ਕੇ ਆਪੇ ਨੂੰ ਸਵਾਲ ਕਰਦਿਆਂ ਆਪਣੇ ਅੰਦਰੋਂ ਜੁਆਬ ਭਾਲਣਾ ਤੇ ਫਿਰ ਸਿੱਖੇ ਸਬਕ ਨੂੰ ਜੀਵਨ ਆਚਰਨ ’ਚ ਢਾਲਣਾ ਹੀ ਸ਼ਖ਼ਸੀਅਤ ਦਾ ਸ਼ਿੰਗਾਰ ਹੈ।

ਜ਼ਰੂਰਤ ਹੈ ਕਿਸੇ ਵਾਸਤੇ ਨਹੀਂ, ਬਲਕਿ ਆਪੇ ਲਈ ਖੁੱਲ੍ਹੀ ਕਿਤਾਬ ਬਣਨ ਦੀ। ਚਿਰਾਂ ਬਾਅਦ ਵੀ ਪੰਨਾ ਫੋਲੀਏ ਤਾਂ ਆਪੇ ਅੱਗੇ ਸ਼ਰਮਿੰਦਾ ਨਾ ਹੋਣਾ ਪਵੇ। ਖ਼ੁਦ ਨਾਲ ਹੱਸਣਾ, ਖ਼ੁਦ ਨਾਲ ਰੋਣਾ, ਖ਼ੁਦ ਨਾਲ ਦੋਸਤੀ ਕਰਕੇ ਆਪਣਾ ਆਲੋਚਕ ਬਣਨਾ, ਆਪਣੇ ਨਾਲ ਦੁਸ਼ਮਣੀ ਪਾ ਕੇ ਦੋਸਤੀ ਦੇ ਅਰਥ ਪਛਾਣਨਾ, ਦੂਜਿਆਂ ਨੂੰ ਦੀਵਾ ਦਿਖਾਉਣ ਦੀ ਬਜਾਏ ਖ਼ੁਦ ਦੀਵੇ ਦੀ ਲੋਅ ਤੋਂ ਚਾਨਣ ਲੈ ਕੇ ਦੂਜਿਆਂ ਨੂੰ ਰੌਸ਼ਨੀਆਂ ਵੰਡਣ ਦੀ ਪ੍ਰਵਿਰਤੀ ਪਾਲਣੀ ਅਤੇ ਝੂਠੀ ਜ਼ਿੰਦਗੀ ਜਿਊਣ ਦੀ ਆਦਤ ਤੋਂ ਛੁਟਕਾਰਾ ਪਾ ਕੇ ਖ਼ੁਦ ਨਾਲ ਸੱਚੇ ਬਣਨ ਦੀ ਲੋੜ ਹੈ। ਭਾਵੇਂ ਸੌਖਾ ਤਾਂ ਨਹੀਂ, ਪਰ ਇੱਕ ਵਾਰ ਜੇ ਆਪਣੇ ਆਪ ਨਾਲ ਸੱਚੇ ਹੋਣ ਦਾ ਹੌਸਲਾ ਆ ਗਿਆ ਤਾਂ ਯਕੀਨਨ ਨਾ ਕੇਵਲ ਜੀਵਨ ਖ਼ੂਬਸੂਰਤ ਹੋ ਜਾਏਗਾ, ਬਲਕਿ ਮੌਤ ਦੇ ਭੈਅ ਤੋਂ ਵੀ ਮੁਕਤੀ ਮਿਲ ਜਾਵੇਗੀ। ਕਿਸੇ ਦੇ ਦੁੱਖ ਦਿੱਤਿਆਂ ਰੋ ਪਏ, ਕਿਸੇ ਦੇ ਹਸਾਇਆਂ ਹੱਸ ਪਏ, ਅਜਿਹੇ ਕਠਪੁਤਲੀ ਜੀਵਨ ਨੂੰ ਤਿਆਗ ਕੇ ਕਿਉਂ ਨਾ ਆਪਣੇ ਹਾਸਿਆਂ-ਰੋਣਿਆਂ ਦੀ ਵਾਗਡੋਰ ਕੇਵਲ ਆਪਣੇ ਹੱਥ ਹੀ ਰੱਖੀ ਜਾਵੇ। ਮਨੁੱਖੀ ਜੀਵਨ ਬਹੁਮੁੱਲਾ ਹੈ। ਇਸ ਦੀਆਂ ਕਈ ਤੰਦਾਂ ਕਈ ਵਾਰ ਉਲਝ ਜਾਂਦੀਆਂ ਹਨ। ਇਨ੍ਹਾਂ ਨੂੰ ਸੁਲਝਾਉਣ ਦਾ ਵੀ ਇੱਕ ਮੂਲ-ਮੰਤਰ ਹੈ ਤੇ ਉਹ ਹੈ ਆਪਣੇ ਮਨ ਨਾਲ ਗੱਲਾਂ ਕਰਨਾ। ਤਾਂ ਫਿਰ ਆਓ, ਖ਼ੁਦ ਨਾਲ ਵੀ ਕਰੀਏ ਗੁਫ਼ਤਗੂ ਤੇ ਬਣ ਜਾਈਏ ਖ਼ੁਦ ਦੇ ਸੱਚੇ ਸਾਥੀ।





**ਜ਼ਰੂਰਤ ਹੈ ਆਪਣੇ ਆਪ ਨੂੰ ਯਕੀਨ ਦੁਆਉਣ ਦੀ ਕਿ ਮੈਂ ਉਹ ਕੀਮਤੀ ਮੋਤੀ ਹਾਂ, ਜਿਸ ਦੀ ਕੀਮਤ ਹਰ ਕੋਈ ਆਪਣੀ ਸੋਝੀ ਮੁਤਾਬਿਕ ਪਾਉਂਦਾ ਜਾਂਦਾ ਹੈ ਤੇ ਆਖ਼ਿਰ ਇੱਕ ਦਿਨ ਜੌਹਰੀ ਹੀਰੇ ਅਤੇ ਪੱਥਰ ਵਿਚਲਾ ਫ਼ਰਕ ਪਛਾਣ ਕੇ ਤੁਹਾਡੇ ਸਾਹਮਣੇ ਤੁਹਾਡੀ ਅਸਲ ਕੀਮਤ ਉਜਾਗਰ ਕਰ ਦਿੰਦਾ ਹੈ। ਫਿਰ ਤੁਸੀਂ ਜ਼ਰੀਆ ਨਹੀਂ ਖ਼ੁਦ ਮੰਜ਼ਿਲ ਹੋ ਜਾਂਦੇ ਹੋ।**

# ਪ੍ਰਸ਼ੰਸਾ ਕਰਕੇ ਤਾਂ ਦੇਖੋ

ਜੋਧ ਸਿੰਘ ਮੋਗਾ



ਭਾਈ ਸਾਹਿਬ ਭਾਈ ਕਾਹਨ ਸਿੰਘ ਜੀ ਨੇ ਸ਼ਬਦ ਕੋਸ਼ ਵਿੱਚ ਪ੍ਰਸ਼ੰਸਾ ਦੇ ਦੋ ਹੀ ਅਰਥ ਲਿਖੇ ਹਨ, ‘ਉਸਤਤਿ ਅਤੇ ਤਾਅਰੀਫ਼’ ਪਰ ਕਈ ਕੋਸ਼ਾਂ ਨੇ ਸਿਫ਼ਤ, ਵਡਿਆਈ, ਮਹਿਮਾ, ਸ਼ਲਾਘਾ, ਤਾਰੀਫ਼ ਅਤੇ ਸਲਾਹੁਣ ਨੂੰ ਪ੍ਰਸ਼ੰਸਾ ਦੇ ਸਮਾਨਾਂਤਰ ਰੱਖਿਆ ਹੈ। ਹੋਰ ਵੀ ਕਈ ਸ਼ਬਦ ਇਸ ਦੇ ਹਾਣੀ ਹੋ ਸਕਦੇ ਹਨ। ਇਸ ਦੀ ਠੀਕ ਵਰਤੋਂ ਕਦੋਂ, ਕਿੱਥੇ ਅਤੇ ਕਿਵੇਂ ਕਰਨੀ ਹੈ, ਇਹ ਆਪਾਂ ਆਪ ਦੇਖਣਾ ਹੈ। ਮਹਾਨ ਲਿਖਾਰੀਆਂ, ਗੁਰੂਆਂ, ਪੀਰਾਂ ਅਤੇ ਪਰਚਾਰਕਾਂ ਨੇ ਪ੍ਰਸ਼ੰਸਾ ਨੂੰ ਬੜਾ ਉੱਚਾ ਸਥਾਨ ਦਿੱਤਾ ਹੈ। ਗੁਰੂ ਨਾਨਕ ਦੀ ਬਾਣੀ ਰੱਬ ਦੀ ਪ੍ਰਸ਼ੰਸਾ ਨਾਲ ਪੂਰੀ ਤਰ੍ਹਾਂ ਜੁੜੀ ਹੋਈ ਹੈ। ਗੁਰਬਖ਼ਸ਼ ਸਿੰਘ ਨੇ ਜੀਵਨ ਜਾਚ ਵਿੱਚ ਪ੍ਰਸ਼ੰਸਾ ਦੀ ਲੋੜ ’ਤੇ ਅਨੇਕਾਂ ਪੁਸਤਕਾਂ ਲਿਖੀਆਂ ਹਨ। ਡੇਲ ਕਾਰਨੇ ਨੇ ਅੰਤਿਮ ਦਿਨ ਕਿਵੇਂ ਵੀ ਗੁਜ਼ਾਰੇ ਹੋਣ, ਪਰ ਉਸ ਨੇ ਲੱਖਾਂ ਲੋਕਾਂ ਨੂੰ ਭਾਸ਼ਣਾਂ ਅਤੇ ਕਿਤਾਬਾਂ ਰਾਹੀ ਮਰਨੋਂ ਬਚਾਇਆ, ਜਿਊਣਾ ਸਿਖਾਇਆ ਅਤੇ ਖ਼ੁਸ਼ੀਆਂ ਭਰੀ ਜ਼ਿੰਦਗੀ ਦੇ ਰਾਹ ਪਾਇਆ। ਇਹ ਸਮੁੱਚੀ ਕਰਾਮਾਤ ਪ੍ਰਸ਼ੰਸਾ ਕਰਨ ਦੀ ਸੀ।

ਜਦੋਂ ਕੋਈ ਚੀਜ਼, ਕੋਈ ਗੱਲ, ਕੋਈ ਕੰਮ ਅਤੇ ਕੋਈ ਵਿਅਕਤੀ ਤੁਹਾਨੂੰ ਚੰਗਾ ਲੱਗਦਾ ਹੈ, ਤੁਹਾਨੂੰ ਖ਼ੁਸ਼ੀ ਦਿੰਦਾ ਹੈ, ਤੁਹਾਡੇ ਮਨ ਨੂੰ ਟੁੰਬਦਾ ਹੈ ਅਤੇ ਤੁਸੀਂ ਇਸ ਖ਼ੁਸ਼ੀ ਨੂੰ ਪ੍ਰਗਟ ਕਰਦੇ ਹੋ ਤਾਂ ਇਹ ਪ੍ਰਸ਼ੰਸਾ ਹੈ। ਇਹ ਖ਼ੁਸ਼ੀ ਤੁਸੀਂ ਆਪਣੇ ਮਨ ਹੀ ਮਨ ’ਚ ਰੱਖ ਕੇ ਵੀ ਆਨੰਦ ਲੈ ਸਕਦੇ ਹੋ, ਪਰ ਜੇ ਤੁਸੀਂ ਬੋਲ ਕੇ, ਸ਼ਬਦਾਂ ਰਾਹੀਂ ਲਿਖ ਕੇ, ਇਸ਼ਾਰਿਆਂ ਰਾਹੀਂ ਜਾਂ ਨਜ਼ਰਾਂ ਰਾਹੀਂ ਦੂਸਰਿਆਂ ਤਕ ਆਪਣੀ ਖ਼ੁਸ਼ੀ ਦਿਖਾ ਦਿੰਦੇ ਹੋ, ਇਹ ਅਜਿਹੀ ਪ੍ਰਸ਼ੰਸਾ ਹੈ, ਜਿਸ ਨਾਲ ਦੂਸਰੇ ਨੂੰ ਵੀ ਖ਼ੁਸ਼ੀ ਮਿਲਦੀ ਹੈ। ਇਹ ਖ਼ੁਸ਼ੀ ਦਾ ਪਸਾਰ-ਦੂਹਰਾ ਹੋ ਜਾਂਦਾ ਹੈ। ਤੁਹਾਨੂੰ ਖ਼ੁਸ਼ੀ ਮਿਲੀ ਹੈ ਅਤੇ ਜਿਸ ਦੀ ਤਾਰੀਫ਼ ਕੀਤੀ ਹੈ, ਉਸ ਨੂੰ ਤਾਂ ਮਿਲਣੀ ਹੀ ਹੈ।

ਸੱਚੀ ਪ੍ਰਸ਼ੰਸਾ ਉਹ ਹੈ ਜੋ ਦਿਲੋਂ ਕੀਤੀ ਜਾਵੇ, ਜਿਸ ਵਿੱਚ ਕੋਈ ਸੁਆਰਥ ਨਾ ਹੋਵੇ। ਜੋ ਪ੍ਰਸ਼ੰਸਾ ਆਪਣੇ ਲਾਭ ਅਤੇ ਸੁਆਰਥ ਲਈ ਕੀਤੀ ਜਾਵੇ, ਉਹ ਚਾਪਲੂਸੀ ਹੈ, ਚਮਚਾਗਿਰੀ ਹੈ ਜਾਂ ਫੂਕ ਦੇਣਾ ਕਹਿ ਸਕਦੇ ਹਾਂ। ਵਕਤੀ ਤੌਰ ’ਤੇ ਸ਼ਾਇਦ ਤੁਹਾਨੂੰ ਕੋਈ ਲਾਭ ਹੋ ਜਾਵੇ, ਪਰ ਦੂਸਰੇ ਵਾਸਤੇ ਤਾਂ ਮਗਰੋਂ ਹਾਨੀ ਅਤੇ ਪਛਤਾਵਾ ਹੀ ਹੈ। ਕਾਂ ਅਤੇ ਲੂੰਬੜੀ ਦੀ ਕਹਾਣੀ ਇਸ ਗੱਲ ਦਾ ਸਦੀਆਂ ਪੁਰਾਣਾ ਤੱਤ ਹੈ। ਲੂੰਬੜੀ ਜਾਣਦੀ ਸੀ ਕਿ ਕਾਂ ਦੀ ਕਾਂ-ਕਾਂ ਕਿੰਨੀ ਖਰਵੀ ਹੈ, ਪਰ ਮੂਰਖ ਕਾਂ ਉਸ ਦੀਆਂ ਮਿੱਠੀਆਂ ਗੱਲਾਂ ਵਿੱਚ ਫਸ ਗਿਆ। ਲੂੰਬੜੀ ਨੇ ਕਾਂ ਦੀ ਪ੍ਰਸ਼ੰਸਾ ਕੀਤੀ ? ਨਹੀਂ, ਚਾਪਲੂਸੀ ਕੀਤੀ। ਆਪਣਾ ਲਾਭ ਅਤੇ ਕਾਂ ਦਾ ਪਛਤਾਵਾ।

ਗੱਲ ਪੱਚੀ ਕੁ ਸਾਲ ਪੁਰਾਣੀ ਹੈ। ਮੇਰਾ ਪੋਤਰਾ ਜੁਗਨੂੰ ਫਰਸ਼ ’ਤੇ ਬੈਠਾ ਫੱਟੀ ਲਿਖਦਾ ਸੀ। ਲਿਖਾਈ ਠੀਕ-ਠਾਕ ਹੀ ਸੀ। ਮੈਂ ਅੱਖਾਂ ਦੇ ਇਸ਼ਾਰੇ ਨਾਲ ਦੱਸਿਆ ਕਿ ਲਿਖਾਈ ਵਧੀਆ ਹੈ। ਨਾਲ ਹੀ ਹਲਕਾ ਜਿਹਾ ਗਾ ਕੇ ਕਿਹਾ:
ਤੇਰੇ ਨਿੱਕੇ ਨਿੱਕੇ ਹੱਥਾਂ ਦੀ ਲਿਖਾਈ ਬੇਲੀਆ,
ਛਾਪੇ ਖਾਨੇ ਦੀ ਹੈ ਜਾਪਦੀ ਛਪਾਈ ਬੇਲੀਆ।

ਉਹ ਮੁਸਕਰਾਇਆ ਅਤੇ ਹੋਰ ਸੁਆਰ-ਸੁਆਰ ਕੇ ਲਿਖਣ ਲੱਗਾ। ਮੈਂ ਇਹ ਦੋ ਸਤਰਾਂ ਲਿਖ ਕੇ ਸਾਹਮਣੇ ਲਟਕਾ ਦਿੱਤੀਆਂ, ਜਿੱਥੇ ਬੈਠ ਕੇ ਉਹ ਲਿਖਦਾ ਸੀ। ਜਦ ਉਹ ਲਿਖਦਾ ਮੈਂ ਉਸ ਕਾਗ਼ਜ਼ ਵੱਲ ਇਸ਼ਾਰਾ ਕਰ ਦਿੰਦਾ, ਅੱਜ ਉਹ ਬਹੁਤ ਵਧੀਆ ਲਿਖਾਈ ਵਾਲਾ ਅਫ਼ਸਰ ਮੰਨਿਆ ਜਾਂਦਾ ਹੈ। ਮੈਂ ਸੀਨੀਅਰ ਸਿਟੀਜਨ ਦਾ ਟੋਕਨ ਕਟਾ ਕੇ ਬੈਂਕ ਦੇ ਕਾਊਂਟਰ ’ਤੇ ਗਿਆ। ਬਾਬੂ ਬਹੁਤ ਰੁੱਝਿਆ ਹੋਇਆ, ਖਿਝਿਆ ਹੋਇਆ ਜਾਂ ਪਤਾ ਨਹੀਂ ਕੀ ਗੱਲ ਸੀ। ਮੇਰੇ ਵੱਲ ਦੇਖਿਆ, ਪਰ ਕੋਈ ਧਿਆਨ ਨਾ ਦਿੱਤਾ। ਮੈਂ ਦਸ ਕੁ ਮਿੰਟ ਖੜ੍ਹਾ ਰਿਹਾ। ਨਾਲ ਦੇ ਕਾਊਂਟਰ ’ਤੇ ਇੱਕ ਬੀਬੀ ਨੇ ਕੁਝ ਸੋਚਿਆ ਹੋਵੇਗਾ, ਮੈਨੂੰ ਇਸ਼ਾਰੇ ਨਾਲ ਬੁਲਾ ਲਿਆ। ਦੋ ਮਿੰਟ ਵਿੱਚ ਹੀ ਮੇਰਾ ਕੰਮ ਹੋ ਗਿਆ। ਮੈਂ ਇੱਕੋ ਵਾਕ ਬੋਲ ਕੇ ਉਸ ਦਾ ਧੰਨਵਾਦ ਕੀਤਾ, “ਬੇਟੀ, ਤੁਹਾਡੇ ਵਰਗੀਆਂ ਕੁੜੀਆਂ ਦੀ ਹਰ ਬੈਂਕ ਨੂੰ ਲੋੜ ਹੈ।” ਉਸ ਨੂੰ ਜ਼ਰੂਰ ਖ਼ੁਸ਼ੀ ਹੋਈ ਹੋਵੇਗੀ। ਹੁਣ ਵੀ ਮੇਰਾ ਕੰਮ ਖ਼ੁਸ਼ੀ-ਖ਼ੁਸ਼ੀ ਖਿੜੇ-ਮੱਥੇ ਅਤੇ ਛੇਤੀ ਹੋ ਜਾਂਦਾ ਹੈ, ਪਰ ਵਾਰੀ ਸਿਰ। ਸ਼ਾਇਦ ਪ੍ਰਸ਼ੰਸਾ ਕਾਰਨ।

ਮੈਂ ਦੇਖਦਾ ਸੀ ਕਿ ਇੱਕ ਵਿਦਿਆਰਥੀ ਮੇਰੇ ਘਰ ਅੱਗੋਂ ਦੀ ਲੰਘਦਾ ਸੀ। ਰੰਗ ਤਾਂ ਉਸ ਦਾ ਪੱਕਾ ਸੀ, ਪਰ ਪਗੜੀ ਬੜੀ ਵਧੀਆ ਹੁੰਦੀ ਸੀ। ਸਾਫ-ਸੁਥਰੀ, ਪੋਚਵੀਂ ਚਿਣਵੇਂ ਲੜ। ਮੈਨੂੰ ਚੰਗਾ ਲੱਗਾ। ਮੈਂ ਇੱਕ ਦਿਨ ਉਸ ਨੂੰ ਇਸ਼ਾਰੇ ਨਾਲ ਕੋਲ ਬੁਲਾਇਆ। ਉਸ ਦੀ ਪਗੜੀ ਬਾਰੇ ਪੁੱਛਿਆ, ਕਿਸ ਤੋਂ ਬੰਨ੍ਹਣੀ ਸਿੱਖੀ ? ਕਿੰਨਾ ਚਿਰ ਲੱਗਦਾ ਹੈ ? ਕਿੰਨੀਆਂ ਪੱਗਾਂ ਹਨ ? ਉਸ ਨੂੰ ਦੱਸਿਆ ਕਿ ਉਸ ਦੀ ਪੱਗ ਬਹੁਤ ਵਧੀਆ ਹੈ, ਬਹੁਤ ਫਬਦੀ ਹੈ। ਉਸ ਨੇ ਕਿਹਾ ਕੁਝ ਨਹੀਂ, ਪਰ ਉਹ ਬੜਾ ਖ਼ੁਸ਼ ਸੀ। ਹਫ਼ਤੇ ਕੁ ਮਗਰੋਂ ਫਿਰ ਮਿਲਿਆ, ਹੁਣ ਉਸ ਦੇ ਨਾਲ ਤਿੰਨ ਮੁੰਡੇ ਹੋਰ ਸਨ, ਵਧੀਆ ਪੱਗਾਂ ਵਾਲੇ। ਉਸ ਨੇ ਮੈਨੂੰ ਕਿਹਾ, “ਸਰ ਜੀ, ਇਨ੍ਹਾਂ ਨੂੰ ਵੀ ਮੈਂ ਵਧੀਆਂ ਪੱਗ ਬੰਨ੍ਹਣੀ ਸਿਖਾਈ ਹੈ।” ਅੱਜ ਉਹ ਹੋਰ ਵੀ ਖ਼ੁਸ਼ ਸੀ। ਬੇਸ਼ੱਕ ਤਿੰਨੇ ਗੱਲਾਂ ਆਮ ਅਤੇ ਛੋਟੀਆਂ ਹਨ, ਪਰ ਅੰਤਰੀਵ ਭਾਵ ਸ਼ਾਇਦ ਵੱਡਾ ਹੈ।

**ਠੀਕ ਅਤੇ ਸੱਚੀ-ਸੁੱਚੀ ਪ੍ਰਸ਼ੰਸਾ ਸਦਾ ਖ਼ੁਸ਼ੀ ਦਿੰਦੀ ਹੈ, ਉਤਸ਼ਾਹਿਤ ਕਰਦੀ ਹੈ, ਹਿੰਮਤ ਵਧਾਉਂਦੀ ਹੈ, ਤਰੱਕੀ ਦੇ ਰਾਹੇ ਪਾਉਂਦੀ ਹੈ, ਤੁਹਾਨੂੰ ਵੀ ਹਰਮਨ ਪਿਆਰਾ ਬਣਾਉਂਦੀ ਹੈ ਅਤੇ ਤੁਹਾਡਾ ਮਾਣ ਵਧਾਉਂਦੀ ਹੈ। ਹਰ ਵਿਅਕਤੀ ਵਿੱਚ ਕੋਈ ਨਾ ਕੋਈ ਗੁਣ ਹੁੰਦਾ ਹੈ, ਉਸ ਨੂੰ ਪਰਖੋ ਅਤੇ ਪ੍ਰਸ਼ੰਸਾ ਕਰੋ। ਤੁਹਾਡੀ ਪਤਨੀ ਵਿੱਚ, ਬੱਚਿਆਂ ਵਿੱਚ, ਸਾਥੀਆਂ ਵਿੱਚ ਬਹੁਤ ਗੁਣ ਹਨ, ਚੰਗੀ ਗੱਲ ਦੀ ਤਾਰੀਫ ਕਰੋ, ਘਰ ਵਿੱਚ ਖ਼ੁਸ਼ੀ ਆਵੇਗੀ। ਤੁਹਾਡਾ ਬੌਸ ਹਮਦਰਦ ਹੈ, ਨਰਮ ਹੈ, ਸਹਾਇਕ ਹੈ ਤਾਂ ਠੀਕ ਮੌਕਾ ਦੇਖ ਕੇ ਉਸ ਨੂੰ ਕਿਸੇ ਤਰ੍ਹਾਂ ਦੱਸੋ। ਤੁਹਾਡੀ ਕੰਮ ਵਾਲੀ ਨੇ ਜੇ ਵਧੀਆ ਸਬਜ਼ੀ ਬਣਾਈ ਹੈ ਤਾਂ ਉਸ ਦੀ ਵੀ ਪ੍ਰਸ਼ੰਸਾ ਕਰੋ।**

ਠੀਕ ਅਤੇ ਸੱਚੀ-ਸੁੱਚੀ ਪ੍ਰਸ਼ੰਸਾ ਸਦਾ ਖ਼ੁਸ਼ੀ ਦਿੰਦੀ ਹੈ, ਉਤਸ਼ਾਹਿਤ ਕਰਦੀ ਹੈ, ਹਿੰਮਤ ਵਧਾਉਂਦੀ ਹੈ, ਤਰੱਕੀ ਦੇ ਰਾਹੇ ਪਾਉਂਦੀ ਹੈ, ਤੁਹਾਨੂੰ ਵੀ ਹਰਮਨ ਪਿਆਰਾ ਬਣਾਉਂਦੀ ਹੈ ਅਤੇ ਤੁਹਾਡਾ ਮਾਣ ਵਧਾਉਂਦੀ ਹੈ। ਹਰ ਵਿਅਕਤੀ ਵਿੱਚ ਕੋਈ ਨਾ ਕੋਈ ਗੁਣ ਹੁੰਦਾ ਹੈ, ਉਸ ਨੂੰ ਪਰਖੋ ਅਤੇ ਪ੍ਰਸ਼ੰਸਾ ਕਰੋ। ਤੁਹਾਡੀ ਪਤਨੀ ਵਿੱਚ, ਬੱਚਿਆਂ ਵਿੱਚ, ਸਾਥੀਆਂ ਵਿੱਚ ਬਹੁਤ ਗੁਣ ਹਨ, ਚੰਗੀ ਗੱਲ ਦੀ ਤਾਰੀਫ ਕਰੋ, ਘਰ ਵਿੱਚ ਖ਼ੁਸ਼ੀ ਆਵੇਗੀ। ਤੁਹਾਡਾ ਬੌਸ ਹਮਦਰਦ ਹੈ, ਨਰਮ ਹੈ, ਸਹਾਇਕ ਹੈ ਤਾਂ ਠੀਕ ਮੌਕਾ ਦੇਖ ਕੇ ਉਸ ਨੂੰ ਕਿਸੇ ਤਰ੍ਹਾਂ ਦੱਸੋ। ਤੁਹਾਡੀ ਕੰਮ ਵਾਲੀ ਨੇ ਜੇ ਵਧੀਆ ਸਬਜ਼ੀ ਬਣਾਈ ਹੈ ਤਾਂ ਉਸ ਦੀ ਵੀ ਪ੍ਰਸ਼ੰਸਾ ਕਰੋ। ਗੁਆਂਢੀ ਨੇ ਗਲੀ ਦੀ ਵਧੀਆ ਸਫ਼ਾਈ ਕਰਾਈ ਹੈ ਤਾਂ ਧੰਨਵਾਦੀ ਹੋਵੋ। ਆਪਣੇ ਬੱਚੇ ਦੇ ਚੰਗੇ ਅਧਿਆਪਕਾਂ ਨੂੰ ਸ਼ਬਦਾਂ ਰਾਹੀਂ ਮਾਣ ਅਤੇ ਖ਼ੁਸ਼ੀ ਦੇਵੋ, ਲਾਭ ਹੋਵੇਗਾ। ਆਪਣੇ ਸਾਥੀ ਦਾ ਨਵਾਂ ਘਰ ਦੇਖ ਕੇ ਖ਼ੁਸ਼ੀ ਪਰਗਟ ਕਰੋ ਅਤੇ ਸਜਾਵਟ ਦੀ ਤਾਰੀਫ਼ ਕਰੋ। ਮੈਂ ਤਾਂ ਕਹਿੰਦਾ ਹਾਂ ਜੇ ਗੋਲਗੱਪਿਆਂ ਵਾਲੇ ਦੀ ਰੇਹੜੀ, ਬਰਤਨ, ਪਾਣੀ, ਹੱਥ ਕੱਪੜਾ ਸਾਫ਼-ਸੁਥਰਾ ਹੈ ਤਾਂ ਉਹ ਵੀ ਪ੍ਰਸ਼ੰਸਾ ਦਾ ਹੱਕਦਾਰ ਹੈ। ਉਹ ਹੋਰ ਵੱਧ ਸਫ਼ਾਈ ਰੱਖੇਗਾ।

ਤੁਸੀਂ ਸੋਚਦੇ ਹੋਵੋਗੇ ਇਹ ਕੀ ਛੋਟੀਆਂ-ਛੋਟੀਆਂ ਗੱਲਾਂ ਹਨ, ਪਰ ਇਹ ਸਾਡੇ ਰੋਜ਼ਾਨਾ ਜੀਵਨ ਨਾਲ ਸਬੰਧਤ ਹਨ। ਪ੍ਰਸ਼ੰਸਾ ਦੇ ਮੌਕੇ ਰੋਜ਼ ਆਉਂਦੇ ਹਨ, ਕਰ ਕੇ ਤਾਂ ਦੇਖੋ।

# ਆਪਣੇ ਬੱਚੇ ਨੂੰ ਆਤਮ-ਵਿਸ਼ਵਾਸੀ ਬਣਾਓ

-ਡਾ: ਨਿਸ਼ਾਨ ਸਿੰਘ ਰਾਠੌਰ

ਮੌਜੂਦਾ ਦੌਰ ਵਿਚ ਸਕੂਲੀ ਬੱਚੇ ਕਈ ਪ੍ਰਕਾਰ ਦੇ ਮਨੋਰੋਗਾਂ ਦੀ ਚਪੇਟ ਵਿਚ ਆ ਰਹੇ ਹਨ। ਬੱਚਿਆਂ ਵਿਚ ਤਣਾਓ ਵਧ ਰਿਹਾ ਹੈ। ਉਹ ਚਾਹੇ ਪੜ੍ਹਾਈ ਦਾ ਤਣਾਓ ਹੋਵੇ, ਆਪਣੇ ਨਾਲ ਵਾਪਰ ਰਹੀਆਂ ਘਟਨਾਵਾਂ ਦਾ ਹੋਵੇ ਜਾਂ ਸਰੀਰ ਵਿਚ ਹੋ ਰਹੇ ਪਰਿਵਰਤਨ ਦਾ ਹੋਵੇ। ਅਜੋਕੇ ਸਮੇਂ 5 ਤੋਂ 15 ਸਾਲ ਤੱਕ ਉਮਰ ਦੇ ਬੱਚੇ ਤਣਾਓ ਦਾ ਸ਼ਿਕਾਰ ਜ਼ਿਆਦਾ ਗਿਣਤੀ ਵਿਚ ਹੋ ਰਹੇ ਹਨ। ਇਸ ਤਣਾਓ ਦਾ ਸਭ ਤੋਂ ਵੱਡਾ ਪ੍ਰਭਾਵ ਇਹ ਪੈ ਰਿਹਾ ਹੈ ਕਿ ਬੱਚਿਆਂ ਵਿਚ ਆਤਮ-ਵਿਸ਼ਵਾਦ ਦੀ ਕਮੀ ਪੈਦਾ ਹੋਣੀ ਸ਼ੁਰੂ ਹੋ ਗਈ ਹੈ। ਆਤਮ-ਵਿਸ਼ਵਾਸ ਦੀ ਕਮੀ ਕਾਰਨ ਬੱਚਿਆਂ ਵਿਚ ਹੀਣ ਭਾਵਨਾ ਘਰ ਕਰ ਗਈ ਹੈ। ਇਸ ਲਈ ਮਾਤਾ-ਪਿਤਾ ਦੀ ਜ਼ਿੰਮੇਵਾਰੀ ਪਹਿਲਾਂ ਨਾਲੋਂ ਵਧੇਰੇ ਮਹੱਤਵਪੂਰਨ ਹੋ ਗਈ ਹੈ ਕਿ ਉਹ ਕਿਸ ਤਰ੍ਹਾਂ ਆਪਣੇ ਬੱਚੇ ਨੂੰ ਆਤਮ-ਵਿਸ਼ਵਾਸੀ ਬਣਾ ਸਕਦੇ ਹਨ ?

ਬੱਚਿਆਂ ਦੇ ਮਾਤਾ-ਪਿਤਾ ਅਕਸਰ ਹੀ ਮਨੋਵਿਗਿਆਨੀਆਂ ਤੋਂ ਸਲਾਹ ਲੈਂਦੇ ਰਹਿੰਦੇ ਹਨ ਕਿ ਕਿਸ ਪ੍ਰਕਾਰ ਹੀਣ ਭਾਵਨਾ ਨਾਲ ਗ੍ਰਸਤ ਬੱਚੇ ਦਾ ਆਤਮ-ਵਿਸ਼ਵਾਸ ਮੁੜ ਤੋਂ ਵਧਾਇਆ ਜਾ ਸਕਦਾ ਹੈ ? ਕਿਵੇਂ ਬੱਚੇ ਦੇ ਮਨ ’ਚੋਂ ਡਰ ਅਤੇ ਹੀਣ ਭਾਵਨਾ ਕੱਢੀ ਜਾਵੇ ? ਅਜੋਕੇ ਸਮੇਂ ਵਿਚ ਜੇਕਰ ਮਾਤਾ-ਪਿਤਾ ਹੇਠ ਲਿਖੇ ਕੁਝ ਨਿਯਮਾਂ ਦਾ ਪਾਲਣ ਕਰਨ ਤਾਂ ਹੀਣ ਭਾਵਨਾ ਨਾਲ ਗ੍ਰਸਤ ਸਕੂਲੀ ਬੱਚਿਆਂ ਵਿਚ ਆਤਮ-ਵਿਸ਼ਵਾਸ ਦੀ ਭਾਵਨਾ ਮੁੜ ਤੋਂ ਪੈਦਾ ਕੀਤੀ ਜਾ ਸਕਦੀ ਹੈ। ਸਭ ਤੋਂ ਪਹਿਲਾਂ ਇਹ ਪਛਾਣ ਕਿਸ ਤਰ੍ਹਾਂ ਹੋਵੇ ਕਿ ਬੱਚਾ ਹੀਣ ਭਾਵਨਾ ਨਾਲ ਗ੍ਰਸਤ ਹੋ ਗਿਆ ਹੈ ਅਤੇ ਉਸ ਵਿਚ ਆਤਮ-ਵਿਸ਼ਵਾਸ ਦੀ ਕਮੀ ਹੈ। ਇਸ ਪਛਾਣ ਦੇ ਕੁਝ ਲੱਛਣ ਇਸ ਪ੍ਰਕਾਰ ਹਨ-

× ਬੱਚਾ ਘੱਟ ਬੋਲਣ ਲਗਦਾ ਹੈ। ਉਹ ਕਿਸੇ ਨਾਲ ਵੀ ਖੁੱਲ੍ਹ ਕੇ ਗੱਲ ਨਹੀਂ ਕਰਦਾ ਅਤੇ ਆਪਣੇ ਮਨ ਦੀ ਗੱਲ ਦੱਸਣ ਤੋਂ ਸੰਕੋਚ ਕਰਦਾ ਹੈ। × ਪੜ੍ਹਾਈ ਵਿਚ ਧਿਆਨ ਨਹੀਂ ਦੇਵੇਗਾ। × ਹੀਣ ਭਾਵਨਾ ਨਾਲ ਗ੍ਰਸਤ ਬੱਚਾ ਇਕੱਲਾ ਬੈਠਣਾ ਪਸੰਦ ਕਰੇਗਾ, ਜਿੱਥੇ ਪਰਿਵਾਰ ਦੇ ਮੈਂਬਰ ਬੈਠਣਗੇ, ਉਹ ਉਸ ਜਗ੍ਹਾ ਤੋਂ ਦੂਰ ਜਾਵੇਗਾ। × ਆਪਣੇ ਕੱਪੜਿਆਂ ਦੀ ਸਾਫ਼-ਸਫ਼ਾਈ ਵੱਲ ਬਹੁਤਾ ਧਿਆਨ ਨਹੀਂ ਦੇਵੇਗਾ ਅਤੇ ਗੰਦੇ ਕੱਪੜੇ/ਬੂਟ ਆਦਿ ਪਾ ਕੇ ਰੱਖੇਗਾ।× ਉਹ ਆਪਣੇ ਕਮਰੇ ਵਿਚ ਹੀ ਬੈਠਣਾ ਪਸੰਦ ਕਰੇਗਾ, ਬਾਹਰ ਦੋਸਤਾਂ ਨਾਲ ਘੁੰਮਣ-ਫਿਰਨ ਤੋਂ ਗੁਰੇਜ਼ ਕਰੇਗਾ। × ਅਜਿਹੇ ਬੱਚੇ ਜ਼ਿੱਦੀ ਸੁਭਾਅ ਦੇ ਹੋ ਜਾਂਦੇ ਹਨ। ਜੇਕਰ ਮਾਤਾ-ਪਿਤਾ ਕਿਸੇ ਕੰਮ ਤੋਂ ਮਨ੍ਹਾਂ ਕਰਦੇ ਹਨ ਤਾਂ ਇਹ ਉਸ ਕੰਮ ਨੂੰ ਕਰਦੇ ਹਨ, ਜਿਹੜਾ ਮਾਤਾ-ਪਿਤਾ ਨੇ ਮਨ੍ਹਾਂ ਕੀਤਾ ਹੁੰਦਾ ਹੈ।

ਆਤਮ-ਵਿਸ਼ਵਾਸ ਕਿਵੇਂ ਦਿਵਾਈਏ ?

× ਬੱਚੇ ਵਿਚ ਹੀਣ ਭਾਵਨਾ ਪੈਦਾ ਹੋਣ ਦੇ ਕਾਰਨਾਂ ਦਾ ਪਤਾ ਕਰਨ ਦੀ ਕੋਸ਼ਿਸ਼ ਕਰੋ ਅਤੇ ਇਨ੍ਹਾਂ ਨੂੰ ਦੂਰ ਕਰਨ ਲਈ ਕਿਸੇ ਚੰਗੇ ਮਨੋਵਿਗਿਆਨੀ ਨਾਲ ਗੱਲਬਾਤ ਕਰੋ।
× ਬੱਚੇ ਨਾਲ ਦੋਸਤਾਂ ਵਾਂਗ ਪੇਸ਼ ਆਓ ਅਤੇ ਉਸ ਨਾਲ ਹਾਸਾ-ਮਜ਼ਾਕ ਕਰੋ, ਤਾਂ ਕਿ ਉਹ ਖ਼ੁਸ਼ ਹੋ ਸਕੇ।
× ਬੱਚੇ ਨਾਲ ਮਾਰ-ਕੁੱਟ ਜਾਂ ਗਾਲੀ-ਗਲੋਚ ਨਾ ਕਰੋ ਅਤੇ ਭੁੱਲ ਕੇ ਵੀ ਕਦੇ ਤਾਹਨੇ-ਮਿਹਣੇ ਨਾ ਮਾਰੋ। ਨਹੀਂ ਤਾਂ ਬੱਚਾ ਪਹਿਲਾਂ ਨਾਲੋਂ ਜ਼ਿਆਦਾ ਪ੍ਰੇਸ਼ਾਨ ਹੋ ਸਕਦਾ ਹੈ।
× ਬੱਚੇ ਨੂੰ ਖਾਣੇ ਵਿਚ ਉਸ ਦੀ ਪਸੰਦ ਪੁੱਛੋ ਅਤੇ ਉਸ ਲਈ ਵਿਸ਼ੇਸ਼ ਤੌਰ ’ਤੇ ਉਹ ਖਾਣਾ ਬਣਾਓ, ਜਿਹੜਾ ਉਸ ਨੂੰ ਪਸੰਦ ਹੈ।
× ਸਾਰੇ ਪਰਿਵਾਰਕ ਜੀਅ ਇਕੱਠੇ ਬੈਠ ਕੇ ਟੀ.ਵੀ. ਦੇਖੋ ਜਾਂ ਫ਼ਿਲਮ ਵਗੈਰਾ ਦੇਖੋ, ਤਾਂ ਕਿ ਉਹ ਤੁਹਾਡੇ ਨਾਲ ਖੁੱਲ੍ਹ ਕੇ ਗੱਲਬਾਤ ਕਰ ਸਕੇ।
× ਬੱਚੇ ਨਾਲ ਬਾਹਰ ਘੁੰਮਣ ਲਈ ਨਿਕਲੋ ਅਤੇ ਉਸ ਦੇ ਦੋਸਤਾਂ-ਮਿੱਤਰਾਂ ਦੇ ਘਰ ਜਾਓ।× ਬੱਚੇ ਨੂੰ ਪਿਆਰ ਨਾਲ ਸਕੂਲ ਦਾ ਕੰਮ ਕਰਵਾਓ। ਉਸ ਨੂੰ ਪੜ੍ਹਾਈ ਦੀ ਅਹਿਮੀਅਤ ਬਾਰੇ ਜਾਣਕਾਰੀ ਦਿਓ।
× ਬੱਚੇ ਦੀਆਂ ਕਮੀਆਂ ਉਸ ਦੇ ਯਾਰਾਂ-ਦੋਸਤਾਂ ਦੇ ਸਾਹਮਣੇ ਨਾ ਦੱਸੋ।
× ਆਪਣੇ ਬੱਚੇ ਦੀ ਤੁਲਨਾ ਦੂਜੇ ਬੱਚਿਆਂ ਨਾਲ ਨਾ ਕਰੋ, ਕਿਉਂਕਿ ਹਰ ਬੱਚੇ ਦੇ ਸੋਚਣ ਅਤੇ ਕੰਮ ਕਰਨ ਦੀ ਯੋਗਤਾ ਵੱਖਰੀ-ਵੱਖਰੀ ਹੁੰਦੀ ਹੈ। × ਸਕੂਲ ਵਿਚ ਜਾ ਕੇ ਉਸ ਦੇ ਅਧਿਆਪਕ ਨਾਲ ਗੱਲ ਕਰੋ ਅਤੇ ਉਨ੍ਹਾਂ ਨੂੰ ਮਦਦ ਲਈ ਬੇਨਤੀ ਕਰੋ।
× ਬੱਚੇ ਸਾਹਮਣੇ ਆਪਣੇ ਪਤੀ/ਪਤਨੀ ਨਾਲ ਲੜਾਈ-ਝਗੜਾ ਨਾ ਕਰੋ, ਨਹੀਂ ਤਾਂ ਬੱਚੇ ਦੇ ਮਨ ’ਤੇ ਬੁਰਾ ਪ੍ਰਭਾਵ ਪੈਂਦਾ ਹੈ।
× ਬੱਚੇ ਨੂੰ ਉਸ ਦੀਆਂ ਪਸੰਦ ਦੀਆਂ ਵਸਤਾਂ ਜਿਵੇਂ ਕੱਪੜੇ, ਬੂਟ, ਖਿਡੌਣੇ ਅਤੇ ਮਨੋਰੰਜਨ ਦੀਆਂ ਚੀਜ਼ਾਂ ਲੈ ਕੇ ਦਿਓ।

## ਸੰਪਾਦਕੀ

# ਸਾਫ਼ ਹਵਾ 'ਚ ਸਾਹ ਲੈਣ ਦਾ ਹੱਕ ?

ਜਦੋਂ ਕਿਸੇ ਕਾਨੂੰਨਸਾਜ਼ ਦੀ ਥਾਂ ਕਿਸੇ ਸਿਹਤ ਮਾਹਿਰ ਨੂੰ ਸਾਫ਼ ਹਵਾ 'ਚ ਸਾਹ ਲੈਣ ਦੇ ਆਪਣੇ ਹੱਕ ਲਈ ਸੁਪਰੀਮ ਕੋਰਟ ਜਾਣਾ ਪਵੇ, ਤਾਂ ਇਹ ਰਾਜਨੀਤਕ ਇੱਛਾ ਸ਼ਕਤੀ ਦੇ ਢਹਿ-ਢੇਰੀ ਹੋਣ ਦਾ ਸੰਕੇਤ ਹੈ। ਲਿਊਕ ਕੌਟਿਨਹੋ ਵੱਲੋਂ ਦਾਇਰ ਲੋਕ ਹਿੱਤ ਪਟੀਸ਼ਨ ਵਿੱਚ ਸਿਖਰਲੀ ਅਦਾਲਤ ਨੂੰ ਹਵਾ ਪ੍ਰਦੂਸ਼ਣ ਨੂੰ 'ਰਾਸ਼ਟਰੀ ਜਨਤਕ ਸਿਹਤ ਐਮਰਜੈਂਸੀ' ਐਲਾਨਣ ਦੀ ਅਪੀਲ ਕੀਤੀ ਗਈ ਹੈ। ਇਹ ਪਟੀਸ਼ਨ ਉਸ ਸਚਾਈ ਨੂੰ ਬੇਨਕਾਬ ਕਰਦੀ ਹੈ ਜਿਸ ਨੂੰ ਭਾਰਤ ਨੇ ਮੰਨਣ ਤੋਂ ਇਨਕਾਰ ਕਰ ਦਿੱਤਾ ਹੈ ਕਿ ਹਵਾ ਖ਼ੁਦ ਹੀ ਆਪਣੇ ਲੋਕਾਂ ਦੀ ਦੁਸ਼ਮਣ ਹੋ ਗਈ ਹੈ। ਦਿੱਲੀ ਤੋਂ ਲਖਨਊ, ਗੁਰੂਗ੍ਰਾਮ ਤੋਂ ਪਟਨਾ ਤੱਕ ਨਾਗਰਿਕ ਸਾਹ ਨਾਲ ਉਹ ਜ਼ਹਿਰ ਅੰਦਰ ਖਿੱਚ ਰਹੇ ਹਨ ਜਿਸ ਦਾ ਕਾਰਨ ਪ੍ਰਸ਼ਾਸਕੀ ਉਦਾਸੀਨਤਾ ਹੈ। ਮਾਸਕ ਅਤੇ ਹਵਾ ਸ਼ੁੱਧ ਕਰਨ ਵਾਲੇ ਯੰਤਰ (ਪਿਊਰੀਫਾਇਰ) ਗਿਣਤੀ ਦੇ ਉਨ੍ਹਾਂ ਲੋਕਾਂ ਲਈ 'ਸਟੇਟਸ ਸਿੰਬਲ' ਬਣ ਗਏ ਹਨ ਜੋ ਇਨ੍ਹਾਂ ਨੂੰ ਖਰੀਦ ਸਕਦੇ ਹਨ, ਜਦਕਿ ਲੱਖਾਂ ਬੱਚੇ ਜ਼ਹਿਰੀਲੀ ਧੁੰਦ ਵਿੱਚ ਸਾਹ ਲੈਂਦਿਆਂ ਜਵਾਨ ਹੋ ਰਹੇ ਹਨ। ਤਾਜ਼ਾ ਅਨੁਮਾਨਾਂ ਮੁਤਾਬਕ ਦਿੱਲੀ ਦੇ 22 ਲੱਖ ਬੱਚਿਆਂ ਦੇ ਫੇਫੜਿਆਂ ਨੂੰ ਪੱਕੇ ਤੌਰ 'ਤੇ ਨੁਕਸਾਨ ਪੁੱਜਾ ਹੈ। ਇਹ ਤੱਥ ਨਾਰਾਜ਼ਗੀ ਪੈਦਾ ਕਰਨ ਤੇ ਅਮਲੀ ਕਾਰਵਾਈ ਕਰਵਾਉਣ ਲਈ ਕਾਫ਼ੀ ਹਨ ਪਰ ਇਸ ਦੀ ਬਜਾਏ, ਚੁੱਪ ਛਾਈ ਹੋਈ ਹੈ ਜੋ ਧੂੰਏਂ ਨਾਲੋਂ ਵੀ ਗਹਿਰੀ ਹੈ। ਅਧਿਐਨ ਦੱਸਦੇ ਹਨ ਕਿ ਹਰ ਸਾਲ ਪੀਐਮ2.5 ਦੇ ਸੰਪਰਕ 'ਚ ਆਉਣ ਨਾਲ ਜੁੜੀਆਂ ਬਿਮਾਰੀਆਂ ਕਾਰਨ ਲੱਖਾਂ ਲੋਕ ਦਮ ਤੋੜ ਜਾਂਦੇ ਹਨ।

ਪਰ ਸਰਕਾਰਾਂ ਨੇ ਇਨ੍ਹਾਂ ਗੈਰ-ਸਾਧਾਰਨ ਸਥਿਤੀਆਂ ਨੂੰ ਆਮ ਵਾਂਗ ਬਣਾ ਲਿਆ ਜਾਪਦਾ ਹੈ। ਹਰ ਸਾਲ ਉਹੀ ਨਾਟਕ ਹੁੰਦਾ ਹੈ: ਪਟਾਕਿਆਂ 'ਤੇ ਪਾਬੰਦੀ, ਪਰਾਲੀ ਸਾੜਨ 'ਤੇ ਨਾਂਹ-ਪੱਖੀ ਜੁਰਮਾਨੇ ਅਤੇ ਪੰਜਾਬ, ਹਰਿਆਣਾ ਅਤੇ ਦਿੱਲੀ ਵਿਚਾਲੇ ਰਾਜਨੀਤਕ ਦੋਸ਼-ਮੜ੍ਹਨ ਦੀ ਖੇਡ। ਇਸ ਦੌਰਾਨ ਉਸਾਰੀ ਕਾਰਜਾਂ ਨਾਲ ਉੱਠਦੀ ਧੂੜ, ਡੀਜ਼ਲ ਦਾ ਧੂੰਆਂ ਅਤੇ ਬੇਕਾਬੂ ਉਦਯੋਗਿਕ ਇਕਾਈਆਂ ਦੇਸ਼ ਦੇ ਫੇਫੜਿਆਂ 'ਤੇ ਨਿਰੰਤਰ ਦਬਾਅ ਬਣਾ ਰਹੀਆਂ ਹਨ। ਭਾਰਤ ਕੋਲ ਕਾਗਜ਼ਾਂ 'ਤੇ ਤਾਂ ਸਵੱਛ ਹਵਾ ਮਿਸ਼ਨ ਹਨ, ਪਰ ਜਦੋਂ ਸਾਲ-ਦਰ-ਸਾਲ ਮਿੱਥੇ ਟੀਚੇ ਫੇਲ੍ਹ ਹੋ ਜਾਂਦੇ ਹਨ ਤਾਂ ਕਿਸੇ ਨੂੰ ਜਵਾਬਦੇਹ ਨਹੀਂ ਠਹਿਰਾਇਆ ਜਾਂਦਾ। ਸੰਵਿਧਾਨ ਦੀ ਧਾਰਾ 21 ਤਹਿਤ ਮਿਲਿਆ ਜਿਊਣ ਦਾ ਅਧਿਕਾਰ ਅਜਿਹੀ ਹਵਾ ਨਾਲ ਕਾਇਮ ਨਹੀਂ ਰਹਿ ਸਕਦਾ ਜੋ ਸਾਹ ਲੈਣ ਦੇ ਯੋਗ ਹੀ ਨਾ ਹੋਵੇ।

ਸੁਪਰੀਮ ਕੋਰਟ ਜੇਕਰ ਇਸ ਨੂੰ ?ਜਨਤਕ ਸਿਹਤ ਐਮਰਜੈਂਸੀ ਐਲਾਨੇ ਤਾਂ ਇਹ ਬੇਪਰਵਾਹ ਪ੍ਰਣਾਲੀ ਨੂੰ ਝੰਜੋੜਨ ਵਾਲਾ ਇਕ ਆਖ਼ਰੀ ਹੱਲ ਹੋ ਸਕਦਾ ਹੈ। ਇਸ ਤੋਂ ਬਾਅਦ ਸਮਾਂ-ਸੀਮਾ ਮਿੱਥ ਕੇ ਨਿਯਮਾਂ ਨੂੰ ਸਖ਼ਤੀ ਨਾਲ ਲਾਗੂ ਕੀਤਾ ਜਾਣਾ ਚਾਹੀਦਾ ਹੈ ਤੇ ਜਾਣਬੁੱਝ ਕੇ ਕੀਤੀ ਗਈ ਅਣਗਹਿਲੀ ਲਈ ਅਪਰਾਧਕ ਜਵਾਬਦੇਹੀ ਤੈਅ ਹੋਣੀ ਚਾਹੀਦੀ ਹੈ। ਇੱਕ ਰਾਸ਼ਟਰ ਜੋ ਆਪਣੇ ਨਾਗਰਿਕਾਂ ਨੂੰ ਸਾਫ਼ ਹਵਾ ਦੀ ਗਾਰੰਟੀ ਨਹੀਂ ਦੇ ਸਕਦਾ, ਉਹ ਮਹਾਨਤਾ ਦੇ ਰਾਹ 'ਤੇ ਹੋਣ ਦਾ ਦਾਅਵਾ ਨਹੀਂ ਕਰ ਸਕਦਾ। ਸਲਾਹਾਂ ਤੇ ਬੇਮਤਲਬ ਗੱਲਾਂ ਦਾ ਸਮਾਂ ਲੰਘ ਗਿਆ ਹੈ। ਹੁਣ ਇਕ ਅਜਿਹੀ ਰਾਜਨੀਤਕ ਦਲੇਰੀ ਦੀ ਲੋੜ ਹੈ ਜੋ ਜ਼ਹਿਰੀਲੀ ਹਵਾ ਨੂੰ ਇੱਕ ਅਸੁਵਿਧਾ ਵਜੋਂ ਨਹੀਂ, ਸਗੋਂ ਹੰਗਾਮੀ ਕਾਰਵਾਈ ਦੀ ਮੰਗ ਕਰਨ ਵਾਲੀ ਇੱਕ ਰਾਸ਼ਟਰੀ ਜ਼ਲਾਲਤ ਵਜੋਂ ਦੇਖੇ। ਸਾਫ਼ ਹਵਾ ਵਿੱਚ ਸਾਹ ਲੈਣ ਦੇ ਅਧਿਕਾਰ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾਣਾ ਚਾਹੀਦਾ।

# ਆਪਣੇ ਹੀ ਬੁਣੇ ਜਾਲ 'ਚ ਫਸਦਾ ਜਾ ਰਿਹਾ ਪਾਕਿਸਤਾਨ

ਪਾਕਿਸਤਾਨ ਦੇ ਸ਼ਾਸਕ ਇਨ੍ਹੀਂ ਦਿਨੀਂ ਖੁਦ ਨੂੰ ਇਕ ਉੱਭਰਦੀ ਹੋਈ ਕੂਟਨੀਤਿਕ ਸ਼ਕਤੀ ਦੇ ਰੂਪ 'ਚ ਪੇਸ਼ ਕਰਨ 'ਚ ਰੁੱਝੇ ਹੋਏ ਹਨ। ਅਮਰੀਕਾ ਦੇ ਨਾਲ ਰਿਸ਼ਤਿਆਂ 'ਚ ਅਣਕਿਆਸੇ ਸੁਧਾਰ, ਸਾਊਦੀ ਅਰਬ ਨਾਲ ਰੱਖਿਆ ਸਮਝੌਤਾ ਅਤੇ ਖਾੜੀ ਦੇਸ਼ਾਂ ਦੇ ਨਾਲ ਗੂੜ੍ਹੇ ਹੁੰਦੇ ਸੰਬੰਧਾਂ ਨੇ ਦੇਸ਼ ਦੀ ਵਿਦੇਸ਼ ਨੀਤੀ ਨੂੰ ਮਜ਼ਬੂਤੀ ਦਿੱਤੀ ਹੈ। ਇਸਲਾਮਾਬਾਦ 'ਚ ਹਾਲ ਹੀ 'ਚ ਤੁਰਕੀ ਦੇ ਨਾਲ 'ਦੋਸਤੀ ਹਫਤੇ' ਦਾ ਵਿਸ਼ਾਲ ਆਯੋਜਨ ਕੀਤਾ। ਚੀਨ, ਈਰਾਨ ਅਤੇ ਰੂਸ ਵਰਗੇ ਦੇਸ਼ਾਂ ਨਾਲ ਸਹਿਯੋਗ ਵੀ ਇਸਲਾਮਾਬਾਦ ਲਈ ਸੰਤੋਖ ਦਾ ਵਿਸ਼ਾ ਬਣ ਗਿਆ ਹੈ ਪਰ ਇਸ ਸੰਸਾਰਕ ਉਪਲਬਧੀ ਅਤੇ ਆਤਮਵਿਸ਼ਵਾਸ ਦੇ ਪਿੱਛੇ ਇਕ ਸਖਤ ਸੱਚਾਈ ਲੁਕੀ ਹੈ ਅਤੇ ਉਹ ਇਹ ਕਿ ਪਾਕਿਸਤਾਨ ਘਰੇਲੂ ਮੋਰਚੇ 'ਤੇ ਗੰਭੀਰ ਸੰਕਟ 'ਚੋਂ ਲੰਘ ਰਿਹਾ ਹੈ। ਪਾਕਿਸਤਾਨ 'ਚ ਇਸ ਸਾਲ ਹੁਣ ਤੱਕ 373 ਅੱਤਵਾਦੀ ਘਟਨਾਵਾਂ ਦਰਜ ਕੀਤੀਆਂ ਗਈਆਂ ਹਨ, ਜਿਨ੍ਹਾਂ 'ਚੋਂ ਜ਼ਿਆਦਾਤਰ ਦੇ ਪਿੱਛੇ 'ਤਹਿਰੀਕ-ਏ-ਤਾਲਿਬਾਨ ਪਾਕਿਸਤਾਨ' (ਟੀ.ਟੀ.ਪੀ.) ਦਾ ਹੱਥ ਦੱਸਿਆ ਗਿਆ ਹੈ। ਇਹ ਉਹੀ ਸੰਗਠਨ ਹੈ ਜਿਸ ਨੇ ਪਿਛਲੇ ਦੋ ਦਹਾਕਿਆਂ ਤੋਂ ਪਾਕਿਸਤਾਨ ਲਈ ਸਭ ਤੋਂ ਵੱਡੀ ਸੁਰੱਖਿਆ ਚੁਣੌਤੀ ਖੜ੍ਹੀ ਹੈ। ਤਾਲਿਬਾਨ ਪ੍ਰਤੀ ਪਾਕਿਸਤਾਨ ਦੀ ਨੀਤੀ ਵੀ ਹੁਣ ਉਸ ਦੀ ਸਭ ਤੋਂ ਵੱਡੀ ਕਮਜ਼ੋਰੀ ਬਣ ਗਈ ਹੈ। ਜਦੋਂ 2021 'ਚ ਅਫਗਾਨਿਸਤਾਨ 'ਚ ਤਾਲਿਬਾਨ ਦੀ ਸੱਤਾ 'ਚ ਵਾਪਸੀ ਹੋਈ ਸੀ ਤਾਂ ਪਾਕਿਸਤਾਨ ਨੇ ਇਸ ਨੂੰ ਕੂਟਨੀਤਿਕ ਜਿੱਤ ਦੱਸਿਆ ਸੀ। ਉਸ ਨੂੰ ਉਮੀਦ ਸੀ ਕਿ ਕਾਬੁਲ ਦੀ ਨਵੀਂ ਸਰਕਾਰ ਉਸ ਦੇ ਹਿੱਤਾਂ ਦੀ ਰੱਖਿਆ ਕਰੇਗੀ ਅਤੇ ਟੀ.ਟੀ.ਪੀ. ਨੂੰ ਕੰਟਰੋਲ ਕਰੇਗੀ ਪਰ ਇਹ ਉਮੀਦ ਹੁਣ ਪੂਰੀ ਤਰ੍ਹਾਂ ਢਹਿ-ਢੇਰੀ ਹੋ ਚੁੱਕੀ ਹੈ। ਤਾਲਿਬਾਨ ਅਤੇ ਟੀ. ਟੀ. ਪੀ. ਵਿਚਾਲੇ ਡੂੰਘੇ ਵਿਚਾਰਕ ਅਤੇ ਪਰਿਵਾਰਕ ਸੰਬੰਧ ਹਨ, ਜਿਸ ਕਾਰਨ ਅਫਗਾਨਿਸਤਾਨ ਦੀ ਤਾਲਿਬਾਨ ਸਰਕਾਰ ਨੇ ਪਾਕਿਸਤਾਨ ਦੀਆਂ ਚਿੰਤਾਵਾਂ ਦੀ ਵਾਰ-ਵਾਰ ਅਣਡਿੱਠਤਾ ਕੀਤੀ ਹੈ। ਪਾਕਿਸਤਾਨ ਨੇ ਕਈ ਵਾਰ ਅਫਗਾਨ ਤਾਲਿਬਾਨ ਨਾਲ ਗੱਲਬਾਤ ਦੀ ਕੋਸ਼ਿਸ਼ ਕੀਤੀ ਹੈ, ਜਿਨ੍ਹਾਂ 'ਚ ਹਾਲ ਦੇ ਹਫਤਿਆਂ 'ਚ ਤੁਰਕੀ 'ਚ ਹੋਈ ਬੈਠਕ ਵੀ ਸ਼ਾਮਲ ਹੈ ਪਰ ਸਿਆਸੀ ਆਬਜ਼ਰਵਰਾਂ ਦਾ ਕਹਿਣਾ ਹੈ ਕਿ ਅਫਗਾਨਿਸਤਾਨ ਦਾ ਤਾਲਿਬਾਨ ਸ਼ਾਸਨ ਟੀ. ਟੀ. ਪੀ. 'ਤੇ ਕਦੇ ਸਖਤ ਕਾਰਵਾਈ ਨਹੀਂ ਕਰੇਗਾ। ਇਹ ਸਥਿਤੀ ਪਾਕਿਸਤਾਨ ਲਈ ਅਤਿਅੰਤ ਚਿੰਤਾਜਨਕ ਹੈ ਕਿਉਂਕਿ ਸਰਹੱਦ ਪਾਰੋਂ ਆਉਣ ਵਾਲੇ ਅੱਤਵਾਦੀ ਹੁਣ ਪਹਿਲਾਂ ਨਾਲੋਂ ਜ਼ਿਆਦਾ ਸਰਗਰਮ ਅਤੇ ਹਿੰਮਤੀ ਹੋ ਚੁੱਕੇ ਹਨ। ਅਜਿਹੇ ਹਾਲਾਤ 'ਚ ਪਾਕਿਸਤਾਨ ਦੇ ਸਾਹਮਣੇ ਹੁਣ ਇਕ ਮੁਸ਼ਕਲ ਬਦਲ ਖੜ੍ਹਾ ਹੈ। ਉਸ ਨੇ ਇਹ ਤੈਅ ਕਰਨਾ ਹੈ ਕਿ ਕੀ ਉਹ ਅਫਗਾਨਿਸਤਾਨ 'ਚ ਟੀ. ਟੀ. ਪੀ. ਦੇ ਟਿਕਾਣਿਆਂ 'ਤੇ ਅੱਗੇ ਵੀ ਫੌਜੀ ਹਮਲੇ ਜਾਰੀ ਰੱਖੇ ਜਾਂ ਸੰਜਮ ਵਰਤੇ ਅਤੇ ਦੇਸ਼ ਦੇ ਅੰਦਰ ਵਧਦੇ ਅੱਤਵਾਦੀ ਹਮਲਿਆਂ ਦਾ ਸਾਹਮਣਾ ਕਰੇ। ਹਾਲ ਹੀ 'ਚ ਕੀਤੇ ਗਏ ਹਵਾਈ ਹਮਲਿਆਂ ਨੇ ਪਾਕਿਸਤਾਨ ਅਤੇ ਅਫਗਾਨਿਸਤਾਨ ਦੇ ਸੰਬੰਧਾਂ ਨੂੰ ਗੰਭੀਰ ਰੂਪ ਨਾਲ ਪ੍ਰਭਾਵਿਤ ਕੀਤਾ ਹੈ। ਇਹ ਤਣਾਅ 2021 'ਚ ਤਾਲਿਬਾਨ ਦੀ ਸੱਤਾ 'ਚ ਵਾਪਸੀ ਤੋਂ ਬਾਅਦ ਦੋਵਾਂ ਦੇਸ਼ਾਂ ਵਿਚਾਲੇ ਸਭ ਤੋਂ ਵੱਧ ਹਿੰਸਕ ਟਕਰਾਅ ਦੇ ਰੂਪ 'ਚ ਦੇਖਿਆ ਜਾ ਰਿਹਾ ਹੈ। ਇਸ ਦੇ ਨਾਲ ਹੀ ਪਾਕਿਸਤਾਨ ਦੀ ਘਰੇਲੂ ਸਿਆਸੀ ਸਥਿਤੀ ਵੀ ਕਿਸੇ ਵਿਸਫੋਟਕ ਮੋੜ 'ਤੇ ਹੈ। ਸੈਨਾ ਅਤੇ ਸਰਕਾਰ ਵਿਚਾਲੇ ਅਵਿਸ਼ਵਾਸ, ਵਿਰੋਧੀ ਪਾਰਟੀਆਂ ਅੰਦਰ ਆਪਸੀ ਕਲੇਸ਼ ਅਤੇ ਆਰਥਿਕ ਸੰਕਟ ਨੇ ਦੇਸ਼ ਦੀ ਅੰਦਰੂਨੀ ਸਥਿਰਤਾ ਨੂੰ ਕਮਜ਼ੋਰ ਕਰ ਦਿੱਤਾ ਹੈ।

ਵਿਦੇਸ਼ੀ ਨਿਵੇਸ਼ਕ ਅਸੁਰੱਖਿਆ ਅਤੇ ਸਿਆਸੀ ਅਸਥਿਰਤਾ ਕਾਰਨ ਪਾਕਿਸਤਾਨ 'ਚ ਨਿਵੇਸ਼ ਕਰਨ ਤੋਂ ਝਿਜਕ ਰਹੇ ਹਨ। ਦੇਸ਼ ਦੀ ਆਮ ਜਨਤਾ ਪਹਿਲਾਂ ਤੋਂ ਹੀ ਮਹਿੰਗਾਈ, ਬੇਰੁਜ਼ਗਾਰੀ ਅਤੇ ਊਰਜਾ ਸੰਕਟ ਤੋਂ ਪ੍ਰੇਸ਼ਾਨ ਹੈ। ਅੱਤਵਾਦੀ ਘਟਨਾਵਾਂ ਦੀ ਵਧਦੀ ਗਿਣਤੀ ਨੇ ਨਾਗਰਿਕਾਂ ਨੂੰ ਭੈਅ ਅਤੇ ਅਸੁਰੱਖਿਆ 'ਚ ਧੱਕ ਦਿੱਤਾ ਹੈ, ਅਸ਼ਾਂਤ ਖੈਬਰ ਪਖਤੂਨਖਵਾ, ਬਲੋਚਿਸਤਾਨ ਅਤੇ ਪੀ. ਓ. ਕੇ. (ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ) 'ਚ ਵਿਦਰੋਹ ਦੇ ਤਿੱਖੇ ਸੁਰ ਸੁਣਾਈ ਦੇ ਰਹੇ ਹਨ। ਪੀ. ਓ. ਕੇ. ਦੇ ਲੋਕਾਂ 'ਚ ਉਨ੍ਹਾਂ ਦੇ ਸੋਮਿਆਂ ਦਾ ਲਾਭ ਰਾਜ ਦੇ ਲੋਕਾਂ ਤੱਕ ਪਹੁੰਚਾਉਣ ਦੀ ਬਜਾਏ ਦੇਸ਼ ਦੇ ਦੂਜੇ ਹਿੱਸਿਆਂ ਨੂੰ ਪਹੁੰਚਾਉਣ ਅਤੇ ਜ਼ਰੂਰੀ ਜੀਵਨ ਉਪਯੋਗੀ ਵਸਤਾਂ ਤੋਂ ਵਾਂਝੇ ਰੱਖਣ ਦੇ ਕਾਰਨ ਉੱਥੇ ਅਸੰਤੋਸ਼ ਦਾ ਲਾਵਾ ਉਬਲ ਰਿਹਾ ਹੈ ਅਤੇ ਲਗਭਗ ਰੋਜ਼ ਹੀ ਉੱਥੇ ਸਰਕਾਰ ਵਿਰੋਧੀ ਪ੍ਰਦਰਸ਼ਨ ਹੋ ਰਹੇ ਹਨ। ਇਸੇ ਤਰ੍ਹਾਂ ਖੈਬਰ ਪਖਤੂਨਖਵਾ ਦੀ ਬਾਜੌਰ ਤਹਿਸੀਲ ਦੇ ਵੱਖ-ਵੱਖ ਪਿੰਡਾਂ ਦੇ ਲੋਕਾਂ ਨੇ ਸੜਕ 'ਤੇ ਉਤਰ ਕੇ ਪਾਕਿਸਤਾਨੀ ਫੌਜ ਵਲੋਂ ਅੱਤਵਾਦ ਵਿਰੋਧੀ ਮੁਹਿੰਮ ਦੇ ਨਾਂ 'ਤੇ ਉਨ੍ਹਾਂ ਦੇ ਘਰਾਂ ਅਤੇ ਮਸਜਿਦਾਂ 'ਤੇ ਤੋਪਾਂ ਸਮੇਤ ਭਾਰੀ ਹਥਿਆਰਾਂ ਨਾਲ ਹਮਲਾ ਕਰਨ ਅਤੇ ਗੋਲੀਆਂ ਚਲਾਉਣ ਦੇ ਵਿਰੁੱਧ ਭਾਰੀ ਪ੍ਰਦਰਸ਼ਨ ਕੀਤਾ। ਇਸ ਤਰ੍ਹਾਂ ਦੇ ਹਾਲਾਤ ਵਿਚਾਲੇ ਪਾਕਿਸਤਾਨ ਲਈ ਹੁਣ ਇਹ ਜ਼ਰੂਰੀ ਹੋ ਗਿਆ ਹੈ ਕਿ ਉਹ ਆਪਣੀ ਵਿਦੇਸ਼ ਨੀਤੀ ਦੀ ਚਮਕ ਤੋਂ ਧਿਆਨ ਹਟਾ ਕੇ ਅੰਦਰੂਨੀ ਸੁਰੱਖਿਆ 'ਤੇ ਧਿਆਨ ਕੇਂਦਰਿਤ ਕਰੇ। ਉਸ ਨੂੰ ਇਕ ਲੰਬੇ ਸਮੇਂ ਦੀ ਰਣਨੀਤੀ ਬਣਾਉਣੀ ਹੋਵੇਗੀ ਜਿਸ 'ਚ ਸੀਮਾ ਸੁਰੱਖਿਆ, ਅੱਤਵਾਦ ਦੀ ਫੰਡਿੰਗ 'ਤੇ ਰੋਕ ਅਤੇ ਸਿਆਸੀ ਸਥਿਰਤਾ ਨੂੰ ਕੇਂਦਰ 'ਚ ਰੱਖਿਆ ਜਾਵੇ।

# ਲਾਈਨ ਰਜਨੀਸ਼ ਕੁਮਾਰ ਦੇ ਤਾਜਪੋਸ਼ੀ ਸਮਾਗਮ ਵਿਚ ਸੰਭਾਲਿਆ ਅਹੁਦਾ




**ਖਰੜ, 12 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਲਾਇਨਜ਼ ਕਲੱਬ ਖਰੜ ਸਿਟੀ ਦਾ ਇਲਾਕੇ ਵਿਚ ਮਾਨਵਤਾ ਦੀ ਸੇਵਾ ਲਈ ਅਹਿਮ ਯੋਗਦਾਨ ਹੈ ਅਤੇ ਕਲੱਬ ਵਲੋ ਕੀਤੇ ਜਾ ਰਹੇ ਸਮਾਜ ਭਲਾਈ ਦੇ ਕੰਮਾਂ ਬਹੁਤ ਹੀ ਸ਼ਲਾਘਾਯੋਗ ਹੈ। ਇਹ ਪ੍ਰਗਟਾਵਾ ਮਿਲਕਫੈਡ ਪੰਜਾਬ ਦੇ ਚੇਅਰਮੈਨ ਨਰਿੰਦਰ ਸਿੰਘ ਸ਼ੇਰਗਿੱਲ ਨੇ ਲਾਇਨਜ਼ ਕਲੱਬ ਖਰੜ ਸਿਟੀ ਦੇ ਸਾਲ 2025-2026 ਲਈ ਨਵੇ ਚੁਣੇ ਗਏ ਪ੍ਰਧਾਨ ਲਾਈਨ ਰਜ਼ਨੀਸ਼ ਕੁਮਾਰ ਸੋਨੀ ਦੇ ਅਹੁੱਦਾ ਸੰਭਾਲਣ ਲਈ ਕਲੱਬ ਦੇ ਸਾਲ 2024-25 ਦੇ ਪ੍ਰਧਾਨ ਪੰਕਜ ਚੱਢਾ ਦੀ ਅਗਵਾਈ ਵਿਚ ਕਰਵਾਏ ਗਏ ਤਾਜਪੋਸ਼ੀ ਸਮਾਗਮ ਨੂੰ ਸੰਬੋਧਨ ਕਰਦਿਆ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ ਅੱਜ ਸਾਡੇ ਲਈ ਮਾਣ ਵਾਲੀ ਗੱਲ ਹੈ ਕਿ ਇਹ ਕਲੱਬ ਸਮਾਜ ਸੇਵਾ ਦੇ ਖੇਤਰ ਵਿਚ ਬੁਲੰਦੀਆਂ ਛੂਹਦਾ ਜਾ ਰਿਹਾ ਹੈ ਅਤੇ ਸਾਰੇ ਮੈਂਬਰ ਇੱਕ ਜੁਟ ਹੋ ਕੇ ਸੇਵਾ ਕਰ ਰਹੇ ਹਨ। ਉਨ੍ਹਾਂ ਨਵੇ ਚੁਣੇ ਗਏ ਪ੍ਰਧਾਨ, ਬੋਰਡ ਆਫ ਡਾਇਰੈਕਟਰ, ਬਾਕੀ ਅਹੁੱਦੇਦਾਰਾਂ ਨੂੰ ਵਧਾਈ ਦਿੱਤੀ। ਲਾਇਨਜ਼ ਡਿਸਟ੍ਰਿਕਟ 321 ਐਫ ਦੇ ਵਾਈਸ ਡਿਸਟ੍ਰਿਕਟ ਗਵਰਨਰ-1 ਅਜੈ ਗੋਇਲ ਨੇ ਨਵ ਨਿਯੁਕਤ ਪ੍ਰਧਾਨ ਅਤੇ ਬਾਕੀ ਅਹੁੱਦੇਦਾਰ ਨੂੰ ਸਹੁੰ ਚੁਕਾਈ ਤੇ ਉਨ੍ਹਾਂ ਦੇ ਕੰਮਾਂ ਬਾਰੇ ਦੱਸਿਆ।

ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਅੱਜ ਗੌਰਵ ਨਾਲ ਕਹਿਣਾ ਪੈ ਰਿਹਾ ਹੈ ਕਿ ਇਹ ਕਲੱਬ ਡਿਸਟ੍ਰਿਕਟ ਵਿਚ ਨੰਬਰ 1 ਤੇ ਕੰਮ ਕਰ ਰਿਹਾ ਹੈ, ਕਲੱਬ ਦੇ ਮੈਬਰ ਇਸ ਗੱਲ ਦੇ ਵਧਾਈ ਦੇ ਪਾਤਰ ਹਨ ਕਿ ਪਿਛਲੇ 5 ਸਾਲਾਂ ਤੋਂ ਕਲੱਬ ਵਲੋਂ ਨਵੇ ਮੈਂਬਰ ਜੋੜੇ ਗਏ ਹਨ ਅਤੇ ਕੋਈ ਵੀ ਮੈਂਬਰ ਡਰਾਪ ਨਹੀਂ ਹੋਇਆ। ਉਨ੍ਹਾਂ ਕਲੱਬ ਦੀ ਕਾਰਗੁਜ਼ਾਰੀ ਦੀ ਸ਼ਲਾਘਾ ਕੀਤੀ ਤੇ ਕਿਹਾ ਕਿ ਦੇਸ਼ ਵਿਦੇਸ਼ਾਂ ਵਿਚ ਲਾਈਨ ਮੈਂਬਰ ਦਿਨ ਰਾਤ ਕੰਮ ਕਰਦੇ ਹਨ। ਲਾਇਨਜ਼ ਇੰਟਰਨੈਸ਼ਨਲ ਡਿਸਟ੍ਰਿਕਟ 321 ਐਫ ਦੇ ਵਾਈਸ ਡਿਸਟ੍ਰਿਕਟ ਗਵਰਨਰ-2 ਨਰੇਸ਼ ਗੋਇਲ ਨੇ ਪਿਛਲੇ ਸਾਲ ਅਤੇ ਇਸ ਸਾਲ ਬਣੇ 9 ਲਾਈਨ ਮੈਂਬਰਾਂ ਨੂੰ ਸਹੁੰ ਚੁਕਾਈ ਅਤੇ ਮਾਨਵਤਾ ਦੀ ਸੇਵਾ ਲਈ ਦਸਿਆ। ਕਲੱਬ ਦੇ ਸਮੂਹ ਅਹੁੱਦੇਦਾਰਾਂ ਅਤੇ ਦੋਸਤ ਮਿੱਤਰਾਂ ਵਲੋਂ ਨਵੇ ਬਣੇ ਪ੍ਰਧਾਨ ਰਜ਼ਨੀਸ਼ ਕੁਮਾਰ ਸੋਨੀ ਦੇ ਗਲ ਵਿਚ ਹਾਰ ਪਾ ਕੇ ਸਵਾਗਤ ਕੀਤਾ।

ਵੀ.ਡੀ.-1 ਅਜੈ ਗੋਇਲ ਵਲੋਂ ਕਲੱਬ ਦੇ ਦੋ ਨਵੇ ਬਣੇ ਐਮ.ਜੇ.ਐਫ. ਪੰਕਜ ਚੱਢਾ, ਗੁਰਮੁੱਖ ਸਿੰਘ ਮਾਨ ਨੂੰ ਇੰਟਰਨੈਸ਼ਨਲ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਡਿਸਟ੍ਰਿਕਟ ਦੇ ਕੈਬਨਿਟ ਸਕੱਤਰ ਜਤਿੰਦਰਪਾਲ ਸਿੰਘ ਸਹਿਦੇਵ, ਰਿਜਨ ਚੇਅਰਮੈਨ ਸੰਨਤ ਭਾਰਦਵਾਜ, ਜੋਨ ਚੇਅਰਮੈਨ ਸੰਜੀਵ ਕੁਮਾਰ ਗਰਗ, ਕੌਂਸਲਰ ਬਹਾਦਰ ਸਿੰਘ ਓ.ਕੇ, ਪਰਦੀਪ ਕੁਮਾਰ ਰੂੜਾ, ਹੈਪੀ ਧੀਮਾਨ, ਅਸ਼ਵਨੀ ਕੁਮਾਰ ਸ਼ਰਮਾ, ਵਿਪਨ, ਸੁਨੀਲ ਛਾਬੜਾ, ਪਰਮਪ੍ਰੀਤ ਸਿੰਘ, ਪੰਕਜ ਚੱਢਾ, ਗੋਵਿੰਦਰ ਸਿੰਘ ਚੀਮਾ, ਹਰਦੀਪ ਸਿੰਘ, ਚੰਦਰ ਸੇਖਰ, ਡਾ.ਕੁਲਵਿੰਦਰ ਸਿੰਘ, ਹਰਬੰਸ ਸਿੰਘ, ਮਨੋਜ਼ ਕੁਮਾਰ, ਮਨਿੰਦਰ ਸਿੰਘ, ਧਰੁਵ ਗਰਗ, ਸਲਿੰਦਰ ਸਿੰਘ, ਸਾਹਿਲ ਕੋਹਲੀ, ਅਮਰੀਸ਼ ਸ਼ੁਕਲਾ, ਪਰਮੋਦ ਕੁਮਾਰ, ਹਰਵਿੰਦਰ ਕੌਰ, ਨਰਿੰਦਰ ਕੌਰ ਸਮੇਤ ਕਲੱਬ ਦੇ ਸਮੂਹ ਮੈਂਬਰ ਅਤੇ ਪ੍ਰੀਵਾਰਿਕ ਮੈਂਬਰ, ਸ਼ਹਿਰ ਨਿਵਾਸੀ ਹਾਜ਼ਰ ਸਨ।

# ਚੇਅਰਮੈਨ ਤੇ ਕੌਂਸਲਰ ਚੀਮਾ ਵਲੋਂ ਕੀਤਾ ਸਵਾਗਤ

**ਖਰੜ, 12 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵਲੋਂ ਮਾਰਕੀਟ ਕਮੇਟੀ ਖਰੜ ਦੇ ਨਿਯੁਕਤ ਕੀਤੇ ਗਏ ਚੇਅਰਮੇਨ ਸੁਖਵਿੰਦਰ ਸਿੰਘ ਬਿੱਟੂ ਦੀ ਇਸ ਨਿਯੁਕਤੀ ਨਾਲ ਕੌਂਸਲਰਾਂ, ਸਮਰੱਥਕਾਂ ਅਤੇ ਸ਼ਹਿਰ ਨਿਵਾਸੀਆਂ ਵਿਚ ਖੁਸ਼ੀ ਪਾਈ ਜਾ ਰਹੀ ਹੈ, ਖਰੜ ਦੇ ਵਾਰਡ ਨੰ: 4 ਦੇ ਮਿਊਸਪਲ ਕੌਂਸਲਰ ਗੋਵਿੰਦਰ ਸਿੰਘ ਚੀਮਾ ਨੇ ਸੁਖਵਿੰਦਰ ਸਿੰਘ ਬਿੱਟੂ ਨੂੰ ਸਿਰੋਪਾ ਕੇ ਸਵਾਗਤ ਕੀਤਾ ਅਤੇ ਉਨ੍ਹਾਂ ਨੂੰ ਇਸ ਨਿਯੁਕਤੀ ਲਈ ਵਧਾਈ ਦਿੱਤੀ। ਉਨ੍ਹਾਂ ਸੁਖਵਿੰਦਰ ਸਿੰਘ ਬਿੱਟੂ ਨੂੰ ਮਾਰਕੀਟ ਕਮੇਟੀ ਖਰੜ ਦਾ ਚੇਅਰਮੈਨ ਲਗਾਉਣ ਤੇ ਹਲਕਾ ਵਿਧਾਇਕ ਅਤੇ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ ਤੇ ਬਿੱਟੂ ਜੀ ਦੀ ਅਗਵਾਈ ਹੇਠ ਖਰੜ ਮਾਰਕੀਟ ਕਮੇਟੀ ਦੇ ਵਿਕਾਸ ਕਾਰਜਾਂ ਨੂੰ ਹੋਰ ਗਤੀ ਮਿਲੇਗੀ ਅਤੇ ਕਿਸਾਨਾਂ ਦੀਆਂ ਸੁਵਿਧਾਵਾਂ ਵਧੀਆ ਢੰਗ ਨਾਲ ਸੁਧਾਰੀ ਜਾਣਗੀਆਂ।



# ਬਰਨਾਲਾ ਥਾਣਾ ਸਿਟੀ ਦੇ ਮਾਲਖਾਨੇ ਨੂੰ ਥਾਣਾ ਦੇ ਸਿਪਾਹੀ ਨੇ ਲੱਖਾਂ ਦੇ ਕੈਸ਼ ਅਤੇ ਗੋਲਡ ਨੂੰ ਲਗਾਇਆ ਚੂਨਾ,ਮਾਮਲਾ ਦਰਜ

**ਬਰਨਾਲਾ, 12 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਬਰਨਾਲਾ ਦੇ ਥਾਣਾ ਸਿਟੀ ਵਿਖੇ ਤੈਨਾਤ ਸਹਾਇਕ ਮੁਨਸ਼ੀ ਸਿਪਾਹੀ ਹਰਪ੍ਰੀਤ ਸਿੰਘ 278 ਆਪਰੇਟਰ ਥਾਣਾ ਸਿਟੀ ਬਰਨਾਲਾ) ਦੇ ਵੱਲੋਂ ਥਾਣਾ ਸਿਟੀ ਦੇ ਮਾਲਖਾਨੇ ਦੇ ਵਿੱਚੋਂ ਵੱਖ-ਵੱਖ ਮਾਮਲਿਆਂ ਦੇ ਵਿੱਚ ਰਿਕਵਰੀ ਹੋਈ ਲੱਖਾ ਰੁਪਏ ਦੀ ਨਗਦੀ ਸਮੇਤ ਸੋਨੇ ਨੂੰ ਚੋਰੀ ਕਰਨ ਦਾ ਮਾਮਲਾ ਦਰਜ ਕੀਤਾ ਗਿਆ ਹੈ।

ਜਿਸ ਦੀ ਸੀਸੀਟੀਵੀ ਫੁਟੇਜ ਵੀ ਥਾਣਾ ਸਿਟੀ ਵਿਖੇ ਲੱਗੇ ਕੈਮਰੇ ਦੇ ਵਿੱਚ ਕੈਦ ਹੋ ਗਈ ਹੈ। ਜਾਣਕਾਰੀ ਅਨੁਸਾਰ ਇਹ ਮਮਲਾ ਥਾਣਾ ਸਿਟੀ 1 ਬਰਨਾਲਾ ਵਿਖੇ ਤੈਨਾਤ ਸਬ ਇੰਸਪੈਕਟਰ ਮਨਪ੍ਰੀਤ ਕੌਰ ਦੇ ਵੱਲੋਂ ਦਿਤੀ ਸ਼ਿਕਾਇਤ ਤੇ ਦਰਜ ਕੀਤੀ ਹੈ, ਜੋਂ ਮਿਤੀ 01/08/ 2025 ਐਫਆਈਆਰ ਨੰਬਰ 346 ਵੱਖ-ਵੱਖ ਧਾਰਾ ਤਹਿਤ ਥਾਣਾ ਸਿਟੀ ਬਰਨਾਲਾ ਦਰਜ ਹੋਇਆ। ਜਾਣਕਾਰੀ ਅਨੁਸਾਰ ਦੋਸ਼ੀ ਸਿਪਾਹੀ ਹਰਪ੍ਰੀਤ ਸਿੰਘ ਪੁੱਤਰ ਰਾਜੂ ਗਿੱਲ ਨਿਵਾਸੀ ਤਲਵੰਡੀ ਰੋਡ ਭਦੌੜ ਜੋ ਪਿਛਲੇ ਲੰਬੇ ਸਮੇਂ ਤੋਂ ਥਾਣਾ ਸਿਟੀ ਵਨ ਵਿਖੇ ਸਹਾਇਕ ਮੁਨਸ਼ੀ ਤੈਨਾਤ ਸੀ। ਵੱਖ-ਵੱਖ ਮੈਂ ਨਾ ਕੁਲ ਤੇਰਾ ਮਾਮਲਿਆਂ ਦੇ ਵਿੱਚ ਰਿਕਵਰ ਹੋਈ ਨਗਦੀ ਦੇ ਵਿੱਚੋਂ 55 ਲੱਖ 48 ਹਾਜ਼ਰ 50 ਰੁਪਏ ਅਤੇ 146.350 ਗ੍ਰਾਮ ਸੋਨਾ ਚੋਰੀ ਕੀਤਾ ਗਿਆ ਸੀ।ਜਿਸ ਦੀ ਸੀਸੀਟੀਵੀ ਥਾਣੇ ਦੇ ਮਾਲ ਖਾਨੇ ਦੇ ਲੱਗੇ ਕੈਮਰੇ ਦੇ ਵਿੱਚ ਕੈਦ ਹੋਈ ਹੈ। ਜਿਸ ਤਹਿਤ ਦੋਸ਼ੀ ਸਿਪਾਹੀ ਹਰਪ੍ਰੀਤ ਸਿੰਘ ਦੇ ਖਿਲਾਫ ਮਾਮਲਾ ਦਰਜ ਕਰਕੇ ਉਸ ਦੀ ਭਾਲ ਸ਼ੁਰੂ ਕਰ ਦਿੱਤੀ ਗਈ। ਜਿਸ ਨੂੰ ਅੱਜ ਮਾਨਯੋਗ ਅਦਾਲਤ ਦੇ ਵਿੱਚ ਪੇਸ਼ ਕੀਤਾ ਗਿਆ।

ਦੋਸ਼ੀ ਹਰਪ੍ਰੀਤ ਦੀ ਪਹਿਲਾਂ ਵੀ ਹੋ ਚੁੱਕੀ ਹੈ ਬੇਲ ਰਿਜੈਕਟ ਜਾਣਕਾਰੀ ਦੇ ਅਨੁਸਾਰ ਦੋਸ਼ੀ ਸਿਪਾਹੀ ਹਰਪ੍ਰੀਤ ਸਿੰਘ ਦੇ ਵੱਲੋਂ ਬੇਲ ਨੰਬਰ 1403/ 25 ਮਾਨਯੋਗ ਜ਼ਿਲ੍ਹਾ ਸੈਸ਼ਨ ਜੱਜ ਦੀ ਅਦਾਲਤ ਦੇ ਵਿੱਚ ਮਿਤੀ 27/08/ 2025 ਨੂੰ ਲਗਾਈ ਗਈ ਸੀ। ਮਾਨਯੋਗ ਅਦਾਲਤ ਦੇ ਵੱਲੋਂ ਜਮਾਨਤ ਰਿਜੈਕਟ ਕਰ ਕੀਤੀ ਗਈ ਸੀ। ਜਿਸ ਤੋਂ ਬਾਅਦ ਆਖਰ ਦੋਸ਼ੀ ਹਰਪ੍ਰੀਤ ਸਿੰਘ ਅਦਾਲਤ ਵਿੱਚ ਸਰੰਡਰ ਕਰ ਗਿਆ।

ਇਸ ਸਬੰਧੀ ਬਰਨਾਲਾ ਦੇ ਐਸਐਸਪੀ ਮੁਹੰਮਦ ਸਰਫਰਾਜ ਆਲਮ ਆਈਪੀਐਸ ਨੇ ਕਿਹਾ ਕਿ ਜ਼ੁਲਮ ਕਰਨ ਵਾਲੇ ਕਿਸੇ ਵੀ ਵਿਅਕਤੀ ਨੂੰ ਬਖਸ਼ਿਆ ਨਹੀਂ ਜਾਵੇਗਾ ਚਾਹੇ ਉਹ ਪੁਲਿਸ ਮੁਲਾਜ਼ਮ ਕਿਉਂ ਹੀ ਨਾ ਹੋਵੇ ਉਹਨਾਂ ਕਿਹਾ ਕਿ ਦੋਸ਼ੀ ਹਰਪ੍ਰੀਤ ਸਿੰਘ ਦੇ ਖਿਲਾਫ ਬਰਨਾਲਾ ਪੁਲਿਸ ਦੇ ਵੱਲੋਂ ਸਖਤ ਕਾਰਵਾਈ ਅਮਲ ਚ ਲਿਆਂਦੀ ਗਈ ਹੈ।

# ਗੁਰੂ ਤੇਗ ਬਹਾਦੁਰ ਜੀ ਦੀ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਖਾਲਸਾ ਗੱਤਕਾ ਫੈਡਰੇਸ਼ਨ ਵੱਲੋਂ ਦੂਸਰਾ ਨੈਸ਼ਨਲ ਗੱਤਕਾ ਮੁਕਾਬਲਾ

**ਅੰਮ੍ਰਿਤਸਰ, 12 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ ਦੇ 350 ਸਾਲਾਂ ਸ਼ਹੀਦੀ ਸ਼ਤਾਬਦੀ ਦੇ ਪਵਿਤਰ ਪੁਰਸਕਾਰ ਅਵਸਰ 'ਤੇ ਅੰਮ੍ਰਿਤਸਰ ਹਲਕਾ ਪੱਛਮੀ ਵਿਖੇ ਖਾਲਸਾ ਗੱਤਕਾ ਫੈਡਰੇਸ਼ਨ ਨੇ ਦੂਸਰਾ ਨੈਸ਼ਨਲ ਗੱਤਕਾ (ਯੁੱਧ) ਮੁਕਾਬਲਾ ਸ਼ਾਨਦਾਰ ਢੰਗ ਨਾਲ ਕਰਵਾਇਆ। ਇਹ ਸਮਾਗਮ ਆਤਮਿਕ ਜਿਸਮਾਨੀ ਸ਼ਕਤੀ, ਸਿੱਖ ਨਿਸ਼ਾਨੀ ਤੇ ਵਿਰਾਸਤੀ ਪਰੰਪਰਾ ਦਾ ਸੁੰਦਰ ਮਿਲਾਪ ਬਣਿਆ।ਦੇਸ਼ ਦੇ ਵੱਖ-ਵੱਖ ਰਾਜਾਂ ਤੋਂ ਆਏ ਗੱਤਕਾ ਖਿਡਾਰੀਆਂ ਨੇ ਸਿੱਖੀ ਮਰਯਾਦਾ ਤੇ ਸਹਸ ਦਾ ਅਦੁੱਤੀਯ ਪ੍ਰਗਟਾਵਾ ਕੀਤਾ। ਗੱਤਕਾ ਯੋਧਿਆਂ ਨੇ ਆਪਣੀ ਚੁਸਤਤਾ ਤੇ ਬਹਾਦਰੀ ਨਾਲ ਦਰਸ਼ਕਾਂ ਦਾ ਦਿਲ ਜਿੱਤ ਲਿਆ। ਮੰਚ 'ਤੇ ਤਲਵਾਰਾਂ ਦੀ ਚਮਕ, ਸ਼ਸਤ੍ਰ ਵਿਦਿਆ ਦੇ ਪ੍ਰਹਾਰ ਤੇ ਖੇਡਕ ਅਨੁਸ਼ਾਸਨ ਨਾਲ ਮੈਦਾਨ ਗੂੰਜ ਉਠਿਆ।ਸਮਾਗਮ ਵਿਚ ਵਿਸ਼ੇਸ਼ ਤੌਰ 'ਤੇ ਅੰਮ੍ਰਿਤਸਰ ਪੱਛਮੀ ਹਲਕੇ ਤੋਂ ਵਿਧਾਇਕ ਸ੍ਰੀ ਜਸਬੀਰ ਸਿੰਘ ਸੰਧੂ ਜੀ ਨੇ ਸ਼ਿਰਕਤ ਕੀਤੀ। ਉਨ੍ਹਾਂ ਨੇ ਖਿਡਾਰੀਆਂ ਨਾਲ ਮਿਲ ਕੇ ਸਮਾਗਮ ਦੀ ਸ਼ੁਰੂਆਤ ਪ੍ਰਾਰਥਨਾ ਨਾਲ ਕੀਤੀ। ਆਪਣੇ ਸੰਬੋਧਨ ਦੌਰਾਨ ਸੰਧੂ ਸਾਹਿਬ ਨੇ ਕਿਹਾ ਕਿ ਗੱਤਕਾ ਸਿਰਫ਼ ਇਕ ਖੇਡ ਨਹੀਂ, ਸਗੋਂ ਸਿੱਖ ਧਰਮ ਦੀ ਆਤਮਕ ਸ਼ਕਤੀ ਅਤੇ ਅਨੰਤ ਹੌਂਸਲੇ ਦਾ ਰੂਪ ਹੈ। ਉਨ੍ਹਾਂ ਨੇ ਨੌਜਵਾਨਾਂ ਨੂੰ ਅਹਵਾਨ ਕੀਤਾ ਕਿ ਉਹ ਗੱਤਕਾ ਰਾਹੀਂ ਸਿੱਖੀ ਸਿਧਾਂਤਾਂ ਅਤੇ ਸ਼ਹਾਦਤਾਂ ਦੀ ਪ੍ਰੇਰਣਾ ਨੂੰ ਆਪਣੇ ਜੀਵਨ 'ਚ ਉਤਾਰਨ।ਫੈਡਰੇਸ਼ਨ ਦੇ ਪ੍ਰਧਾਨ ਅਤੇ ਪ੍ਰਬੰਧਕ ਮੰਡਲ ਵੱਲੋਂ ਸੰਧੂ ਸਾਹਿਬ ਦਾ ਸਨਮਾਨ ਕੀਤਾ ਗਿਆ। ਉਨ੍ਹਾਂ ਨੂੰ ਸੱਤਿਕਾਰ ਰੂਪ ਚਾਦਰ ਅਤੇ ਸ੍ਰੋਪਾ ਭੇਂਟ ਕੀਤਾ ਗਿਆ। ਪ੍ਰਬੰਧਕਾਂ ਨੇ ਦੱਸਿਆ ਕਿ ਇਸ ਪ੍ਰਕਾਰ ਦੇ ਇਵੈਂਟ ਰਾਹੀਂ ਸਿੱਖ ਯੁੱਧ ਕਲਾ ਨੂੰ ਰਾਸ਼ਟਰੀ ਪੱਧਰ 'ਤੇ ਪ੍ਰਸਾਰਤ ਕਰਨਾ, ਨੌਜਵਾਨ ਪੀੜ੍ਹੀ ਵਿਚ ????ਵੀਸ਼ਵਾਸ, ਤੰਦਰੁਸਤੀ ਅਤੇ ਜੁੜਾਵ ਪੈਦਾ ਕਰਨ ਦਾ ਉਦੇਸ਼ ਹੈ।ਸਮਾਗਮ ਦੌਰਾਨ ਫੈਡਰੇਸ਼ਨ ਦੇ ਗੱਤਕਾ ਅਧਿਆਪਕਾਂ ਅਤੇ ਜਥੇਬੰਦੀਆਂ ਵੱਲੋਂ ਸ਼ਸਤ੍ਰ ਵਿਦਿਆ ਦੇ ਵਿਲੱਖਣ ਦਾਓ-ਪੇਚ ਪ੍ਰਦਰਸ਼ਿਤ ਕੀਤੇ ਗਏ। ਤਲਵਾਰੀ ਕਲਾਵਾਂ ਤੇ ਖਾਲਸਾਈ ਜੁਝਾਰੂ ਜਜ਼ਬੇ ਨੇ ਦਰਸ਼ਕਾਂ 'ਚ ਕਿਸਮਾਂ-ਕਿਸਮਾਂ ਦੀ ਉਤਸ਼ਾਹ ਭਰ ਦਿੱਤਾ। ਦਰਸ਼ਕਾਂ ਨੇ ਖਿਡਾਰੀਆਂ ਦੀ ਸ਼ਾਨਦਾਰ ਪ੍ਰਦਰਸ਼ਨ ਲਈ ਤਾਲੀਆਂ ਦੇ ਨਾਲ ਉਨ੍ਹਾਂ ਦਾ ਮਨੋਬਲ ਵਧਾਇਆ।ਇਸ ਸਮਾਗਮ ਨੇ ਕੇਵਲ ਖਿਡਾਰੀਆਂ ਨੂੰ ਹੀ ਨਹੀਂ, ਸਗੋਂ ਸਮੂਹ ਸੰਗਤ ਨੂੰ ਵੀ ਸਿੱਖ ਸ਼ਹੀਦੀ ਸੰਪ੍ਰਦਾਇਕ ਪਰੇਰਨਾ ਨਾਲ ਜੋੜਿਆ।

ਖਾਲਸਾ ਗੱਤਕਾ ਫੈਡਰੇਸ਼ਨ ਵੱਲੋਂ ਐਲਾਨ ਕੀਤਾ ਗਿਆ ਕਿ ਆਉਣ ਵਾਲੇ ਸਾਲਾਂ 'ਚ ਇਹ ਮੁਕਾਬਲੇ ਹੋਰ ਵਿਸ਼ਾਲ ਪੱਧਰ 'ਤੇ ਕਰਵਾਏ ਜਾਣਗੇ ਤਾਂ ਜੋ ਸਿੱਖੀ ਦੀ ਇਹ ਵਿਲੱਖਣ ਵਿਰਾਸਤ ਵਿਸ਼ਵ ਤੱਕ ਪਹੁੰਚ ਸਕੇ।



# ਸ੍ਰੀ ਜਸਵੰਤ ਰਾਏ ਬਣੇ ਛੇਹਰਟਾ ਟੀਚਰ ਕਲੱਬ ਦੇ ਪ੍ਰਧਾਨ

**ਅੰਮ੍ਰਿਤਸਰ, 12 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਛੇਹਰਟਾ ਟੀਚਰ ਕਲੱਬ ਦੀ ਨਵੀਂ ਕਮੇਟੀ ਦਾ ਗਠਨ ਇਲਾਕੇ ਦੇ ਸਿੱਖਿਆ ਜਗਤ ਲਈ ਨਵੀਂ ਉਮੀਦਾਂ ਤੇ ਉਤਸ਼ਾਹ ਦੀ ਲਹਿਰ ਲੈ ਕੇ ਆਇਆ ਹੈ। ਕਲੱਬ ਦੀ ਚੋਣ ਪ੍ਰਕਿਰਿਆ ਛੇਹਰਟਾ ਵਿਖੇ ਸਰਬ ਸੰਮਤੀ ਨਾਲ ਪੂਰੀ ਹੋਈ ਜਿਸ ਦੌਰਾਨ ਸਾਰੇ ਮੈਂਬਰਾਂ ਦੀ ਹਾਜ਼ਰੀ ਵਿੱਚ ਸ੍ਰੀ ਜਸਵੰਤ ਰਾਏ ਨੂੰ ਕਲੱਬ ਦਾ ਨਵਾਂ ਪ੍ਰਧਾਨ ਚੁਣਿਆ ਗਿਆ। ਕਲੱਬ ਦੇ ਸਰਪ੍ਰਸਤ ਸ ਕੁਲਵੰਤ ਸਿੰਘ ਸੰਧੂ ਅਤੇ ਸ੍ਰੀ ਕੁਲਵੰਤ ਰਾਜ ਅਰੋੜਾ ਨੇ ਜਾਣਕਾਰੀ ਦਿੱਤੀ ਕਿ ਪਿਛਲੇ ਕਈ ਦਹਾਕਿਆਂ ਤੋਂ ਟੀਚਰ ਕਲੱਬ ਅਧਿਆਪਕਾਂ ਦੇ ਹੱਕਾਂ, ਉਨ੍ਹਾਂ ਦੀ ਪ੍ਰੋਫੈਸ਼ਨਲ ਤਰੱਕੀ ਅਤੇ ਸਮਾਜ ਸੇਵਾ ਵਿੱਚ ਅਹਿਮ ਭੂਮਿਕਾ ਨਿਭਾ ਰਿਹਾ ਹੈ।ਚੋਣ ਪ੍ਰਕਿਰਿਆ ਦੌਰਾਨ ਅਹੁਦਿਆਂ ਦਾ ਵੰਡ ਨਿਮਨਲਿਖਤ ਤਰੀਕੇ ਨਾਲ ਹੋਇਆ - ਸ੍ਰੀ ਜਸਵੰਤ ਰਾਏ ਪ੍ਰਧਾਨ, ਸ੍ਰੀ ਕੁਲਦੀਪ ਸ਼ਰਮਾ ਸੀਨੀਅਰ ਮੀਤ ਪ੍ਰਧਾਨ, ਜਸਵੰਤ ਸਿੰਘ ਜੇਠਰ ਜਨਰਲ ਸਕੱਤਰ, ਕੁਲਵੰਤ ਰਾਜ ਅਰੋੜਾ ਸਹਾਇਕ ਜਨਰਲ ਸਕੱਤਰ, ਕਰਮ ਸਿੰਘ ਕੈਸ਼ੀਅਰ, ਦਿਨੇਸ਼ ਕੁਮਾਰ ਸਹਾਇਕ ਕੈਸ਼ੀਅਰ, ਸੁਖਪਾਲ ਸਿੰਘ ਸੰਧੂ ਪ੍ਰੈਸ ਸਕੱਤਰ ਅਤੇ ਹਰਜੀਤ ਸਿੰਘ ਸੰਧੂ ਸਹਾਇਕ ਪ੍ਰੈਸ ਸਕੱਤਰ ਬਣੇ।ਇਸੇ ਮੌਕੇ 'ਤੇ ਸਲਾਹਕਾਰ ਕਮੇਟੀ ਦੀ ਚੋਣ ਵੀ ਕੀਤੀ ਗਈ ਜਿਸ ਵਿੱਚ ਸ ਕੁਲਵੰਤ ਸਿੰਘ ਸੰਧੂ, ਸ ਤਾਰਾ ਸਿੰਘ ਗਿੱਲ, ਸ੍ਰੀ ਚੰਦਰ ਕਿਸ਼ੋਰ, ਸ੍ਰੀ ਰਮੇਸ਼ ਕੁਮਾਰ, ਸ ਅਵਤਾਰ ਸਿੰਘ ਅਤੇ ਸ੍ਰੀ ਸਤੀਸ਼ ਕੌਸ਼ਲ ਨੂੰ ਜੁੜਿਆ ਗਿਆ। ਇਨ੍ਹਾਂ ਦਾ ਅਨੁਭਵ ਕਲੱਬ ਦੀਆਂ ਅਗਾਮੀ ਯੋਜਨਾਵਾਂ ਨੂੰ ਮਜ਼ਬੂਤ ਕਰਨ ਵਿੱਚ ਮਦਦਗਾਰ ਹੋਵੇਗਾ।ਨਵਾਂ ਪ੍ਰਧਾਨ ਬਣਨ 'ਤੇ ਸ੍ਰੀ ਜਸਵੰਤ ਰਾਏ ਨੇ ਆਪਣੇ ਪਲੇਠੇ ਭਾਸ਼ਣ ਵਿੱਚ ਕਿਹਾ ਕਿ ਇਹ ਸਿਰਫ ਇਕ ਅਹੁਦਾ ਨਹੀਂ, ਸਗੋਂ ਵਿਸ਼ਾਲ ਜ਼ਿੰਮੇਵਾਰੀ ਹੈ ਜਿਸਦਾ ਹਰ ਪਲ ਅਧਿਆਪਕਾਂ ਦੀ ਭਲਾਈ ਲਈ ਸਮਰਪਿਤ ਰਹੇਗਾ। ਉਹਨਾਂ ਕਿਹਾ ਕਿ ਕਲੱਬ ਦੇ ਸਾਰੇ ਮੈਂਬਰ ਮਿਲ ਕੇ ਅਧਿਆਪਕ ਵਰਗ ਦੀਆਂ ਮੰਗਾਂ ਨੂੰ ਉਚੀ ਪੱਧਰ 'ਤੇ ਪਹੁੰਚਾਉਣ ਅਤੇ ਸਮਾਜਿਕ ਸੇਵਾ ਦੇ ਮੈਦਾਨ ਵਿੱਚ ਹੋਰ ਤੇਜ਼ੀ ਨਾਲ ਕੰਮ ਕਰਨਗੇ। ਉਹਨਾਂ ਇਹ ਵੀ ਘੋਸ਼ਿਤ ਕੀਤਾ ਕਿ ਕਲੱਬ ਦੇ ਅਗਲੇ ਸੈਸ਼ਨ ਵਿੱਚ ਸਿੱਖਿਆ ਜੁੜੇ ਮੁੱਦਿਆਂ ਤੇ ਚਰਚਾ ਕਰਦੇ ਹੋਏ ਵਿਸਥਾਰਿਤ ਕਾਰਜ-ਯੋਜਨਾ ਤੈਅ ਕੀਤੀ ਜਾਵੇਗੀ।ਇਸ ਦੌਰਾਨ ਕਲੱਬ ਨੇ ਨਵੇਂ ਮੈਂਬਰਾਂ ਦੇ ਸ਼ਾਮਿਲ ਹੋਣ ਦਾ ਵੀ ਸਵਾਗਤ ਕੀਤਾ। ਸ ਸੁਖਪਾਲ ਸਿੰਘ ਅਟਾਰੀ, ਸ ਕਰਮ ਸਿੰਘ, ਸ੍ਰੀ ਅਸ਼ੋਕ ਸਾਹਿਲ, ਧਰਮਿੰਦਰ ਸਿੰਘ, ਓਮ ਪ੍ਰਕਾਸ਼ ਅਤੇ ਸ੍ਰੀ ਲਾਲ ਸਿੰਘ ਨੂੰ ਕਲੱਬ ਦੀ ਮੈਂਬਰਸ਼ਿਪ ਦਿੱਤੀ ਗਈ। ਇਹਨਾਂ ਵਿਅਕਤੀਆਂ ਨੇ ਸਿੱਖਿਆ ਤੇ ਸਮਾਜਿਕ ਸੇਵਾ ਲਈ ਆਪਣੀ ਮੁਹਿੰਮ ਦੀ ਸਮਰਪਣਾ ਪ੍ਰਗਟ ਕਰਦਿਆਂ ਕਿਹਾ ਕਿ ਉਹ ਕਲੱਬ ਦੀ ਹਰ ਸਰਗਰਮੀ ਵਿੱਚ ਸਰਗਰਮੀ ਨਾਲ ਹਿੱਸਾ ਲੈਣਗੇ।ਕਲੱਬ ਦੇ ਸਰਪ੍ਰਸਤ ਸ ਕੁਲਵੰਤ ਸਿੰਘ ਸੰਧੂ ਨੇ ਕਿਹਾ ਕਿ ਸ੍ਰੀ ਜਸਵੰਤ ਰਾਏ ਵਰਗੇ ਸਮਰਪਿਤ ਵਿਅਕਤੀ ਦੀ ਪ੍ਰਧਾਨਗੀ ਹੇਠ ਕਲੱਬ ਨਵੀਂ ਉਚਾਈਆਂ ਹਾਸਲ ਕਰੇਗਾ। ਉਹਨਾਂ ਜੋੜਿਆ ਕਿ ਅਧਿਆਪਕ ਸਮਾਜ ਹਰ ਸਮੇਂ ਸਮਾਜਕ ਬਦਲਾਅ ਦਾ ਕੇਂਦਰ ਰਿਹਾ ਹੈ ਅਤੇ ਇਹ ਕਲੱਬ ਇਸ ਮੁਹਿੰਮ ਨੂੰ ਹੋਰ ਤਾਕਤ ਦੇਵੇਗਾ।ਇਸ ਮੌਕੇ ਤੇ ਕਲੱਬ ਦੇ ਪ੍ਰਮੁੱਖ ਮੈਂਬਰਾਂ ਵਿੱਚ ਸਿਰੇ ਸ੍ਰੀ ਕੁਲਦੀਪ ਸ਼ਰਮਾ, ਕੁਲਵੰਤ ਰਾਜ ਅਰੋੜਾ, ਕਸ਼ਿਸ਼ ਸ਼ਰਮਾ, ਸਤੀਸ਼ ਕੌਸ਼ਲ, ਦਿਨੇਸ਼ ਕੁਮਾਰ ਅਤੇ ਕਈ ਹੋਰ ਹਾਜ਼ਰ ਸਨ।

ਸਭ ਨੇ ਨਵੇਂ ਜਥੇਬੰਦਕ ਢਾਂਚੇ ਨੂੰ ਵਧਾਈ ਦਿੱਤੀ ਅਤੇ ਸਾਂਝਾ ਸਦਭਾਵ ਨਾਲ ਕਲੱਬ ਦੇ ਉਦੇਸ਼ਾਂ ਨੂੰ ਅੱਗੇ ਵਧਾਉਣ ਦਾ ਸੰਕਲਪ ਕੀਤਾ।ਨਵੀਂ ਟੀਮ ਦੇ ਗਠਨ ਨਾਲ ਛੇਹਰਟਾ ਟੀਚਰ ਕਲੱਬ ਤੋਂ ਉਮੀਦ ਜ਼ਾਹਰ ਕੀਤੀ ਜਾ ਰਹੀ ਹੈ ਕਿ ਇਹ ਅਧਿਆਪਕ ਹਿੱਤਾਂ ਦੀ ਰੱਖਿਆ ਅਤੇ ਸਮਾਜਿਕ ਜਾਗਰੂਕਤਾ ਵਿੱਚ ਨਵੇਂ ਮਾਪਦੰਡ ਸਥਾਪਤ ਕਰੇਗੀ



# SGPC ਵੱਲੋਂ ਇਜਾਜ਼ਤ ਨਾ ਮਿਲਣ 'ਤੇ ਗੁਰੂ ਤੇਗ ਬਹਾਦਰ ਜੀ ਦਾ 350ਵਾਂ ਸ਼ਹੀਦੀ ਪੁਰਬ ਹੁਣ ਬੁੱਢਾ ਦਲ ਡੇਰੇ 'ਚ ਮਨਾਇਆ ਜਾਵੇਗਾ

**ਰੋਪੜ, 12 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪੰਜਾਬ ਸਰਕਾਰ ਨੂੰ ਆਪਣੇ ਗੁਰਦੁਆਰਿਆਂ ਵਿੱਚ ਧਾਰਮਿਕ ਸਮਾਗਮ ਕਰਵਾਉਣ ਦੀ ਇਜਾਜ਼ਤ ਨਾ ਦੇਣ ਤੋਂ ਬਾਅਦ, ਸੂਬਾ ਸਰਕਾਰ ਨੇ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਪੁਰਬ ਨੂੰ ਸ਼੍ਰੀ ਆਨੰਦਪੁਰ ਸਾਹਿਬ ਵਿੱਚ ਨਿਹੰਗ ਜਥੇਬੰਦੀ ਬਾਬਾ ਬੁੱਢਾ ਦਲ ਦੇ ਡੇਰੇ ਵਿਖੇ ਮਨਾਉਣ ਦਾ ਫੈਸਲਾ ਕੀਤਾ ਹੈ।

ਸਰਕਾਰੀ ਸੂਤਰਾਂ ਅਨੁਸਾਰ, ਸੂਬਾ ਸਰਕਾਰ ਨੇ ਪਹਿਲਾਂ ਨੂੰ ਆਨੰਦਪੁਰ ਸਾਹਿਬ ਸਥਿਤ ਗੁਰਦੁਆਰਾ ਸ਼ੀਸ਼ਗੰਜ ਸਾਹਿਬ ਵਿਖੇ ਇੱਕ ਵਿਸ਼ੇਸ਼ ਕੀਰਤਨ ਦਰਬਾਰ ਕਰਵਾਉਣ ਦੀ ਬੇਨਤੀ ਕੀਤੀ ਸੀ। ਪਰ SGPC ਨੇ ਇਹ ਕਹਿੰਦਿਆਂ ਇਜਾਜ਼ਤ ਦੇਣ ਤੋਂ ਇਨਕਾਰ ਕਰ ਦਿੱਤਾ ਕਿ ਸਰਕਾਰ ਨੂੰ ਧਾਰਮਿਕ ਮਾਮਲਿਆਂ ਵਿੱਚ ਦਖਲ ਨਹੀਂ ਦੇਣਾ ਚਾਹੀਦਾ।

SGPC ਨੇ ਸਰਕਾਰੀ ਮਹਿਮਾਨਾਂ ਅਤੇ ਸ਼ਰਧਾਲੂਆਂ ਦੇ ਠਹਿਰਨ ਲਈ ਆਪਣੀਆਂ ਸਰਾਵਾਂ ਵਿੱਚ 200 ਕਮਰਿਆਂ ਦੀ ਮੰਗ ਵੀ ਅਸਵੀਕਾਰ ਕਰ ਦਿੱਤੀ ਸੀ। ਇਸ ਇਨਕਾਰ ਤੋਂ ਬਾਅਦ, ਪੰਜਾਬ ਸਰਕਾਰ ਨੇ ਧਾਰਮਿਕ ਸਮਾਗਮਾਂ ਦਾ ਸਥਾਨ ਬਦਲ ਕੇ ਗੁਰੂ ਕਾ ਬਾਗ ਛਾਉਣੀ, ਬੁੱਢਾ ਦਲ ਕਰ ਦਿੱਤਾ ਹੈ, ਜਿੱਥੇ ਤਿਆਰੀਆਂ ਜ਼ੋਰਾਂ 'ਤੇ ਹਨ।

ਜਥੇਦਾਰ ਬਾਬਾ ਬਲਬੀਰ ਸਿੰਘ, ਮੁਖੀ ਬੁੱਢਾ ਦਲ ਨੇ ਐਲਾਨ ਕੀਤਾ ਕਿ ਨੌਵੇਂ ਸਿੱਖ ਗੁਰੂ, ਗੁਰੂ ਤੇਗ ਬਹਾਦਰ ਜੀ (ਜਿਨ੍ਹਾਂ ਨੂੰ ਹਿੰਦ ਦੀ ਚਾਦਰ ਵਜੋਂ ਸਤਿਕਾਰਿਆ ਜਾਂਦਾ ਹੈ) ਦੇ ਸ਼ਹੀਦੀ ਸਮਾਗਮ 23 ਨਵੰਬਰ ਤੋਂ 25 ਨਵੰਬਰ ਤੱਕ ਗੁਰੂ ਕਾ ਬਾਗ ਛਾਉਣੀ ਵਿਖੇ ਗੁਰਮਤਿ ਮਰਿਆਦਾ ਅਨੁਸਾਰ ਹੋਣਗੇ।

23 ਨਵੰਬਰ ਨੂੰ ਇੱਕ ਸਰਬ ਧਰਮ ਸੰਮੇਲਨ ਵੀ ਕਰਵਾਇਆ ਜਾਵੇਗਾ, ਜਿਸ ਵਿੱਚ ਧਾਰਮਿਕ ਆਜ਼ਾਦੀ ਲਈ ਗੁਰੂ ਜੀ ਦੀ ਕੁਰਬਾਨੀ ਦੀ ਵਿਰਾਸਤ ਨੂੰ ਮਨਾਉਣ ਲਈ ਦੇਸ਼-ਵਿਦੇਸ਼ ਤੋਂ ਧਾਰਮਿਕ ਆਗੂ ਅਤੇ ਵਿਦਵਾਨ ਸ਼ਾਮਲ ਹੋਣਗੇ। ਇਹ ਸਮਾਗਮ ਦਸਵੇਂ ਗੁਰੂ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਤਾ ਗੱਦੀ ਦਿਵਸ ਦੀ ਸ਼ਤਾਬਦੀ ਨਾਲ ਵੀ ਮੇਲ ਖਾਂਦਾ ਹੈ।

ਜਸ਼ਨਾਂ ਦਾ ਮੁੱਖ ਆਕਰਸ਼ਣ 24 ਨਵੰਬਰ ਨੂੰ ਗੁਰਦੁਆਰਾ ਬਿਬਾਨਗੜ੍ਹ ਸਾਹਿਬ, ਕੀਰਤਪੁਰ ਸਾਹਿਬ ਤੋਂ ਸ਼ੁਰੂ ਹੋਣ ਵਾਲੀ 'ਸੀਸ ਭੇਟ ਯਾਤਰਾ' ਹੋਵੇਗੀ, ਜੋ ਗੁਰਦੁਆਰਾ ਸ਼ੀਸ਼ਗੰਜ ਸਾਹਿਬ, ਆਨੰਦਪੁਰ ਸਾਹਿਬ ਵਿਖੇ ਸਮਾਪਤ ਹੋਵੇਗੀਸੈਰ-ਸਪਾਟਾ ਵਿਭਾਗ ਦੇ ਸਲਾਹਕਾਰ ਦੀਪਕ ਬਾਲੀ ਨੇ ਦੱਸਿਆ ਕਿ 500 ਡਰੋਨਾਂ ਦੀ ਵਰਤੋਂ ਕਰਕੇ ਗੁਰੂ ਜੀ ਦੇ ਜੀਵਨ ਅਤੇ ਸਿੱਖਿਆਵਾਂ ਨੂੰ ਦਰਸਾਉਂਦਾ ਇੱਕ ਡਰੋਨ ਸ਼ੋਅ ਰੋਜ਼ਾਨਾ 23 ਤੋਂ 29 ਨਵੰਬਰ ਤੱਕ ਵਿਰਾਸਤ-ਏ-ਖਾਲਸਾ, ਆਨੰਦਪੁਰ ਸਾਹਿਬ ਵਿਖੇ ਆਯੋਜਿਤ ਕੀਤਾ ਜਾਵੇਗਾ,

ਜੋ ਉੱਤਰੀ ਭਾਰਤ ਵਿੱਚ ਅਜਿਹੀ ਪਹਿਲੀ ਪੇਸ਼ਕਾਰੀ ਹੋਵੇਗੀ।ਸ਼ਰਧਾਲੂਆਂ ਲਈ 19 ਤੋਂ 29 ਨਵੰਬਰ ਤੱਕ ਆਨੰਦਪੁਰ ਸਾਹਿਬ ਵਿੱਚ ਤਿੰਨ ਵੱਡੇ ਟੈਂਟ ਸਿਟੀ ਸਥਾਪਿਤ ਕੀਤੇ ਜਾ ਰਹੇ ਹਨ, ਜਿਨ੍ਹਾਂ ਵਿੱਚ ਪਾਣੀ, ਸਫਾਈ ਅਤੇ ਲੰਗਰ ਦਾ ਪ੍ਰਬੰਧ ਹੋਵੇਗਾ। 20 ਨਵੰਬਰ ਨੂੰ ਚਰਨ ਗੰਗਾ ਸਟੇਡੀਅਮ ਵਿਖੇ ਗੁਰੂ ਤੇਗ ਬਹਾਦਰ ਜੀ ਦੀ ਅਦੁੱਤੀ ਸ਼ਹਾਦਤ ਨੂੰ ਦਰਸਾਉਂਦਾ ਇੱਕ ਲਾਈਟ ਐਂਡ ਸਾਊਂਡ ਸ਼ੋਅ ਹੋਵੇਗਾ।

23 ਤੋਂ 25 ਨਵੰਬਰ ਤੱਕ ਗੁਰਮਤਿ ਸਮਾਗਮ, ਢਾਡੀ-ਕਵੀਸ਼ਰ ਦਰਬਾਰ, ਸਰਬੱਤ ਦਾ ਭਲਾ ਇਕੱਤਰਤਾ ਅਤੇ ਪ੍ਰਸਿੱਧ ਰਾਗੀ ਜਥਿਆਂ ਅਤੇ ਪ੍ਰਚਾਰਕਾਂ ਦੇ ਕੀਰਤਨ ਦਰਬਾਰ ਸਮੇਤ ਕਈ ਧਾਰਮਿਕ ਤੇ ਸੱਭਿਆਚਾਰਕ ਪ੍ਰੋਗਰਾਮ ਕਰਵਾਏ ਜਾਣਗੇ।



# ਜੰਡਿਆਲਾ ਗੁਰੂ ਵਿੱਚ ਪੰਸਾਰੀ ਦੀ ਦੁਕਾਨ 'ਤੇ ਗੋਲੀਆਂ ਚੱਲੀਆਂ

**ਅੰਮ੍ਰਿਤਸਰ, 12 ਨਵੰਬਰ**
**--ਕੌਮੀ ਪੱਤ੍ਰਿਕਾ ਬਿਊਰੋ-**

ਸਥਾਨਕ ਬਾਜ਼ਾਰ ਕਸ਼ਮੀਰੀਆਂ ਵਿੱਚ ਇੱਕ ਪੰਸਾਰੀ ਦੀ ਦੁਕਾਨ ਉੱਪਰ ਅਣਪਛਾਤੇ ਤਿੰਨ ਮੋਟਰਸਾਈਕਲ ਸਵਾਰਾਂ ਵੱਲੋਂ ਅੰਨ੍ਹੇਵਾਹ ਗੋਲੀਆਂ ਚਲਾਈਆਂ ਗਈਆਂ ਜਿਸ ਕਾਰਨ ਦੁਕਾਨ ਦੇ ਬਾਹਰ ਲੱਗਾ ਹੋਇਆ ਸ਼ੀਸ਼ਾ ਟੁੱਟ ਗਿਆ ਪਰ ਇਸ ਗੋਲੀਬਾਰੀ ਵਿੱਚ ਕਿਸੇ ਦਾ ਕੋਈ ਜਾਨੀ ਮਾਲੀ ਨੁਕਸਾਨ ਨਹੀਂ ਹੋਇਆ।ਇਸ ਘਟਨਾ ਦੀ ਜਾਣਕਾਰੀ ਦਿੰਦਿਆਂ ਹੋਇਆਂ ਪੰਸਾਰੀ ਦੀ ਦੁਕਾਨ ਦੇ ਮਾਲਕ ਕਿਰਨਪਾਲ ਸਿੰਘ ਉਰਫ ਗੋਵਿੰਦ ਨੇ ਦੱਸਿਆ ਬੀਤੀ ਸ਼ਾਮ ਕਰੀਬ 7.30 ਵਜੇ ਉਹ ਆਪਣੀ ਦੁਕਾਨ ਦੇ ਅੰਦਰ ਬੈਠੇ ਹੋਏ ਸਨ, ਪਰ ਅਚਾਨਕ ਬਾਹਰੋਂ ਉਨ੍ਹਾਂ ਦੀ ਦੁਕਾਨ ਉੱਪਰ ਮੋਟਰਸਾਈਕਲ @ਤੇ ਸਵਾਰ ਹੋ ਕੇ ਆਏ ਤਿੰਨ ਅਣਪਛਾਤਿਆਂ ਵੱਲੋਂ ਗੋਲੀਆਂ ਚਲਾਈਆਂ ਗਈਆਂ ਜਿਸ ਕਾਰਨ ਉਨ੍ਹਾਂ ਦੀ ਦੁਕਾਨ ਦੇ ਬਾਹਰ ਲੱਗਾ ਵੱਡਾ ਸ਼ੀਸ਼ਾ ਟੁੱਟ ਕੇ ਚਕਨਾਚੂਰ ਹੋ ਗਿਆ। ਗੋਵਿੰਦ ਨੇ ਕਿਹਾ ਕਿ ਗੋਲੀਬਾਰੀ ਦੌਰਾਨ ਉਨ੍ਹਾਂ ਨੇ ਵੀ ਆਪਣੇ ਲਾਇਸੈਂਸੀ ਪਿਸਤੌਲ ਨਾਲ ਸਵੈ-ਰੱਖਿਆ ਵਿੱਚ ਜਵਾਬੀ ਗੋਲੀਬਾਰੀ ਕੀਤੀ ਜਿਸ ਕਾਰਨ ਹਮਲਾਵਰ ਮੌਕੇ ਤੋਂ ਭੱਜ ਗਏ। ਪੀੜਤ ਦੁਕਾਨਦਾਰ ਗੋਵਿੰਦ ਨੇ ਕਿਹਾ, ਉਸ ਨੂੰ ਪਿਛਲੇ ਕਈ ਦਿਨਾਂ ਤੋਂ ਅਣਜਾਣ ਨੰਬਰਾਂ ਤੋਂ ਫਿਰੌਤੀ ਲਈ ਧਮਕੀਆਂ ਦੇ ਫੋਨ ਆ ਰਹੇ ਹਨ। ਫੋਨ ਕਰਨ ਵਾਲਿਆਂ ਨੇ ਧਮਕੀ ਦਿੱਤੀ ਸੀ ਕਿ ਜੇਕਰ ਉਸ ਨੇ 50 ਲੱਖ ਰੁਪਏ ਦੀ ਫਿਰੌਤੀ ਨਾ ਦਿੱਤੀ ਤਾਂ ਉਹ ਉਸ ਨੂੰ ਜਾਨੋਂ ਮਾਰ ਦੇਣਗੇ। ਉਨ੍ਹਾਂ ਦੱਸਿਆ ਇਸ ਸਬੰਧੀ ਉਨ੍ਹਾਂ ਨੇ ਪਹਿਲਾਂ ਹੀ ਡੀਐਸਪੀ ਜੰਡਿਆਲਾ ਗੁਰੂ ਕੋਲ ਲਿਖਤੀ ਸ਼ਿਕਾਇਤ ਵੀ ਦਰਜ ਕਰਵਾਈ ਸੀ, ਪਰ ਕਿਸੇ ਨੇ ਕੋਈ ਕਾਰਵਾਈ ਨਹੀਂ ਕੀਤੀ। ਉਨ੍ਹਾਂ ਅੱਗੇ ਕਿਹਾ ਪੁਲੀਸ ਦੀ ਲਾਪ੍ਰਵਾਹੀ ਕਾਰਨ ਇਹ ਘਟਨਾ ਵਾਪਰੀ।

ਘਟਨਾ ਦੀ ਜਾਣਕਾਰੀ ਮਿਲਣ @ਤੇ ਚੌਕੀ ਇੰਚਾਰਜ ਰਾਜਿੰਦਰ ਪਾਲ ਸਿੰਘ ਆਪਣੀ ਟੀਮ ਨਾਲ ਮੌਕੇ @ਤੇ ਪਹੁੰਚੇ ਅਤੇ ਆਲੇ ਦੁਆਲੇ ਦੇ ਇਲਾਕੇ ਤੋਂ ਸੀਸੀਟੀਵੀ ਫੁਟੇਜ ਦੀ ਜਾਂਚ ਸ਼ੁਰੂ ਕਰ ਦਿੱਤੀ। ਉਨ੍ਹਾਂ ਕਿਹਾ, ÷ਸ਼ੁਰੂਆਤੀ ਜਾਂਚ ਤੋਂ ਪਤਾ ਲੱਗਾ ਹੈ ਕਿ ਤਿੰਨ ਨੌਜਵਾਨ ਮੋਟਰਸਾਈਕਲ @ਤੇ ਆਏ ਅਤੇ ਦੋ ਗੋਲੀਆਂ ਚਲਾਈਆਂ। ਦੁਕਾਨਦਾਰ ਨੇ ਆਪਣੇ ਬਚਾਅ ਲਈ ਗੋਲੀ ਚਲਾਈ। ਪੁਲੀਸ ਨੇ ਮਾਮਲਾ ਦਰਜ ਕਰ ਲਿਆ ਹੈ ਅਤੇ ਜਲਦੀ ਹੀ ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਜਾਵੇਗਾ।

# ਪੁਲੀਸ ਨੇ ਚਾਰ ਨਸ਼ਾ ਤਸਕਰਾਂ ਦੀ 1 ਕਰੋੜ ਰੁਪਏ ਤੋਂ ਵੱਧ ਦੀ ਪ੍ਰਾਪਰਟੀ ਕੀਤੀ ਜ਼ਬਤ


**ਅੰਮ੍ਰਿਤਸਰ, 12 ਨਵੰਬਰ**
**--ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਦਿਹਾਤੀ ਪੁਲੀਸ ਨੇ ਦਿਹਾਤੀ ਖੇਤਰ ਨਾਲ ਸਬੰਧਤ ਚਾਰ ਕਥਿਤ ਨਸ਼ਾ ਤਸਕਰਾਂ ਦੀ ਇੱਕ ਕਰੋੜ ਰੁਪਏ ਤੋਂ ਵੱਧ ਦੀ ਪ੍ਰਾਪਰਟੀ ਜ਼ਬਤ ਕਰ ਲਈ ਹੈ। ਪੁਲੀਸ ਨੇ ਚਾਰੇ ਮੁਲਜ਼ਮਾਂ ਦੀ ਕੁੱਲ ਇੱਕ ਕਰੋੜ 33 ਲੱਖ ਰੁਪਏ ਤੋਂ ਵੱਧ ਦੀ ਜਾਇਦਾਦ ਜ਼ਬਤ ਕੀਤੀ ਹੈ।ਇਸ ਸਬੰਧ ਵਿੱਚ ਜਾਣਕਾਰੀ ਦਿੰਦਿਆਂ ਐਸਐਸਪੀ ਮਨਿੰਦਰ ਸਿੰਘ ਨੇ ਦੱਸਿਆ ਕਿ ਜਿਨ੍ਹਾਂ ਚਾਰ ਕਥਿਤ ਨਸ਼ਾ ਤਸਕਰਾਂ ਦੀ ਪ੍ਰਾਪਰਟੀ ਫਰੀਜ਼ ਕੀਤੀ ਗਈ ਹੈ, ਉਨ੍ਹਾਂ ਖ਼ਿਲਾਫ਼ ਨਸ਼ਿਆਂ ਦੇ ਮਾਮਲਿਆਂ ਵਿੱਚ ਪਹਿਲਾਂ ਵੀ ਕਈ ਕੇਸ ਦਰਜ ਹਨ। ਨਸ਼ਾ ਤਸਕਰਾਂ ਦੀ ਪਹਿਚਾਣ ਜੋਧਵੀਰ ਸਿੰਘ ਉਰਫ਼ ਕੋਹਾਲੀ, ਵਾਸੀ ਪਿੰਡ ਵਣੀਏ ਕੇ, ਬਲਵਿੰਦਰ ਸਿੰਘ ਉਰਫ਼ ਬੋਬੀ, ਵਾਸੀ ਪਿੰਡ ਚੀਚੇ, ਗੁਰਪ੍ਰੀਤ ਸਿੰਘ, ਵਾਸੀ ਪਿੰਡ ਚੀਚਾ, ਲਵਪ੍ਰੀਤ ਸਿੰਘ ਉਰਫ਼ ਲਵ, ਵਾਸੀ ਪਿੰਡ ਰਾਜਾ ਤਾਲ ਵਜੋਂ ਹੋਈ ਹੈ। ਐਸਐਸਪੀ ਨੇ ਦੱਸਿਆ ਕਿ ਮੁੱਖ ਤਸਕਰਾਂ ਦੀਆਂ ਵੱਡੀਆਂ ਜਾਇਦਾਦਾਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਜੂਨ ਮਹੀਨੇ ਵਿੱਚ ਜੋਧਵੀਰ ਸਿੰਘ ਕੋਲੋਂ ਦੋ ਕਿਲੋ ਤੋਂ ਵੱਧ ਹੈਰੋਇਨ ਬਰਾਮਦ ਹੋਈ ਸੀ। ਪੁਲੀਸ ਨੇ ਉਸ ਦਾ ਪਿੰਡ ਵਿੱਚ ਬਣਿਆ ਸੱਤ ਮਰਲੇ ਦਾ ਰਿਹਾਇਸ਼ੀ ਘਰ ਫਰੀਜ਼ ਕੀਤਾ ਹੈ, ਜਿਸ ਦੀ ਕੀਮਤ ਲਗਭਗ 59 ਲੱਖ ਰੁਪਏ ਹੈ।



# ਨਿੱਕੀ ਦੁਨੀਆ

## ਉੱਠ ਪੁੱਤਰਾ ਨਾ ਲੈ ਅੰਗੜਾਈਆਂ



## ਸ਼ਹਿਦ ਦੀਆਂ ਮੱਖੀਆਂ

ਸੰਸਾਰ 'ਚ ਤਕਰੀਬਨ 20,000 ਪ੍ਰਕਾਰ ਦੀਆਂ ਮੱਖੀਆਂ ਮਿਲਦੀਆਂ ਹਨ ਜਿਨ੍ਹਾਂ 'ਚੋਂ ਸਿਰਫ਼ ਚਾਰ ਪ੍ਰਜਾਤੀਆਂ ਸ਼ਹਿਦ ਪੈਦਾ ਕਰਦੀਆਂ ਹਨ।

- ਮਧੂਮੱਖੀਆਂ ਦੇ ਛੱਤੇ 'ਚ ਤਿੰਨ ਤਰ੍ਹਾਂ ਦੀਆਂ ਮੱਖੀਆਂ ਹੁੰਦੀਆਂ ਹਨ ਇਸ 'ਚ ਸਭ ਤੋਂ ਜਾਣੀ ਪਛਾਣੀ ਰਾਣੀ ਮੱਖੀ ਹੈ। ਇਹ ਮੱਖੀ ਸਿਰਫ਼ ਚਾਰ ਤੋਂ ਪੰਜ ਸਾਲ ਤਕ ਜਿਊਂਦੀ ਰਹਿੰਦੀ ਹੈ।
- ਡ੍ਰੋਨ ਮੱਖੀ ਡੰਗ ਨਹੀਂ ਮਾਰਦੀ।
- ਤੀਜੇ ਤਰ੍ਹਾਂ 'ਤੇ ਸਭ ਤੋਂ ਛੋਟੀਆਂ ਮੱਖੀਆਂ ਹੁੰਦੀਆਂ ਹਨ ਜਿਨ੍ਹਾਂ ਦੀ ਉਮਰ 40 ਤੋਂ 45 ਦਿਨਾਂ ਤਕ ਹੁੰਦੀ ਹੈ, ਇਹ ਕਿਸੇ ਨੂੰ ਡੰਗ ਮਾਰਨ ਤੋਂ ਬਾਅਦ ਮਰ ਜਾਂਦੀਆਂ ਹਨ।
- ਮਧੂਮੱਖੀਆਂ ਦੇ ਜੀਵਨ 'ਚ ਚਾਰ ਤਰ੍ਹਾਂ ਦੇ ਪਰਿਵਰਤਨ ਹੁੰਦੇ ਹਨ ਜਿਵੇਂ ਆਂਡਾ, ਲਾਰਵਾ, ਪਿਊਪਾ ਅਤੇ ਮੱਖੀ।
- ਰਾਣੀ ਮੱਖੀ ਨੂੰ ਇਕ ਖ਼ਾਸ ਤਰ੍ਹਾਂ ਦਾ ਪਦਾਰਥ ਖਾਣ ਨੂੰ ਦਿੱਤਾ ਜਾਂਦਾ ਹੈ ਜਿਸ ਨੂੰ ਰਾਇਲ ਕਿਹਾ ਜਾਂਦਾ ਹੈ।
- ਇਕ ਮਧੂਮੱਖੀ ਦੀਆਂ ਛੇ ਲੱਤਾਂ ਤੇ ਦੋ ਖੰਭ ਹੁੰਦੇ ਹਨ।
- ਮਧੂਮੱਖੀ ਦੇ ਦੋ ਢਿੱਡ ਹੁੰਦੇ ਹਨ ਇਕ ਖਾਣਾ ਖਾਣ ਲਈ ਅਤੇ ਦੂਜਾ ਫਲਾਂ ਦਾ ਰਸ ਇਕੱਠਾ ਕਰਨ ਲਈ।
- ਇਹ ਇਕ ਅਜਿਹੀ ਕੀਟ ਹੈ ਜਿਸ ਦੁਆਰਾ ਬਣਾਏ ਸ਼ਹਿਦ ਨੂੰ ਮਨੁੱਖ ਖਾਂਦਾ ਹੈ।
- ਇਸ ਦੀਆਂ ਪੰਜ ਅੱਖਾਂ ਹੁੰਦੀਆਂ ਹਨ ਦੋ ਵੱਡੀਆਂ ਅੱਖਾਂ ਅਤੇ ਇਨ੍ਹਾਂ ਵਿਚਕਾਰ ਮੱਥੇ ਉਪਰ ਤਿੰਨ ਅੱਖਾਂ ਹੁੰਦੀਆਂ ਹਨ।
- 5 ਕਿਲੋਮੀਟਰ ਪ੍ਰਤੀ ਘੰਟੇ ਦੀ ਰਫ਼ਤਾਰ ਨਾਲ ਉੱਡ ਸਕਦੀਆਂ ਹਨ।
- ਮਧੂਮੱਖੀ ਦੇ ਸੁੰਘਣ ਦੀ ਸ਼ਕਤੀ ਇਨਸਾਨ ਤੋਂ ਕਿਤੇ ਜ਼ਿਆਦਾ ਹੁੰਦੀ ਹੈ।
- ਸ਼ਹਿਦ ਕਈ ਤਰ੍ਹਾਂ ਦੇ ਰੰਗਾਂ ਤੋਂ ਮਿਲਦਾ ਹੈ ਇਹ ਫੁੱਲ 'ਤੇ ਨਿਰਭਰ ਕਰਦਾ ਹੈ। ਜਿਸ 'ਚੋਂ ਮੱਖੀ ਰਸ ਚੂਸਦੀ ਹੈ।
- ਸ਼ਹਿਦ ਦੀਆਂ ਮੱਖੀਆਂ ਆਪਣੀ ਜ਼ਰੂਰਤ ਨਾਲ ਲਗਪਗ 40-45 ਕਿੱਲੋ ਜ਼ਿਆਦਾ ਸ਼ਹਿਦ ਪੈਦਾ ਕਰਦੀਆਂ ਹਨ।
- ਮਧੂਮੱਖੀਆਂ ਇਕ ਸੈਕਿੰਡ 'ਚ 200 ਵਾਰ ਆਪਣੇ ਖੰਭ ਫੜਫੜਾਉਂਦੀਆਂ ਹਨ।
- ਇਸ ਦੀਆਂ ਅੱਖਾਂ 'ਚ ਹਜ਼ਾਰਾਂ ਲੈਨਜ਼ ਲੱਗੇ ਹੁੰਦੇ ਹਨ।
- ਇਕ ਚਮਚ ਸ਼ਹਿਦ ਲਈ ਮਧੂਮੱਖੀ ਨੂੰ ਹਜ਼ਾਰਾਂ ਫੁੱਲਾਂ ਦਾ ਰਸ ਇਕੱਠਾ ਕਰਨਾ ਪੈਂਦਾ ਹੈ।
- ਇਕ ਛੱਤੇ 'ਤੇ 30 ਤੋਂ 60 ਹਜ਼ਾਰ ਮਧੂਮੱਖੀਆਂ ਰਹਿੰਦੀਆਂ ਹਨ।



## ਸਿੱਖ ਧਰਮ ਦੇ ਬਾਨੀ
# ਸ੍ਰੀ ਗੁਰੂ ਨਾਨਕ ਦੇਵ ਜੀ

ਇਕਬਾਲ ਸੰਧੂ ਉੱਭਾ

ਪਿਆਰੇ ਵਿਦਿਆਰਥੀਓ- ਜਿਸ ਪ੍ਰਕਾਰ ਤੁਸੀਂ ਆਪਣਾ ਜਨਮ ਦਿਨ ਮਨਾਉਂਦੇ ਹੋ ਤੇ ਤੁਹਾਨੂੰ ਆਪਣੇ ਜਨਮ ਦਿਨ ਦੀ ਬਹੁਤ ਖ਼ੁਸ਼ੀ ਹੁੰਦੀ ਹੈ। ਇਸ ਤਰ੍ਹਾਂ ਸਾਡੇ ਮਹਾਂਪੁਰਸ਼ਾਂ ਦੇ ਜਨਮ ਦਿਨ ਆਉਂਦੇ ਹਨ। ਉਨ੍ਹਾਂ ਦੇ ਜਨਮ ਦੀ ਵੀ ਸਾਨੂੰ ਬਹੁਤ ਖ਼ੁਸ਼ੀ ਹੁੰਦੀ ਹੈ। ਉਨ੍ਹਾਂ ਮਹਾਨ ਵਿਅਕਤੀਆਂ ਦੇ ਜਨਮ ਦਿਨ ਵੀ ਅਸੀਂ ਖ਼ੁਸ਼ੀ-ਖ਼ੁਸ਼ੀ ਮਨਾਉਂਦੇ ਹਾਂ। ਆਓ ਅੱਜ ਅਸੀਂ ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਜੀ ਦੇ ਜਨਮ ਬਾਰੇ ਤੁਹਾਨੂੰ ਜਾਣਕਾਰੀ ਦੇਈਏ....

ਪੰਜਾਬ ਦੀ ਧਰਤੀ ਗੁਰੂਆਂ, ਪੀਰਾਂ, ਸ਼ਹੀਦਾਂ, ਮਹਾਂਪੁਰਸ਼ਾਂ ਆਦਿ ਦੀ ਧਰਤੀ ਹੈ। ਇੱਥੇ ਸਮੇਂ-ਸਮੇਂ ਮਹਾਨ ਲੋਕ ਪੈਦਾ ਹੋਏ ਜੋ ਸਮਾਜ ਲਈ ਆਦਰਸ਼ ਬਣੇ। ਉਨ੍ਹਾਂ ਵਿੱਚੋਂ ਹੀ ਇਕ ਮਹਾਨ ਪੁਰਸ਼ ਸ੍ਰੀ ਗੁਰੂ ਨਾਨਕ ਦੇਵ ਜੀ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿੱਖ ਧਰਮ ਦੀ ਨੀਂਹ ਰੱਖੀ। ਉਹ ਸਾਡੇ ਪਹਿਲੇ ਗੁਰੂ ਹਨ। ਗੁਰੂ ਜੀ ਬਚਪਨ ਤੋਂ ਹੀ ਉੱਚੀ ਸ਼ਖ਼ਸੀਅਤ ਦੇ ਮਾਲਕ ਸਨ। ਜਿਸ ਦਾ ਪਤਾ ਸਿੱਖਿਆ ਪ੍ਰਾਪਤੀ ਦੇ ਪਹਿਲੇ ਦਿਨ ਹੀ ਆਪਣੇ ਗੁਰੂ ਪਾਂਧੇ ਨੂੰ ਪ੍ਰਭਾਵਿਤ ਕਰਨ ਤੋਂ ਲੱਗਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਕੱਤਕ ਦੀ ਪੂਰਨਮਾਸ਼ੀ, ਨਨਕਾਣਾ ਸਾਹਿਬ ਰਾਏ ਭੋਇ ਦੀ ਤਲਵੰਡੀ (ਪਾਕਿਸਤਾਨ) ਵਿਖੇ ਹੋਇਆ। ਉਨ੍ਹਾਂ ਦੇ ਪਿਤਾ ਜੀ ਦਾ ਨਾਂ ਮਹਿਤਾ ਕਾਲੂ ਅਤੇ ਮਾਤਾ ਦਾ ਨਾਂ ਤ੍ਰਿਪਤਾ ਦੇਵੀ ਸੀ। ਉਨ੍ਹਾਂ ਦੀ ਭੈਣ ਬੇਬੇ ਨਾਨਕੀ ਜੀ ਸਨ। ਗੁਰੂ ਜੀ ਨੇ ਸੈਂਕੜੇ ਮੀਲ ਪੈਦਲ ਤੁਰ ਕੇ ਲੋਕਾਂ ਨੂੰ ਗਿਆਨ ਦੀਆਂ ਗੱਲਾਂ ਦੱਸੀਆਂ। ਉਨ੍ਹਾਂ ਨੇ ਵਹਿਮਾਂ-ਭਰਮਾਂ, ਪਖੰਡਾਂ, ਝੂਠ, ਤਾਗੇ-ਤਵੀਤਾਂ ਤੋਂ ਦੂਰ ਰਹਿਣ ਅਤੇ ਚੰਗੇ ਕਰਮ ਕਰਨਾ, ਭਲਾਈ ਕਰਨ, ਲੋੜਵੰਦ ਦੀ ਮਦਦ ਕਰਨ, ਗਰੀਬ ਦੀ ਸਹਾਇਤਾ ਕਰਨ ਆਦਿ ਦੀ ਸਿੱਖਿਆ ਦਿੱਤੀ।



ਉਨ੍ਹਾਂ ਨੇ ਕੁਦਰਤੀ ਚੀਜ਼ਾਂ ਦੀ ਸੰਭਾਲ ਕਰਨ ਬਾਰੇ ਵੀ ਮਨੁੱਖ ਨੂੰ ਪ੍ਰੇਰਿਆ, ਕਿਉਂਕਿ ਕੁਦਰਤੀ ਚੀਜ਼ਾਂ ਜਿੱਥੇ ਸਾਨੂੰ ਮੁਫ਼ਤ ਮਿਲਦੀਆਂ ਹਨ ਉੱਥੇ ਸਾਡੇ ਲਈ ਬਹੁਤ ਹੀ ਜ਼ਰੂਰੀ ਅਤੇ ਲਾਹੇਵੰਦ ਹਨ। ਸਾਡਾ ਜੀਵਨ ਕੁਦਰਤੀ ਚੀਜ਼ਾਂ 'ਤੇ ਹੀ ਨਿਰਭਰ ਹੈ। ਕੁਦਰਤੀ ਚੀਜ਼ਾਂ ਦੀ ਮਹੱਤਤਾ ਨੂੰ ਦੱਸਦੇ ਹੋਏ ਗੁਰੂ ਜੀ ਨੇ ਜਪੁਜੀ ਸਾਹਿਬ ਸਲੋਕ ਵਿਚ ਪਵਨ ਗੁਰੂ ਪਾਣੀ ਪਿਤਾ, ਮਾਤਾ ਧਰਤ ਮਹਤੁ ਦੀ ਰਚਨਾ ਕੀਤੀ। ਉਨ੍ਹਾਂ ਨੇ ਹਵਾ ਨੂੰ ਗੁਰੂ ਜਿੰਨਾ ਸਤਿਕਾਰ ਦੇਣ ਲਈ ਕਿਹਾ ਕਿਉਂਕਿ ਹਵਾ ਸਾਡੀ ਜੀਵਨਦਾਨੀ ਹੈ। ਹਵਾ ਵਿਚਲੀ ਆਕਸੀਜਨ ਕਾਰਨ ਹੀ ਸਾਡੀ ਸਾਹ ਕਿਰਿਆ ਚੱਲਦੀ ਹੈ ਭੋਜਨ, ਪਾਣੀ ਬਿਨਾਂ ਕਈ ਘੰਟੇ ਅਸੀਂ ਸੈਰ ਸਕਦੇ ਹਾਂ ਪਰ ਸਾਹ ਲੈਣਾ ਅਸੀਂ ਨਹੀਂ ਰੋਕ ਸਕਦੇ, ਜਿਸ ਵਿਚ ਹਵਾ ਦਾ ਅਹਿਮ ਰੋਲ ਹੈ। ਪਾਣੀ ਨੂੰ ਗੁਰੂ ਜੀ ਨੇ ਪਿਤਾ ਦੇ ਸਮਾਨ ਮੰਨਿਆ ਹੈ। ਗੁਰੂ ਜੀ ਨੇ ਧਰਤੀ ਨੂੰ ਮਾਤਾ ਕਹਿ ਕੇ ਪੁਕਾਰਿਆ ਹੈ। ਜਿਸ ਤਰ੍ਹਾਂ ਛੋਟੇ ਬੱਚਿਆਂ ਦੀ ਜ਼ਰੂਰਤ ਉਨ੍ਹਾਂ ਦੀ ਮਾਤਾ ਪੂਰੀ ਕਰਦੀ ਹੈ। ਇਸ ਤਰ੍ਹਾਂ ਮਨੁੱਖ ਅਨਾਜ, ਫ਼ਲ, ਸਬਜ਼ੀਆਂ, ਕੱਪੜੇ ਲਈ ਕਪਾਹ ਆਦਿ ਧਰਤੀ ਤੋਂ ਪੈਦਾ ਕਰਦਾ ਹੈ। ਗੁਰੂ ਜੀ ਨੇ ਹਵਾ, ਪਾਣੀ, ਧਰਤੀ ਬਾਰੇ ਹੀ ਨਹੀਂ ਸੂਰਜ, ਚੰਦ, ਤਾਰੇ, ਆਕਾਸ਼, ਬੱਦਲ, ਮੀਂਹ, ਹਨੇਰੀਆਂ, ਰੁੱਤਾਂ, ਦਿਨ-ਰਾਤ ਆਦਿ ਕੁਦਰਤੀ ਚੀਜ਼ਾਂ ਬਾਰੇ ਗੁਰਬਾਣੀ ਵਿਚ ਬਹੁਤ ਕੁੱਝ ਲਿਖਿਆ ਹੈ। ਲੋੜ ਇਸ ਗੱਲ ਦੀ ਹੈ ਕਿ ਸਾਨੂੰ ਇਨ੍ਹਾਂ ਕੁਦਰਤੀ ਚੀਜ਼ਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ ਕਿਉਂਕਿ ਸਾਡਾ ਜੀਵਨ ਇਨ੍ਹਾਂ 'ਤੇ ਨਿਰਭਰ ਕਰਦਾ ਹੈ। ਸੋ ਸਾਨੂੰ ਗੁਰੂਆਂ ਦੀਆਂ ਦੱਸੀਆਂ ਗੱਲਾਂ 'ਤੇ ਜ਼ਰੂਰ ਅਮਲ ਕਰਨਾ ਚਾਹੀਦਾ ਹੈ।

**ਸਾਡੀ ਧਰਤੀ ਗੁਰੂਆਂ, ਪੀਰਾਂ, ਸ਼ਹੀਦਾਂ, ਮਹਾਂਪੁਰਸ਼ਾਂ ਦੀ ਧਰਤੀ ਹੈ। ਇੱਥੇ ਸਮੇਂ-ਸਮੇਂ ਮਹਾਨ ਲੋਕ ਪੈਦਾ ਹੋਏ ਜੋ ਸਮਾਜ ਲਈ ਆਦਰਸ਼ ਬਣੇ...**

• 98723-45277

ਬੱਚਿਓ! ਵੱਡਿਆਂ ਦੀਆਂ ਸਿਖਾਈਆਂ ਛੋਟੀਆਂ-ਛੋਟੀਆਂ ਗੱਲਾਂ 'ਤੇ ਸਾਨੂੰ ਜ਼ਰੂਰ ਅਮਲ ਕਰਨਾ ਚਾਹੀਦਾ ਹੈ। ਇਹੀ ਗੱਲਾਂ ਸਾਨੂੰ ਜੀਵਨ 'ਚ ਅੱਗੇ ਵਧਣ ਲਈ ਪ੍ਰੇਰਦੀਆਂ ਹਨ...

## ਗੱਲ ਦਾ ਅਸਰ

ਹਰਜਿੰਦਰ ਸਿੰਘ ਅਸ਼ੀ

ਜਸਪ੍ਰੀਤ ਆਪਣੇ ਮਾਤਾ-ਪਿਤਾ ਦਾ ਇਕਲੌਤਾ ਤੇ ਲਾਡਲਾ ਮੁੰਡਾ ਹੋਣ ਕਾਰਨ ਆਪਣੀ ਮਨ ਮਰਜ਼ੀ ਕਰਦਾ ਅਤੇ ਉਸ ਦੀਆਂ ਇਹ ਬੁਰੀਆਂ ਆਦਤਾਂ ਦਿਨੋ-ਦਿਨ ਵੱਧ ਰਹੀਆਂ ਸਨ। ਉਹ ਹਰ ਗੱਲ 'ਤੇ ਟਾਲਾ ਵੱਟਦਾ, ਪੜ੍ਹਾਈ ਵਿਚ ਰੁਚੀ ਨਾ ਲੈਂਦਾ, ਸਵੇਰੇ ਲੇਟ ਉੱਠਦਾ ਤੇ ਹਰ ਸਮੇਂ ਮੋਬਾਇਲ 'ਤੇ ਗੇਮਾਂ ਖੇਡਦਾ ਰਹਿੰਦਾ। ਸਮਾਂ ਬੀਤਦਾ ਗਿਆ ਅਤੇ ਮਾਂ-ਬਾਪ ਨੂੰ ਉਸਦੇ ਭਵਿੱਖ ਬਾਰੇ ਚਿੰਤਾ ਹੋਣ ਲੱਗੀ ਕਿਉਂਕਿ ਜਸਪ੍ਰੀਤ ਦੀਆਂ ਇਹ ਆਦਤਾਂ ਪੱਕ ਚੁੱਕੀਆ ਸਨ। ਮਾਂ-ਬਾਪ ਨੇ ਸਾਰੇ ਉਪਰਾਲੇ ਕਰ ਕੇ ਵੇਖ ਲਏ ਪਰ ਇਨ੍ਹਾਂ ਦਾ ਜਸਪ੍ਰੀਤ ਉਪਰ ਕੋਈ ਅਸਰ ਨਹੀ ਸੀ।

ਇਕ ਰਾਤ ਜਸਪ੍ਰੀਤ ਅਤੇ ਉਸਦਾ ਪਿਤਾ ਇਕੱਠੇ ਖਾਣਾ ਖਾ ਰਹੇ ਸਨ ਤਾਂ ਪਿਤਾ ਨੇ ਆਪਣੇ ਬੇਟੇ ਨੂੰ ਸਮਝਾਉਣਾ ਚਾਹਿਆ ਤੇ ਗੱਲ ਸ਼ੁਰੂ ਕੀਤੀ ਕਿ ਜੇ ਇਨਸਾਨ ਆਪਣੇ ਮਨੀਰਾਮ ਨੂੰ ਕਾਬੂ ਕਰ ਲਵੇ ਤਾਂ ਉਹ ਆਪਣੀ ਜ਼ਿੰਦਗੀ ਵਿਚ ਕਾਮਯਾਬ ਹੋ ਜਾਂਦਾ ਹੈ ਤਾਂ ਜਸਪ੍ਰੀਤ ਨੇ ਹੈਰਾਨਗੀ ਭਰੇ ਲਹਿਜੇ ਵਿਚ ਪਿਤਾ ਵੱਲ ਤੱਕਿਆ ਤੇ ਸਵਾਲ ਕੀਤਾ ਕਿ ਪਿਤਾ ਜੀ 'ਮਨੀਰਾਮ' ਕੀ ਹੁੰਦਾ ਹੈ? ਪਿਤਾ ਨੇ ਸੋਚਿਆ ਕਿ ਤੀਰ ਨਿਸ਼ਾਨੇ 'ਤੇ ਲੱਗਿਆ ਹੈ, ਉਸੇ ਵਕਤ ਗੰਭੀਰ ਹੁੰਦਿਆਂ ਪੁੱਤ ਨੂੰ ਸਮਝਾਉਣਾ ਸ਼ੁਰੂ ਕੀਤਾ ਕਿ ਬੇਟਾ, ਮਨੀਰਾਮ ਇਨਸਾਨ ਦੇ ਅੰਦਰਲਾ ਮਨ ਹੈ ਜੋ ਹਮੇਸ਼ਾ ਇਨਸਾਨ ਨੂੰ ਗ਼ਲਤ ਕੰਮ ਕਰਨ ਲਈ ਪ੍ਰੇਰਿਤ ਕਰਦਾ ਹੈ। ਜੇ ਇਨਸਾਨ ਮਨ ਮਗਰ ਲੱਗ ਜਾਵੇ ਤਾਂ ਉਹ ਫੇਲ੍ਹ ਹੋ ਜਾਂਦਾ ਹੈ, ਮਨ ਨੂੰ ਆਪਣੇ ਮਗਰ ਲਾ ਲਵੇ ਤਾਂ ਕਾਮਯਾਬ ਹੋ ਜਾਂਦਾ ਹੈ। ਜਿਵੇਂ ਪੁੱਤਰ ਤੂੰ ਸਵੇਰੇ ਉੱਠਦਾ ਹੈ ਤਾਂ ਮਨ ਤੈਨੂੰ ਹੋਰ ਸੌਣ ਲਈ ਕਹਿੰਦਾ ਹੈ ਜੇ ਤੂੰ ਉਸਦੀ ਗੱਲ ਮੰਨ ਲਈ ਤਾ ਤੂੰ ਫਿਰ ਸੌਂ ਜਾਵੇਗਾ ਅਤੇ ਸਕੂਲ ਤੋ ਲੇਟ ਹੋ ਜਾਵੇਗਾ ਅਤੇ ਤੇਰੇ ਸਾਰੇ ਦਿਨ ਦੇ ਕੰਮ ਵੀ ਅਧੂਰੇ ਰਹਿ ਜਾਣਗੇ। ਜੇ ਤੂੰ ਇਸਦੇ ਉਲਟ ਉਸਦੀ ਗੱਲ ਨਾ ਮੰਨਦਾ ਹੋਇਆ ਸਵੇਰੇ ਉਠੇਗਾ ਤਾਂ ਤੂੰ ਸਕੂਲ ਵੀ ਸਮੇਂ ਸਿਰ ਜਾਵੇਗਾ ਤੇ ਤੇਰੇ ਕੰਮ ਵੀ ਸਾਰੇ ਪੂਰੇ ਹੋ ਜਾਣਗੇ ਤੇ ਤੂੰ ਜ਼ਿੰਦਗੀ ਵਿਚ ਸਫ਼ਲ ਇਨਸਾਨ ਬਣ ਜਾਵੇਗਾ।



ਜਸਪ੍ਰੀਤ ਨੇ ਪਿਤਾ ਦੀ ਗੱਲ ਨੂੰ ਬਹੁਤ ਡੂੰਘਾਈ ਨਾਲ ਸੋਚਿਆ ਅਤੇ ਆਪਣੀ ਜ਼ਿੰਦਗੀ ਵਿਚ ਇਸ ਗੱਲ ਨੂੰ ਲਾਗੂ ਕਰਨ ਦਾ ਦ੍ਰਿੜ ਵਚਨ ਲੈ ਲਿਆ। ਇਸ ਅਸਰ ਸਦਕਾ ਹੁਣ ਉਸਦੀ ਜ਼ਿੰਦਗੀ ਦੀਆਂ ਨਾਕਾਮਯਾਬੀਆਂ ਉਸਦੀ ਸਫ਼ਲਤਾ ਵਿਚ ਬਦਲ ਗਈਆਂ ਅਤੇ ਉਹ ਇਕ ਮਹਾਨ ਇਨਸਾਨ ਬਣ ਗਿਆ।

• 97797-01434





## ਕਿਵੇਂ ਪੈਂਦੀ ਹੈ ਬਰਫ਼ ?

ਦੋਸਤੋ- ਤੁਸੀਂ ਜਾਣਦੇ ਹੀ ਹੋਵੋਗੇ ਕਿ ਸਾਡੀ ਧਰਤੀ 'ਤੇ ਪਾਣੀ ਇਕ ਲਗਾਤਾਰ ਚੱਕਰ 'ਚ ਚਲਦਾ ਰਹਿੰਦਾ ਹੈ। ਸੂਰਜ ਦੀ ਗਰਮੀ ਨਾਲ ਨਦੀਆਂ, ਤਾਲਾਬਾਂ, ਝੀਲਾਂ 'ਚੋਂ ਪਾਣੀ ਭਾਫ਼ ਬਣ ਕੇ ਉੱਡ ਜਾਂਦਾ ਹੈ ਅਤੇ ਵਾਤਾਵਾਰਨ 'ਚ ਪਹੁੰਚ ਜਾਂਦਾ ਹੈ। ਜਦੋਂ ਇਸ ਤਰ੍ਹਾਂ ਦੇ ਬਹੁਤ ਸਾਰੇ ਵਾਸ਼ਪੀਕਰਣ ਇਕੱਠੇ ਹੋ ਜਾਂਦੇ ਹਨ ਤਾਂ ਉਹ ਬੱਦਲ ਦਾ ਰੂਪ ਲੈ ਲੈਂਦੇ ਹਨ। ਜਦੋਂ ਇਹ ਬੱਦਲ ਆਪਸ 'ਚ ਟਕਰਾਉਂਦੇ ਹਨ ਤਾਂ ਬਾਰਿਸ਼ ਹੁੰਦੀ ਹੈ ਪਰ ਜਦੋਂ ਇਹ ਬੱਦਲ ਵਾਤਾਵਰਨ 'ਚ ਜ਼ਿਆਦਾ ਮਾਤਰਾ 'ਚ ਉੱਪਰ ਚੱਲੇ ਜਾਂਦੇ ਹਨ ਤਾਂ ਉੱਥੋਂ ਦਾ ਤਾਪਮਾਨ ਬਹੁਤ ਘੱਟ ਹੋ ਜਾਂਦਾ ਹੈ ਅਤੇ ਵਾਤਾਵਰਨ ਬਹੁਤ ਠੰਢਾ ਹੋ ਜਾਂਦਾ ਹੈ। ਬੱਦਲ ਦਾ ਤਾਪਮਾਨ ਬਹੁਤ ਹੇਠਾਂ ਪਹੁੰਚਣ 'ਤੇ, ਬੱਦਲਾਂ 'ਚ ਮੌਜੂਦ ਵਾਸ਼ਪੀ ਕਣ ਛੋਟੇ-ਛੋਟੇ ਕਣਾਂ 'ਚ ਬਦਲ ਜਾਂਦੇ ਹਨ। ਹਵਾ ਇਨ੍ਹਾਂ ਬਰਫ਼ ਦੇ ਕਣਾਂ ਦਾ ਭਾਰ ਨਹੀਂ ਉੱਠਾ ਪਾਉਂਦੀ ਤੇ ਕਣ ਬੱਦਲ ਨਾਲ ਹੇਠਾਂ ਡਿੱਗਣ ਲੱਗਦੇ ਹਨ। ਜਦੋਂ ਉਹ ਡਿੱਗਦੇ ਹਨ ਤਾਂ ਇਕ ਦੂਜੇ ਨਾਲ ਟੱਕਰਾ ਕੇ ਜੁੜਨ ਲੱਗਦੇ ਹਨ। ਇਸ ਤਰ੍ਹਾਂ ਇਨ੍ਹਾਂ ਦਾ ਆਕਾਰ ਵੱਡਾ ਹੋਣ ਲੱਗਦਾ ਹੈ। ਜਦੋਂ ਇਹ ਕਣ ਸਾਡੀ ਧਰਤੀ 'ਤੇ ਡਿੱਗਦੇ ਹਨ ਤਾਂ ਅਸੀਂ ਉਸ ਨੂੰ ਬਰਫ਼ਬਾਰੀ ਕਹਿੰਦੇ ਹਾਂ।

ਹੁਣ ਤੁਸੀਂ ਇਹ ਕਹਿ ਸਕਦੇ ਹੋ ਕਿ ਬਰਫ਼ ਦਰਅਸਲ ਜੰਮ੍ਹਾਂ ਹੋਇਆ ਪਾਣੀ ਹੈ। ਬਰਫ਼ਬਾਰੀ 'ਚ ਧਰਤੀ 'ਤੇ ਅਕਸਰ ਬਰਫ਼ ਦੀ ਸਫ਼ੈਦ ਚਾਦਰ ਵਿਛ ਜਾਂਦੀ ਹੈ। ਡਿੱਗਦੀ ਹੋਈ ਇਹ ਬਰਫ਼ ਹਮੇਸ਼ਾਂ ਨਰਮ ਨਹੀਂ ਹੁੰਦੀ। ਇਹ ਬਰਫ਼ ਡਿੱਗਦੇ ਹੋਏ ਇਕ ਜਗ੍ਹਾ ਇਕੱਠੀ ਨਾ ਡਿੱਗ ਕੇ ਹਵਾ ਨਾਲ ਇੱਧਰ-ਉਧਰ ਫੈਲ ਜਾਂਦੀਆਂ ਹਨ, ਇਸ ਲਈ ਇਹ ਕਿਤੇ ਬਹੁਤ ਜ਼ਿਆਦਾ ਤੇ ਕਿਤੇ ਬਹੁਤ ਘੱਟ ਡਿਗਦੀਆਂ ਹਨ। ਕਦੇ ਇਹ ਛੋਟੇ-ਛੋਟੇ ਪੱਥਰਾਂ ਦੇ ਰੂਪ 'ਚ ਤਾਂ ਕਦੇ ਬਾਰਿਸ਼ ਦੇ ਨਾਲ ਡਿੱਗਣ ਵਾਲੇ ਸਖ਼ਤ ਬਰਫ਼ ਭਾਵ ਟੁਕੜਿਆਂ ਦੇ ਰੂਪ 'ਚ ਵੀ ਡਿੱਗਦੀ ਹੈ। ਬਰਫ਼ ਚਾਹੇ ਜਿਸ ਰੂਪ 'ਚ ਵੀ ਡਿੱਗੇ, ਜਿੱਥੇ ਇਹ ਡਿੱਗਦੀ ਹੈ ਉੱਥੋਂ ਦਾ ਤਾਪਮਾਨ ਕਾਫ਼ੀ ਡਿੱਗ ਜਾਂਦਾ ਹੈ। ਆਲੇ-ਦੁਆਲੇ ਦੇ ਇਲਾਕੇ ਵੀ ਠੰਢੀਆਂ ਹਵਾਵਾਂ ਦੀ ਲਪੇਟ 'ਚ ਆ ਜਾਂਦੇ ਹਨ। ਹੁਣ ਤੁਹਾਡੇ ਮਨ 'ਚ ਇਹ ਸਵਾਲ ਉੱਠਦਾ ਹੋਵੇਗਾ ਕਿ ਇਹ ਬਰਫ਼ਬਾਰੀ ਪਹਾੜੀ ਇਲਾਕਿਆਂ 'ਚ ਹੀ ਕਿਉਂ ਹੁੰਦੀ ਹੈ?



ਬਰਫ਼ ਉਨ੍ਹਾਂ ਸਥਾਨਾਂ 'ਤੇ ਜ਼ਿਆਦਾ ਡਿੱਗਦੀ ਹੈ ਜੋ ਇਲਾਕੇ ਜਾਂ ਤਾਂ ਸਮੁੰਦਰ ਤੋਂ ਕਾਫ਼ੀ ਉੱਪਰ ਹੁੰਦੇ ਹਨ ਜਾਂ ਫਿਰ ਉਚਾਈ 'ਤੇ ਹੁੰਦੇ ਹਨ। ਵਾਤਾਵਰਨ 'ਚ ਬਰਫ਼ ਕਾਫ਼ੀ ਜ਼ਿਆਦਾ ਬਣਦੀ ਹੈ, ਜਿਸ ਦਾ ਇਕ ਛੋਟਾ ਹਿੱਸਾ ਹੀ ਥੱਲੇ ਪਹਾੜਾਂ 'ਤੇ ਡਿੱਗਦਾ ਹੈ। ਬਾਕੀ ਹਿੱਸਾ ਬਾਰਿਸ਼ ਦੇ ਰੂਪ 'ਚ ਥੱਲੇ ਆਉਂਦਾ ਹੈ।

ਹੁਣ ਇਹ ਵੀ ਸਵਾਲ ਤੁਹਾਡੇ ਮਨ 'ਚ ਆਵੇਗਾ ਕਿ ਬਰਫ਼ ਬਣਦੀ ਹੈ ਅਤੇ ਬਾਰਿਸ਼ ਡਿੱਗਦੀ ਹੈ, ਉਹ ਕਿਵੇਂ? ਵਾਤਾਵਰਨ 'ਚ ਮੌਜੂਦ ਓਜ਼ੋਨ ਦੀਆਂ ਗਰਮ ਪਰਤਾਂ ਦੇ ਵਿਚਕਾਰ ਤੋਂ ਜਦੋਂ ਬਰਫ਼ਬਾਰੀ ਦੇ ਕਣ ਨਿਕਲਦੇ ਹਨ ਤਾਂ ਬਰਫ਼ ਪਿਘਲ ਜਾਂਦੀ ਹੈ ਅਤੇ ਬਾਰਿਸ਼ ਦੇ ਪਾਣੀ 'ਚ ਬਦਲ ਜਾਂਦੀ ਹੈ, ਜਦਕਿ ਉੱਚੇ ਪਹਾੜਾਂ 'ਚ ਤਾਪਮਾਨ ਪਹਿਲਾਂ ਤੋਂ ਹੀ ਸਿਫ਼ਰ ਡਿੱਗਰੀ ਤੋਂ ਕਾਫ਼ੀ ਘੱਟ ਹੁੰਦਾ ਹੈ, ਇਸ ਲਈ ਉੱਥੇ ਬਰਫ਼ਬਾਰੀ ਹੁੰਦੀ ਹੈ। •

**ਫ਼ਾਇਦਾ**

**ਪਹਾੜਾਂ 'ਤੇ ਡਿੱਗੀ ਇਹ ਬਰਫ਼ ਸੂਰਜ ਦੀ ਤਪਸ਼ ਨਾਲ ਪਿਘਲ ਕੇ ਨਦੀਆਂ 'ਚ ਪਾਣੀ ਦੀ ਪੂਰਤੀ ਕਰਦੀ ਹੈ, ਜਿਸ ਨੂੰ ਖੇਤੀਬਾੜੀ, ਬਿਜਲੀ ਬਣਾਉਣ ਅਤੇ ਹੋਰ ਕੰਮਾਂ ਲਈ ਵਰਤਿਆ ਜਾਂਦਾ ਹੈ...**

## ਬਾਲ-ਸਭਾ
# ਬਹੁਤ ਕੁਝ ਸਿਖਾਉਂਦੀ ਹੈ

ਰਮੇਸ਼ ਬੱਗਾ ਚੋਹਲਾ

ਬਾਲ ਸਭਾ ਵਿਚ ਸਕੂਲ ਦੇ ਅਧਿਆਪਕਾਂ ਦੀ ਨਾ ਸਿਰਫ਼ ਸਰਗਰਮ ਭਾਗੇਦਾਰੀ ਹੀ ਹੁੰਦੀ ਸੀ ਸਗੋਂ ਕੁੱਝ ਰਚਨਾਤਮਿਕ ਅਤੇ ਕਲਾਤਮਿਕ ਸੋਚ ਵਾਲੇ ਅਧਿਆਪਕਾਂ ਵੱਲੋਂ ਵਿਸ਼ੇਸ਼ ਰੁਚੀਆਂ ਰੱਖਣ ਵਾਲੇ ਵਿਦਿਆਰਥੀਆਂ ਦਾ ਮਾਰਗਦਰਸ਼ਨ ਵੀ ਕੀਤਾ ਜਾਂਦਾ ਸੀ।

ਸਕੂਲ ਵਿਚ ਨਿਯਮਿਤ ਰੂਪ ਵਿਚ ਲਗਾਈ ਜਾਣ ਵਾਲੀ ਬਾਲ-ਸਭਾ ਜਿੱਥੇ ਵਿਦਿਆਰਥੀਆਂ ਅਤੇ ਅਧਿਆਪਕਾਂ ਦੇ ਮਨਪ੍ਰਚਾਵੇ ਦਾ ਸਬੱਬ ਬਣਦੀ ਸੀ ਉੱਥੇ ਵਿਦਿਆਰਥੀਆਂ ਦੀ ਸਿਰਜਣਾਤਮਿਕ ਅਤੇ ਕਲਾਤਮਿਕ ਪਹੁੰਚ ਨੂੰ ਉਭਾਰਨ, ਨਿਖ਼ਾਰਨ ਅਤੇ ਸੰਵਾਰਣ ਵਿਚ ਵੀ ਵਿਸ਼ੇਸ਼ ਸਹਾਈ ਹੁੰਦੀ ਸੀ। ਇਸ ਸਭਾ ਰਾਹੀਂ ਵਿਲੱਖਣ ਪ੍ਰਤਿਭਾ ਵਾਲੇ ਵਿਦਿਅਰਥੀਆਂ ਨੂੰ ਇਕ ਅਜਿਹਾ ਮੰਚ ਪ੍ਰਦਾਨ ਕੀਤਾ ਜਾਂਦਾ ਸੀ ਜਿਹੜਾ ਉਨ੍ਹਾਂ ਦੇ ਆਤਮ-ਵਿਸ਼ਵਾਸ ਵਿਚ ਵਾਧਾ ਕਰਕੇ ਉਨ੍ਹਾਂ ਦੁਆਰਾ ਮਿੱਥੀ ਹੋਈ ਮੰਜ਼ਿਲ ਦੇ ਨਜ਼ਦੀਕ ਲੈ ਜਾਂਦਾ ਸੀ।

ਜੇ ਰਸਮੀ ਸਿੱਖਿਆ ਦੇ ਉਦੇਸ਼ ਦੀ ਗੱਲ ਕੀਤੀ ਜਾਵੇ ਤਾਂ ਉਸ ਦਾ ਉਦੇਸ਼ ਸਿਰਫ਼ ਡਾਕਟਰ, ਇੰਜੀਨੀਅਰ, ਵਕੀਲ ਜਾਂ ਅਧਿਆਪਕ ਪੈਦਾ ਕਰਨਾ ਹੀ ਨਹੀਂ ਸਗੋਂ ਅਜਿਹੇ ਕਲਾਕਾਰ, ਸਾਹਿਤਕਾਰ ਅਤੇ ਬੁਲਾਰੇ ਪੈਦਾ ਕਰਨਾ ਵੀ ਹੈ ਜੋ ਆਪਣੀ ਅਗਾਂਹਵਧੂ ਸੋਚਣੀ, ਲੇਖਣੀ ਅਤੇ ਬੋਲਣੀ ਨਾਲ ਸਾਹਿਤ, ਸਭਿਆਚਾਰ ਅਤੇ ਸਮਾਜ ਨੂੰ ਅਮੀਰ ਬਣਾ ਸਕਣ। ਕਾਫ਼ੀ ਹੱਦ ਤਕ ਇਹ ਅਮੀਰੀ ਵੀ ਸਕੂਲ ਦੀ ਬਾਲ-ਸਭਾ ਦੀ ਹੀ ਦੇਣ ਰਹੀ ਹੈ। ਜਦੋਂ ਕਦੇ ਸਥਾਪਿਤ/ਕਾਮਯਾਬ ਕਲਾਕਾਰਾਂ ਵਿਸ਼ੇਸ਼ ਕਰ ਕੇ ਗਾਇਕਾਂ ਜਾਂ ਅਭਿਨੇਤਾਵਾਂ ਨਾਲ ਮੁਲਾਕਾਤ ਕੀਤੀ ਜਾਂਦੀ ਹੈ ਤਾਂ ਉਹ ਵੀ ਆਪਣੀ ਸਥਾਪਤੀ/ਕਾਮਯਾਬੀ ਦਾ ਬਹੁਤਾ ਸਿਹਰਾ ਪੜ੍ਹਾਈ ਦੌਰਾਨ ਸਕੂਲ ਵਿਚ ਲੱਗਣ ਵਾਲੀ ਬਾਲ-ਸਭਾ ਨੂੰ ਹੀ ਦਿੰਦੇ ਹਨ।

- ਸਕੂਲ ਦੁਆਰਾ ਨਿਯਮਿਤ ਰੂਪ ਵਿਚ ਕੀਤੀ ਜਾਣ ਵਾਲੀ ਬਾਲ-ਸਭਾ ਜਿੱਥੇ ਵਿਦਿਆਰਥੀ ਨੂੰ ਆਪਣਿਆਂ ਵਿਚ ਆਪਣੀ ਗੱਲ ਕਹਿ ਕੇ ਮਾਣ ਮਹਿਸੂਸ ਕਰਵਾਉਂਦੀ ਸੀ ਉੱਥੇ ਉਨ੍ਹਾਂ ਨੂੰ ਸਮੇਂ ਦਾ ਹਾਣੀ ਬਣਾ ਕੇ ਬੇਗਾਨਿਆਂ (ਬਾਹਰਲੇ ਵਿਸ਼ਾਲ ਇਕੱਠਾਂ) ਦੇ ਸਨਮੁੱਖ ਹੋਣ ਦੇ ਸਮਰੱਥ ਵੀ ਬਣਾਉਂਦੀ ਸੀ।
- ਇਸ ਸਭਾ ਵਿਚ ਹੀ ਪਹਿਲਾਂ ਸਕੂਲ ਦੇ ਗੁਣਵਾਨ ਬੱਚਿਆਂ ਨੂੰ ਤਰਾਸ਼ਿਆ ਜਾਂਦਾ ਸੀ ਅਤੇ ਇਸ ਤਲਾਸ਼ੀ ਤੋਂ ਬਾਅਦ ਯੋਗ ਅਧਿਆਪਕਾਂ ਦੁਆਰਾ ਤਰਾਸ਼ਿਆ ਜਾਂਦਾ ਸੀ। ਇਸ ਤਰ੍ਹਾਂ ਸਕੂਲ-ਸਭਾਵਾਂ ਵਿੱਚੋਂ ਤਲਾਸ਼ੇ ਅਤੇ ਅਧਿਆਪਕਾਂ ਦੁਆਰੇ ਤਰਾਸ਼ੇ ਵਿਦਿਆਰਥੀ ਜ਼ਿੰਦਗੀ ਵਿਚ ਕਈ ਵੱਡ-ਅਕਾਰੀਆਂ ਅਤੇ ਨਿਆਰੀਆਂ ਪ੍ਰਾਪਤੀ ਦੇ ਹੱਕਦਾਰ ਬਣ ਜਾਂਦੇ ਸਨ।
- ਸਕੂਲ ਦੀ ਬਾਲ-ਸਭਾ ਦਾ ਇਕ ਹਾਸਲ ਇਹ ਵੀ ਰਿਹਾ ਹੈ ਕਿ ਇਹ ਵਿਦਿਆਰਥੀਆਂ ਵਿਚਲੀ ਹਫ਼ਤਾ ਭਰ (ਜੋ ਅਕਸਰ ਬੋਝਲ ਅਤੇ ਔਖਿਆਲੇ ਪਾਠਕ੍ਰਮ ਕਰਕੇ ਪੈਦਾ ਹੁੰਦੀ ਹੈ) ਦੀ ਉਕਤਾਹਟ ਨੂੰ ਕੁਝ ਸਮੇਂ ਲਈ ਰੋਚਕ ਅਤੇ ਹੁਸੀਨ ਪਲਾਂ ਵਿਚ ਬਦਲ ਦਿੰਦੀ ਸੀ।
- ਸਭਾ ਵਿਚ ਹਾਜ਼ਰੀ ਭਰਕੇ ਸਕੂਲ ਦੇ ਵਿਦਿਆਰਥੀ ਆਪਣੇ ਆਪ ਨੂੰ ਤਰੋਤਾਜ਼ਾ ਮਹਿਸੂਸ ਕਰਦੇ ਸਨ। ਇਹ ਤਾਜ਼ਗੀ ਉਨ੍ਹਾਂ ਨੂੰ ਅਗਲੇ ਹਫ਼ਤੇ ਲੱਗਣ ਵਾਲੀਆਂ ਜਮਾਤਾਂ ਵਿਚ ਗਿਆਨ-ਵਿਗਿਆਨ ਦੀਆਂ ਗੱਲਾਂ ਨੂੰ ਸੁਣਨ ਅਤੇ ਸਮਝਣ ਲਈ ਊਰਜਾ ਪ੍ਰਦਾਨ ਕਰਦੀ ਸੀ। ਇਸ ਊਰਜਾ ਦੀ ਬਾਦੌਲਤ ਹੀ ਉਹ ਵਿਦਿਆ ਨੂੰ ਵਿਚਾਰਨ ਅਤੇ ਪਰਉਪਕਾਰਨ ਲਈ ਹਮੇਸ਼ਾ ਤਿਆਰ ਰਹਿੰਦੇ ਸਨ।
- ਸਕੂਲ ਦੀ ਬਾਲ-ਸਭਾ ਵਿਦਿਆਰਥੀ ਵਰਗ ਨੂੰ ਇਕ ਅਪਣੱਤਮਈ ਮਾਹੌਲ ਦਿੰਦੀ ਸੀ ਜਿਹੜਾ ਉਨ੍ਹਾਂ ਦੇ ਬਿਆਨਾਤਮਿਕ ਅਤੇ ਪ੍ਰਦਰਸ਼ਨਾਤਮਿਕ ਪੱਖ ਨੂੰ ਮਜ਼ਬੂਤ ਕਰਦਾ ਸੀ। ਇਹ ਪੱਖ ਜਿੱਥੇ ਉਨ੍ਹਾਂ ਦੇ ਸਤਿਕਾਰ ਵਿਚ ਵਾਧਾ ਕਰਦਾ ਸੀ ਉੱਥੇ ਉਨ੍ਹਾਂ ਦੀ ਪਛਾਣ ਵੀ ਬਣਾਉਂਦਾ ਸੀ।



- ਬਾਲ ਸਭਾ ਦੌਰਾਨ ਬਣੀ ਇਸ ਵੱਖਰੀ ਪਛਾਣ ਸਦਕਾ ਹੀ ਉਹ ਸਕੂਲ ਵੱਲੋਂ ਦਿੱਤੀਆਂ ਜਾਂਦੀਆਂ ਕਈ ਰਿਆਇਤਾਂ/ਸਹੂਲਤਾਂ ਦੇ ਭਾਗੀਦਾਰ ਵੀ ਬਣ ਜਾਂਦੇ ਸਨ।
- ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਕਰਵਾਏ ਜਾਂਦੇ ਵਿਦਿਅਕ ਮੁਕਾਬਲਿਆਂ ਵਿਚ ਹਿੱਸਾ ਲੈਣ ਵਾਲੇ ਵਿਦਿਆਰਥੀ ਵੀ ਆਮ ਤੌਰ 'ਤੇ ਸਕੂਲ ਵਿਚ ਲਗਾਤਾਰਤਾ ਨਾਲ ਲਗਾਈ ਜਾਣ ਵਾਲੀ ਬਾਲ- ਸਭਾ ਦੀ ਹੀ ਪੈਦਾਵਾਰ ਹੁੰਦੇ ਸਨ ਜੋ ਇਨ੍ਹਾਂ ਮੁਕਾਬਲਿਆਂ ਵਿਚ ਆਪਣੀਆਂ ਬੇਹਤਰੀਨ ਪੇਸ਼ਕਾਰੀਆਂ ਲਈ ਮਾਨ-ਸਨਮਾਨ ਹਾਸਲ ਕਰਕੇ ਆਪਣਾ ਅਤੇ ਆਪਣੇ ਸਕੂਲ ਦਾ ਨਾਂ ਰੋਸ਼ਨ ਕਰਦੇ ਸਨ।
- ਇਸ ਸਭਾ ਵਿੱਚੋਂ ਲੱਗੀ ਹੋਈ ਜਾਗ ਹੀ ਵਿਦਿਆਰਥੀਆਂ ਨੂੰ ਮਹਾਂਵਿਦਿਆਲਿਆਂ ਅਤੇ ਵਿਸ਼ਵ-ਵਿਦਿਆਲਿਆਂ ਦੇ ਯੁਵਕ-ਮੇਲਿਆਂ ਵਿਚ ਸ਼ਲਾਘਾਯੋਗ ਭੂਮਿਕਾ ਅਦਾ ਕਰਨ ਦੇ ਕਾਬਿਲ ਬਣਾ ਦਿੰਦੀ ਸੀ ਅਤੇ ਉਹ ਟਰਾਫੀਆਂ, ਸ਼ੀਲਡਾਂ ਅਤੇ ਗੋਲਡ ਮੈਡਲਾਂ ਨਾਲ ਨਿਵਾਜ਼ੇ ਜਾਂਦੇ ਸਨ।
- ਅਜੋਕੇ ਸਮੇਂ ਸਕੂਲਾਂ (ਵਿਸ਼ੇਸ਼ ਕਰਕੇ ਸਰਕਾਰੀ) ਵਿਚ ਬਾਲ-ਸਭਾ ਦਾ ਰਿਵਾਜ ਬਿਲਕੁੱਲ ਖ਼ਤਮ ਹੋ ਕੇ ਰਹਿ ਗਿਆ ਹੈ। ਹੁਣ ਸਕੂਲ ਦੀ ਸਮਾਂ-ਸਾਰਣੀ ਵਿਚ ਇਸ ਸਭਾ ਦੀ ਕੋਈ ਵਿਸ਼ੇਸ਼ ਵਿਵਸਥਾ ਨਹੀਂ ਕੀਤੀ ਜਾਂਦੀ।
- ਅਧਿਆਪਕ ਗ਼ੈਰ-ਵਿਦਿਅਕ ਕੰਮਾਂ ਦੇ ਬੋਝ ਥੱਲੇ ਦੱਬੇ ਹੋਏ ਹਨ ਅਤੇ ਵਿਦਿਆਰਥੀ ਨਵੀਂ ਟੈਕਨਾਲੌਜੀ ਦਾ ਸ਼ਿਕਾਰ ਹੋ ਕੇ ਰਹਿ ਗਏ ਹਨ। ਇਸ ਤਰ੍ਹਾਂ ਦੇ ਅਣਸੁਖਾਵੇਂ ਅਤੇ ਘੁੱਟਵੇਂ ਮਾਹੌਲ ਵਿਚ ਭਲਾ ਕੋਈ ਸਕੂਲ ਕਲਾਕਾਰ, ਨਾਟਕਕਾਰ ਅਤੇ ਸਾਹਿਤਕਾਰ ਕਿਵੇਂ ਪੈਦਾ ਕਰ ਸਕਦਾ ਹੈ?

• 94631-32719

**ਕੋਈ ਸਮਾਂ ਸੀ ਜਦੋਂ ਸਰਕਾਰੀ ਸਕੂਲਾਂ ਵਿਚ ਪੜ੍ਹਨ-ਪੜ੍ਹਾਉਣ ਤੋਂ ਇਲਾਵਾ ਵਿਦਿਆਰਥੀਆਂ ਦੇ ਮਨੋਰੰਜਨ ਦਾ ਵੀ ਸਮਾਂ ਨਿਰਧਾਰਿਤ ਹੋਇਆ ਕਰਦਾ ਸੀ। ਹਫ਼ਤੇ ਦੇ ਆਖ਼ਰੀ ਦਿਨ ਕੁੱਝ ਪੀਰੀਅਡ ਰਾਖਵੇਂ ਰੱਖ ਕੇ ਸਕੂਲ ਦੇ ਸਮੂਹ ਵਿਦਿਆਰਥੀਆਂ ਨੂੰ ਕਿਸੇ ਹਾਲ ਜਾਂ ਪੰਡਾਲ ਵਿਚ ਇਕੱਠੇ ਕਰ ਲਿਆ ਜਾਂਦਾ ਸੀ। ਇਸ ਇਕੱਠ ਨੂੰ ਬਾਲ-ਸਭਾ ਦਾ ਨਾਂ ਦਿੱਤਾ ਜਾਂਦਾ ਸੀ ਜਿਸ ਵਿਚ ਬੱਚਿਆਂ ਨੂੰ ਆਪਾ ਪ੍ਰਗਟਾਉਣ/ਚਮਕਾਉਣ ਦੇ ਮੌਕੇ ਪ੍ਰਾਪਤ ਹੁੰਦੇ ਸਨ....**



## ਬਾਲ ਕੈਨਵਸ





ਨਾਂ : ਚਮਕੌਰ ਸਿੰਘ
ਜਮਾਤ : ਪੰਜਵੀਂ
ਪਤਾ : ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਸੰਗਰੂਰ।






ਨਾਂ : ਮਨਦੀਪ ਕੌਰ
ਜਮਾਤ : ਪੰਜਵੀਂ
ਪਤਾ : ਗੁਰੂ ਅਮਰਦਾਸ ਆਦਰਸ਼ ਇੰਸਟੀਟਿਊਟ, ਫਤਹਿਬਾਦ।




ਨਾਂ : ਲਵਪ੍ਰੀਤ ਸਿੰਘ ਮਾਧਰੂ
ਜਮਾਤ : ਛੇਵੀਂ
ਪਤਾ : ਗੁਰੂ ਨਾਨਕ ਇੰਟਰਨੈਸ਼ਨਲ ਸਕੂਲ, ਲੁਧਿਆਣਾ।






ਨਾਂ : ਸ਼ਿਵਮ
ਜਮਾਤ : ਚੌਥੀ
ਪਤਾ : ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਲੌਂਗੋਵਾਲ।



ਨਾਂ : ਹਰਿੰਦਰ
ਜਮਾਤ : ਸੱਤਵੀਂ
ਪਤਾ : ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਸਮਾਓਂ।

## ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੀ ਸ਼ਤਾਬਦੀ ਨੂੰ ਪੰਜਾਬ ਸਰਕਾਰ ਵੱਲੋਂ ਵੀ ਨਿਮਾਣੇ ਸ਼ਰਧਾਲੂ ਵਜੋਂ ਵੱਡੇ ਪੱਧਰ 'ਤੇ ਮਨਾਇਆ ਜਾ ਰਿਹੈ : ਜੌੜਾਮਾਜਰਾ



**ਸਮਾਣਾ, 12 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਪਿੰਡ ਲਲੌਛੀ ਤੇ ਨਵੀਂ ਲਲੌਛੀ ਵਿਖੇ ਸਥਿਤ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਚਰਨਛੋਹ ਅਸਥਾਨ ਗੁਰਦੁਆਰਾ ਸ੍ਰੀ ਬੇਰ ਸਾਹਿਬ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਮਹਾਨ ਗੁਰਮਤਿ ਸਮਾਗਮ ਕਰਵਾਇਆ ਗਿਆ। ਇਸ ਮੌਕੇ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਗੁਰਿਆਈ ਦਿਵਸ ਦੇ 350 ਸਾਲਾ ਸਮੇਤ ਮਾਈ ਮਤੀ ਦਾਸ, ਭਾਈ ਸਤੀ ਦਾਸ ਤੇ ਭਾਈ ਦਿਆਲਾ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਪੂਰੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਮੌਕੇ ਮਹਾਨ ਵਿਦਵਾਨ, ਕਥਾਵਾਚਕਾਂ ਤੇ ਕਾਰ ਸੇਵਾ ਵਾਲੇ ਮਹਾਂਪੁਰਖਾਂ ਨੇ ਪਹੁੰਚ ਕੇ ਸੰਗਤ ਨੂੰ ਗੁਰੂ ਸਾਹਿਬ ਦੇ ਇਤਿਹਾਸ ਨਾਲ ਜੋੜਿਆ।

ਸਮਾਗਮ ਦੌਰਾਨ ਸਮਾਣਾ ਦੇ ਵਿਧਾਇਕ ਚੇਤਨ ਸਿੰਘ ਜੌੜਮਾਜਰਾ ਅਤੇ ਪਟਿਆਲਾ ਦੇ ਐਸ.ਡੀ.ਐਮ. ਹਰਜੋਤ ਕੌਰ ਮਾਵੀ ਤੇ ਬੀਡੀਪੀਓ ਸੁਖਵਿੰਦਰ ਸਿੰਘ ਟਿਵਾਣਾ ਵੀ ਸ਼ਰਧਾਲੂਆਂ ਦੀ ਤਰ੍ਹਾਂ ਸ਼ਿਰਕਤ ਕਰਦੇ ਹੋਏ ਗੁਰੂ ਸਾਹਿਬ ਨੂੰ ਨਤਮਸਤਕ ਹੋਏ। ਇਸ ਮੌਕੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਟੇਕ ਸਿੰਘ ਧਨੌਲਾ, ਸ਼੍ਰੋਮਣੀ ਗੁਰਦੁਆਰ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ, ਗੁਰਦੁਆਰਾ ਸ੍ਰੀ ਦੁੱਖ ਨਿਵਾਰਨ ਸਾਹਿਬ ਦੇ ਹੈਡ ਗ੍ਰੰਥੀ ਗਿਆਨੀ ਪ੍ਰਨਾਮ ਸਿੰਘ ਸਮੇਤ ਭਾਈ ਗੁਰਜਿੰਦਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਤੇ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਨੇ ਗੁਰਬਾਣੀ ਤੇ ਗੁਰੂ ਇਤਿਹਾਸ ਤੋਂ ਜਾਣੂ ਕਰਵਾਇਆ।

ਹਲਕਾ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵਲੋਂ ਇੱਕ ਨਿਮਾਣੇ ਸ਼ਰਧਾਲੂ ਵਜੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੇ 350 ਸਾਲਾ ਸ਼ਤਾਬਦੀ ਨੂੰ ਸਮਰਪਿਤ ਸਮਾਗਮ ਕਰਵਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਹਲਕੇ ਦੇ ਪਿੰਡ ਲਲੌਛੀ ਵਿਖੇ ਵੀ ਇਹ ਵਿਸ਼ੇਸ਼ ਧਾਰਮਿਕ ਸਮਾਗਮ ਕਰਵਾਇਆ ਗਿਆ ਹੈ, ਜਿਸ ਵਿਚ ਇਲਾਕੇ ਤੋਂ ਵੱਡੀ ਗਿਣਤੀ ਵਿੱਚ ਸੰਗਤ ਨੇ ਸ਼ਿਰਕਤ ਕੀਤੀ।ਉਨ੍ਹਾਂ ਕਿਹਾ ਕਿ 21 ਨਵੰਬਰ ਨੂੰ ਸ੍ਰੀ ਦਮਦਮਾ ਸਾਹਿਬ ਤੋਂ ਪਟਿਆਲਾ ਪੁੱਜ ਰਹੇ ਨਗਰ ਕੀਰਤਨ ਦੇ ਸਵਾਗਤ ਲਈ ਸੰਗਤ ਵਿੱਚ ਬਹੁਤ ਉਤਸ਼ਾਹ ਹੈ। ਇਸ ਮੌਕੇ ਪਿੰਡ ਪੰਚਾਇਤ ਅਤੇ ਇਲਾਕਾ ਨਿਵਾਸੀ ਸੰਗਤ ਨੇ ਪੂਰੇ ਉਤਸ਼ਾਹ ਨਾਲ ਗੁਰਪੁਰਬ ਮਨਾਉਣ ਲਈ ਗੁਰੂ ਘਰ ਵਿਖੇ ਹਾਜ਼ਰੀ ਭਰੀ।

## ਐਮ.ਐਲ.ਏ. ਜੌੜਾਮਾਜਰਾ ਵੱਲੋਂ ਪਿੰਡ ਡਕਾਲਾ 'ਚ 1.50 ਕਰੋੜ ਰੁਪਏ ਦੀ ਲਾਗਤ ਵਾਲੇ ਵਿਕਾਸ ਕਾਰਜਾਂ ਦਾ ਉਦਘਾਟਨ

### ➢ ਸਮਾਣਾ ਹਲਕੇ ਦੇ ਹਰ ਪਿੰਡ ਦਾ ਕੀਤਾ ਜਾ ਰਿਹਾ ਹੈ ਬਿਨ੍ਹਾਂ ਵਿਤਕਰੇ ਤੋਂ ਬਹੁਪੱਖੀ ਵਿਕਾਸ ➢ ਜੰਗੀ ਪੱਧਰ 'ਤੇ ਹੋ ਰਹੇ ਹਨ ਵਿਕਾਸ ਕਾਰਜ : ਜੌੜਾਮਾਜਰਾ

**ਸਮਾਣਾ, ਡਕਾਲਾ, 12 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਸਮਾਣਾ ਹਲਕੇ ਦੇ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਨੇ ਅੱਜ ਆਪਣੇ ਹਲਕੇ ਦੇ ਪਿੰਡ ਡਕਾਲਾ ਵਿਖੇ 1.50 ਕਰੋੜ ਰੁਪਏ ਦੀ ਲਾਗਤ ਵਾਲੇ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ ਹੈ। ਇਸ ਮੌਕੇ ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਰੰਗਲਾ ਪੰਜਾਬ ਤਹਿਤ ਸਮਾਣਾ ਹਲਕੇ ਦੇ ਹਰ ਪਿੰਡ ਤੇ ਸਮਾਣਾ ਸ਼ਹਿਰ ਵਿੱਚ ਬਿਨ੍ਹਾਂ ਕਿਸੇ ਵਿਤਕਰੇ ਤੋਂ ਵਿਕਾਸ ਕਾਰਜ ਜੰਗੀ ਪੱਧਰ 'ਤੇ ਕਰਵਾਏ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਹਲਕੇ ਅੰਦਰ 30 ਖੇਡਾਂ ਦੇ ਮੈਦਾਨ ਬਣਾਂਏ ਜਾ ਰਹੇ ਹਨ ਤੇ ਇਸ ਲਈ ਟੈਂਡਰ ਲੱਗ ਚੁੱਕਾ ਹੈ।

ਵਿਧਾਇਕ ਜੌੜਾਮਾਜਰਾ ਨੇ ਦੱਸਿਆ ਕਿ ਇਕੱਲੀਆਂ 100 ਦਿਹਾਤੀ ਲਿੰਕ ਸੜਕਾਂ ਦੇ ਨਵ ਨਿਰਮਾਣ ਤੇ ਮੁਰੰਮਤ ਲਈ 32.17 ਕਰੋੜ ਰੁਪਏ ਨਾਲ ਕੰਮ ਤੇਜੀ ਨਾਲ ਮੁਕੰਮਲ ਕੀਤੇ ਜਾ ਰਹੇ ਹਨ ਜਦੋਂਕਿ ਹੋਰ ਬਾਕੀ ਕੰਮ ਤੇ ਚਹੁੰਤਰਫ਼ਾ ਵਿਕਾਸ ਕਰਵਾਉਣਾ ਉਨ੍ਹਾਂ ਦੀ ਮੁਢਲੀ ਤਰਜੀਹ ਹੈ। ਵਿਧਾਇਕ ਜੌੜਾਮਾਜਰਾ ਨੇ ਦੱਸਿਆ ਕਿ ਨਵੇਂ ਤੇ ਪੁਰਾਣੇ ਡਕਾਲਾ ਲਈ ਪੰਚਾਇਤ ਘਰ ਬਣਾਉਣ ਵਾਸਤੇ 25 ਲੱਖ ਰੁਪਏ ਦੀ ਮਨਜ਼ੂਰੀ ਦਾ ਪੱਤਰ ਸੌਂਪਿਆ ਗਿਆ ਹੈ ਅਤੇ ਪਿੰਡ 'ਚ ਸੀਵਰੇਜ ਪ੍ਰਣਾਲੀ ਸਮੇਤ 78.65 ਲੱਖ ਰੁਪਏ ਦੀ ਲਾਗਤ ਕੰਕਰੀਟ ਦੀ ਬਣਾਈ ਗਈ ਵੱਡੀ ਫਿਰਨੀ ਬਣਾਈ ਗਈ ਹੈ। ਇਸ ਤੋਂ ਇਲਾਵਾ ਹਲਕੇ ਦੇ ਇਸ ਵੱਡੇ ਪਿੰਡ ਡਕਾਲਾ ਲਈ ਗਰਾਊਂਡ, ਸੀਵਰੇਜ, ਛੱਪੜਾਂ, ਪਾਣੀ ਦੀ ਨਿਕਾਸੀ, ਬਣਨ ਵਾਲੇ ਰਸਤਿਆਂ ਦਾ ਕੋਈ ਵੀ ਕੰਮ ਬਕਾਇਆ ਨਹੀਂ ਰਹੇਗਾ।



ਚੇਤਨ ਸਿੰਘ ਜੌੜਾਮਾਜਰਾ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਵਿਸ਼ੇਸ਼ ਧੰਨਵਾਦ ਕਰਦਿਆਂ ਦੱਸਿਆ ਕਿ ਪੰਜਾਬ ਸਰਕਾਰ ਦੀ ਪਹਿਲਕਦਮੀ ਸਦਕਾ ਸਮਾਣਾ ਹਲਕੇ ਵਿੱਚ ਕੋਈ ਵਿਕਾਸ ਕਾਰਜ ਬਕਾਇਆ ਨਹੀਂ ਰਹੇਗਾ। ਉਨ੍ਹਾਂ ਦੱਸਿਆ ਕਿ ਯੁੱਧ ਨਸ਼ਿਆਂ ਵਿਰੁੱਧ ਪਹਿਲਕਦਮੀ ਨੂੰ ਵੀ ਲੋਕਾਂ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ ਅਤੇ ਸੂਬੇ ਵਿੱਚ ਸਿਹਤ, ਸਿੱਖਿਆ ਤੇ ਰੋਜ਼ਗਾਰ ਨੂੰ ਦਿੱਤੀ ਤਰਜੀਹ ਦੇ ਵੀ ਨਤੀਜੇ ਸਾਹਮਣੇ ਆ ਰਹੇ ਹਨ।

ਇਸ ਮੌਕੇ ਗੁਰਦੇਵ ਸਿੰਘ ਟਿਵਾਣਾ, ਮਨਿੰਦਰ ਸਿੰਘ ਬਲਾਕ ਪ੍ਰਧਾਨ, ਬੀਡੀਪੀਓ ਸੁਖਵਿੰਦਰ ਸਿੰਘ ਟਿਵਾਣਾ, ਸਰਪੰਚ ਹਰਕਿੰਦਰ ਸਿੰਘ, ਸਰਪੰਚ ਅਮਰਦੀਪ ਸਿੰਘ, ਕੁਲਜੀਤ ਸਿੰਘ ਰੰਧਾਵਾ, ਮਨਬੀਰ ਸਿੰਘ ਡਕਾਲਾ, ਪਵਿੱਤਰ ਸਿੰਘ, ਅੰਮ੍ਰਿਤ ਸਿੰਘ ਤਲਵੰਡੀ, ਜੇਈ ਸੁਨੀਲ ਕੁਮਾਰ, ਪੰਚਾਇਤ ਸਕੱਤਰ ਅਸ਼ੋਕ ਕੁਮਾਰ ਸਮੇਤ ਹੋਰ ਪਿੰਡਾਂ ਦੇ ਮੋਹਤਬਰ ਮੌਜੂਦ ਸਨ।

## ਸਰਕਾਰੀ ਸਕੂਲਾਂ 'ਚ ਵਿਦਿਆਰਥੀਆਂ ਨੂੰ ਸਵੇਰ ਦੀ ਸਭਾ ਮੌਕੇ ਸ਼ਰਧਾ ਭਾਵਨਾ ਨਾਲ ਗੁਰੂ ਸਾਹਿਬ ਦੇ ਜੀਵਨ ਤੇ ਸਿੱਖਿਆਵਾਂ ਦਾ ਪਾਠ ਪੜ੍ਹਾਇਆ



**ਪਟਿਆਲਾ, 12 ਨਵੰਬਰ -ਅਮਰਜੀਤ ਸਿੰਘ ਲਾਂਬਾ- -ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਵਿਦਿਆਰਥੀਆਂ ਲਈ 15-ਦਿਨਾ ਵਿਦਿਅਕ ਪਾਠਕ੍ਰਮ ਦੀ ਯੋਜਨਾ ਉਲੀਕੀ ਤਹਿਤ ਅੱਜ ਜ਼ਿਲ੍ਹੇ ਦੇ ਸਮੂਹ ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਹਾੜੇ ਸਬੰਧੀ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਭੇਜੀ ਲੈਕਚਰ ਲੜੀ ਵਿੱਚੋਂ ਪਹਿਲਾ ਲੈਕਚਰ 'ਪ੍ਰਕਾਸ਼ ਸ੍ਰੀ ਗੁਰੂ ਤੇਗ ਬਹਾਦਰ ਜੀ' ਸੁਣਾਇਆ ਗਿਆ ਹੈ।

ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸਦੀਵੀ ਵਿਰਾਸਤ ਨੂੰ ਸਿਜਦਾ ਕਰਦਿਆਂ ਉਨ੍ਹਾਂ ਦੀ ਲਾਸਾਨੀ ਸ਼ਹਾਦਤ, ਸੱਚ ਦੇ ਰਾਹ 'ਤੇ ਚੱਲਣ ਦੇ ਸਿਧਾਂਤ ਅਤੇ ਧਾਰਮਿਕ ਆਜ਼ਾਦੀ ਦੇ ਸੰਦੇਸ਼ ਨੂੰ ਸਮੁੱਚੀ ਮਨੁੱਖਤਾ ਤੱਕ ਪਹੁੰਚਾਉਣ ਲਈ ਗੁਰੂ ਸਾਹਿਬ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਮਾਗਮ ਬਹੁਤ ਸ਼ਰਧਾ ਭਾਵਨਾ ਨਾਲ ਕਰਵਾਏ ਜਾ ਰਹੇ ਹਨ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਨ੍ਹਾਂ ਸਮਾਗਮਾਂ ਨੂੰ ਅਜਿਹੇ ਤਰੀਕੇ ਨਾਲ ਉਲੀਕਿਆ ਗਿਆ ਹੈ ਕਿ ਹਰ ਉਮਰ ਵਰਗ ਖ਼ਾਸ ਤੌਰ 'ਤੇ ਨੌਜਵਾਨ ਅਤੇ ਵਿਦਿਆਰਥੀ ਇਨ੍ਹਾਂ ਦਾ ਹਿੱਸਾ ਬਣ ਸਕਣ, ਇਸੇ ਤਹਿਤ ਹੀ ਸਕੂਲਾਂ ਵਿੱਚ ਵੀ ਵਿਸ਼ੇਸ਼ ਲੈਕਚਰ ਕਰਵਾਏ ਜਾ ਰਹੇ ਹਨ।ਉਨ੍ਹਾਂ ਦੱਸਿਆ ਕਿ ਅੱਜ ਤੋਂ ਪੰਜਾਬ ਦੇ ਸਾਰੇ ਸਕੂਲਾਂ ਵਿੱਚ ਨਰਸਰੀ ਤੋਂ ਲੈ ਕੇ ਬਾਰ੍ਹਵੀਂ ਜਮਾਤ ਤੱਕ 15-ਦਿਨਾਂ ਦਾ ਲਾਜ਼ਮੀ ਵਿਦਿਅਕ ਪਾਠਕ੍ਰਮ ਸ਼ੁਰੂ ਕੀਤਾ ਗਿਆ ਹੈ।

ਇਸ ਬਾਰੇ ਹੋਰ ਵਿਸਥਾਰ ਨਾਲ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਸਿੱਖਿਆ ਅਫ਼ਸਰ ਸੰਜੀਵ ਕੁਮਾਰ ਨੇ ਦੱਸਿਆ ਕਿ ਇਹ ਲੈਕਚਰ ਅੱਜ ਸ਼ੁਰੂ ਹੋ ਗਏ ਹਨ ਅਤੇ ਇਹ ਲਗਾਤਾਰ 27 ਨਵੰਬਰ ਤੱਕ ਜਾਰੀ ਰਹਿਣਗੇ ਅਤੇ ਰੋਜ਼ਾਨਾ ਹੀ ਵਿਦਿਆਰਥੀਆਂ ਨੂੰ ਸਵੇਰ ਦੀ ਸਭਾ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ, ਮਾਤਾ ਗੁਜਰੀ ਦੇ ਜੀਵਨ ਨਾਲ ਰੂਬਰੂ ਕਰਵਾਉਣ ਸਮੇਤ ਭਾਈ ਮਤੀ ਦਾਸ, ਭਾਈ ਸਤੀ ਦਾਸ ਤੇ ਭਾਈ ਦਿਆਲਾ ਜੀ ਦੀ ਕੁਰਬਾਨੀ ਬਾਰੇ ਜਾਣੂ ਕਰਵਾਇਆ ਜਾਵੇਗਾ।

ਜ਼ਿਲ੍ਹਾ ਸਿੱਖਿਆ ਅਫ਼ਸਰ ਨੇ ਦੱਸਿਆ ਕਿ ਅੱਜ ਸਵੇਰ ਦੀ ਸਭਾ ਦੌਰਾਨ 10-12 ਮਿੰਟ ਦਾ ਪਹਿਲਾਂ ਤੋਂ ਰਿਕਾਰਡ ਕੀਤਾ ਪਾਠ ਸਰਵਣ ਕਰਵਾਇਆ ਗਿਆ, ਜਿਸ ਵਿੱਚ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਪ੍ਰਕਾਸ਼ ਬਾਰੇ ਦੱਸਿਆ ਗਿਆ ਹੈ।ਉਨ੍ਹਾਂ ਕਿਹਾ ਕਿ ਇਸ ਦੌਰਾਨ ਵਿਦਿਆਰਥੀਆਂ ਉਤਸ਼ਾਹ ਨਾਲ ਗੁਰੂ ਸਾਹਿਬ ਦੇ ਜੀਵਨ ਦੇ ਪਹਿਲੇ ਪ੍ਰਸੰਗ ਬਾਰੇ ਜਾਣਕਾਰੀ ਹਾਸਲ ਕੀਤੀ ਹੈ।

## ਆਸਾਰਾਮ ਜੀ ਬਾਪੂ ਨੂੰ ਛੇ ਮਹੀਣੇ ਦੀ ਰੈਗੂਲਰ ਜਮਾਨਤ ਮਿਲਣ ਦੇ ਉਪਰਾਤ ਸਾਧਕਾਂ ਵਿੱਚ ਖ਼ੁਸ਼ੀ ਦੀ ਲਹਿਰ



**ਪਟਿਆਲਾ, 12 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਹਿੰਦੂ ਸੰਸਕਰਿਤੀ ਦੇ ਰਖਵਾਲੇ ਪੁਜਨੀਕ ਆਸਾਰਾਮ ਜੀ ਬਾਪੂ ਨੂੰ ਛੇ ਮਹੀਣੇ ਦੀ ਰੈਗੂਲਰ ਜਮਾਨਤ ਮਿਲਣ ਦੇ ਉਪਰਾਤ ਦੇਸ਼ ਵਿਦੇਸ਼ ਵਿੱਚ ਰਹਿ ਰਹੇ ਸਾਧਕਾ ਵਿੱਚ ਖ਼ੁਸ਼ੀ ਦੀ ਲਹਿਰ ਦੋੜ ਰਹੀ ਹੈ, ਜਿਸ ਕਾਰਣ ਸਾਧਕਾਂ ਨੇ ਬਾਪੂ ਜੀ ਨੂੰ ਜਮਾਨਤ ਮਿਲਣ ਦੇ ਮੌਕੇ 'ਤੇ ਸੰਤ ਸ੍ਰੀ ਆਸਾਰਾਮ ਜੀ ਆਸਰਮ ਟਰਸਟ ਪਟਿਆਲਾ ਸ਼ਾਖਾ ਦੇ ਸਾਰੇ ਸਾਧਕਾਂ ਨੇ ਖੁਸੀਆਂ ਮਨਾਉਦੇ ਹੋਏ ਬੜੇ ਹੀ ਉਤਸਾਹ ਨਾਲ ਦਿਵਯ ਸਮਾਰੋਹ ਦਿਵਸ ਪਟਿਆਲਾ ਆਸ਼ਰਮ ਵਿੱਚ ਨੂੰ ਮਨਾਇਆ ਅਤੇ ਸਾਰੇ ਸਾਧਕਾਂ ਨੇ ਓਹਨਾ ਸਾਰੇ ਸਜਣ ਪੂਰਸਾਂ ਦਾ ਧੰਨਵਾਦ ਕੀਤਾ ਜਿਹਨਾਂ ਨੇ ਬਾਪੂ ਜੀ ਨੂੰ ਜਮਾਨਤ ਦਿਲਵਾਉਣ ਵਿੱਚ ਅਹੱਮ ਭੂਮਿਕਾ ਨਿਭਾਈ। ਪ੍ਰਧਾਨ ਪ੍ਰੇਮ ਸਿੰਘ ਸੌਖਲ ਨੇ ਦੱਸਿਆ ਕਿ ਆਸ਼ਰਮ ਵਿੱਚ ਪੂਜਨੀਕ ਸੰਤ ਬਾਪੂ ਜੀ ਦੇ ਜਮਾਨਤ ਦੀ ਖ਼ੁਸ਼ੀ ਦਾ ਸਵਾਗਤ ਇਸ ਤਰਾਂ ਲਗ ਰਿਹਾ ਸੀ। ਜਿਵੇਂ ਕਿ ਸਾਰੇ ਸਾਧਕ ਸੱਚ ਮੁਚ ਦਿਵਾਲੀ ਮਨਾ ਰਹੇ ਹੋਣ, ਆਸ਼ਰਮ ਦਾ ਮਹੋਲ ਦੇਖਣ ਲਾਇਕ ਸੀ, ਇਸ ਮੌਕੇ ਸ੍ਰੀ ਯੌਗ ਵੇਂਦਾਤ ਸੇਵਾ ਸਮਿਤੀ ਅਤੇ ਨਾਰੀ ਉਤਥਾਣ ਮੰਡਲ ਦੇ ਸਾਰੇ ਮੈਂਬਰ ਅਤੇ ਸੇਵਾਦਾਰ ਹਾਜਰ ਸਨ।

## ਪਿੰਡ ਡਕਾਲਾ 'ਚ 1.50 ਕਰੋੜ ਰੁਪਏ ਦੀ ਲਾਗਤ ਵਾਲੇ ਵਿਕਾਸ ਕਾਰਜਾਂ ਦਾ ਵਿਧਾਇਕ ਜੋੜੇ ਮਾਜਰਾ ਨੇ ਕੀਤਾ ਉਦਘਾਟਨ

**ਪਟਿਆਲਾ, 12 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**

:ਸਮਾਣਾ ਹਲਕੇ ਦੇ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਨੇ ਅੱਜ ਆਪਣੇ ਹਲਕੇ ਦੇ ਪਿੰਡ ਡਕਾਲਾ ਵਿਖੇ 1.50 ਕਰੋੜ ਰੁਪਏ ਦੀ ਲਾਗਤ ਵਾਲੇ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ ਹੈ। ਇਸ ਮੌਕੇ ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਰੰਗਲਾ ਪੰਜਾਬ ਤਹਿਤ ਸਮਾਣਾ ਹਲਕੇ ਦੇ ਹਰ ਪਿੰਡ ਤੇ ਸਮਾਣਾ ਸ਼ਹਿਰ ਵਿੱਚ ਬਿਨ੍ਹਾਂ ਕਿਸੇ ਵਿਤਕਰੇ ਤੋਂ ਵਿਕਾਸ ਕਾਰਜ ਜੰਗੀ ਪੱਧਰ 'ਤੇ ਕਰਵਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਹਲਕੇ ਅੰਦਰ 30 ਖੇਡਾਂ ਦੇ ਮੈਦਾਨ ਬਣਾਂਏ ਜਾ ਰਹੇ ਹਨ ਤੇ ਇਸ ਲਈ ਟੈਂਡਰ ਲੱਗ ਚੁੱਕਾ ਹੈ।

ਵਿਧਾਇਕ ਜੌੜਾਮਾਜਰਾ ਨੇ ਦੱਸਿਆ ਕਿ ਇਕੱਲੀਆਂ 100 ਦਿਹਾਤੀ ਲਿੰਕ ਸੜਕਾਂ ਦੇ ਨਵ ਨਿਰਮਾਣ ਤੇ ਮੁਰੰਮਤ ਲਈ 32.17 ਕਰੋੜ ਰੁਪਏ ਨਾਲ ਕੰਮ ਤੇਜੀ ਨਾਲ ਮੁਕੰਮਲ ਕੀਤੇ ਜਾ ਰਹੇ ਹਨ ਜਦੋਂਕਿ ਹੋਰ ਬਾਕੀ ਕੰਮ ਤੇ ਚਹੁੰਤਰਫ਼ਾ ਵਿਕਾਸ ਕਰਵਾਉਣਾ ਉਨ੍ਹਾਂ ਦੀ ਮੁਢਲੀ ਤਰਜੀਹ ਹੈ।



ਵਿਧਾਇਕ ਜੌੜਾਮਾਜਰਾ ਨੇ ਦੱਸਿਆ ਕਿ ਨਵੇਂ ਤੇ ਪੁਰਾਣੇ ਡਕਾਲਾ ਲਈ ਪੰਚਾਇਤ ਘਰ ਬਣਾਉਣ ਵਾਸਤੇ 25 ਲੱਖ ਰੁਪਏ ਦੀ ਮਨਜ਼ੂਰੀ ਦਾ ਪੱਤਰ ਸੌਂਪਿਆ ਗਿਆ ਹੈ ਅਤੇ ਪਿੰਡ 'ਚ ਸੀਵਰੇਜ ਪ੍ਰਣਾਲੀ ਸਮੇਤ 78.65 ਲੱਖ ਰੁਪਏ ਦੀ ਲਾਗਤ ਕੰਕਰੀਟ ਦੀ ਬਣਾਈ ਗਈ ਵੱਡੀ ਫਿਰਨੀ ਬਣਾਈ ਗਈ ਹੈ। ਇਸ ਤੋਂ ਇਲਾਵਾ ਹਲਕੇ ਦੇ ਇਸ ਵੱਡੇ ਪਿੰਡ ਡਕਾਲਾ ਲਈ ਗਰਾਊਂਡ, ਸੀਵਰੇਜ, ਛੱਪੜਾਂ, ਪਾਣੀ ਦੀ ਨਿਕਾਸੀ, ਬਣਨ ਵਾਲੇ ਰਸਤਿਆਂ ਦਾ ਕੋਈ ਵੀ ਕੰਮ ਬਕਾਇਆ ਨਹੀਂ ਰਹੇਗਾ।

ਚੇਤਨ ਸਿੰਘ ਜੌੜਾਮਾਜਰਾ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਵਿਸ਼ੇਸ਼ ਧੰਨਵਾਦ ਕਰਦਿਆਂ ਦੱਸਿਆ ਕਿ ਪੰਜਾਬ ਸਰਕਾਰ ਦੀ ਪਹਿਲਕਦਮੀ ਸਦਕਾ ਸਮਾਣਾ ਹਲਕੇ ਵਿੱਚ ਕੋਈ ਵਿਕਾਸ ਕਾਰਜ ਬਕਾਇਆ ਨਹੀਂ ਰਹੇਗਾ। ਉਨ੍ਹਾਂ ਦੱਸਿਆ ਕਿ ਯੁੱਧ ਨਸ਼ਿਆਂ ਵਿਰੁੱਧ ਪਹਿਲਕਦਮੀ ਨੂੰ ਵੀ ਲੋਕਾਂ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ ਅਤੇ ਸੂਬੇ ਵਿੱਚ ਸਿਹਤ, ਸਿੱਖਿਆ ਤੇ ਰੋਜ਼ਗਾਰ ਨੂੰ ਦਿੱਤੀ ਤਰਜੀਹ ਦੇ ਵੀ ਨਤੀਜੇ ਸਾਹਮਣੇ ਆ ਰਹੇ ਹਨ।

ਇਸ ਮੌਕੇ ਗੁਰਦੇਵ ਸਿੰਘ ਟਿਵਾਣਾ, ਮਨਿੰਦਰ ਸਿੰਘ ਬਲਾਕ ਪ੍ਰਧਾਨ, ਬੀਡੀਪੀਓ ਸੁਖਵਿੰਦਰ ਸਿੰਘ ਟਿਵਾਣਾ, ਸਰਪੰਚ ਹਰਕਿੰਦਰ ਸਿੰਘ, ਸਰਪੰਚ ਅਮਰਦੀਪ ਸਿੰਘ, ਕੁਲਜੀਤ ਸਿੰਘ ਰੰਧਾਵਾ, ਮਨਬੀਰ ਸਿੰਘ ਡਕਾਲਾ ਮੌਜੂਦ ਸਨ।

## ਯਾਤਰਾ ਵਿੱਚ ਰੁਕਾਵਟਾਂ ਅਤੇ ਸਿਹਤ ਸੰਬੰਧੀ ਚਿੰਤਾਵਾਂ ਸਭ ਤੋਂ ਵੱਧ ਬੀਮਾ ਦਾਅਵਿਆਂ: ਟਾਟਾ ਏਆਈਜੀ

**ਅੰਮ੍ਰਿਤਸਰ, 12 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਜਿਵੇਂ ਕਿ ਦੁਨੀਆ ਭਰ ਦੇ ਲੋਕ ਅੱਜ ਯਾਤਰਾ ਦੀ ਖ਼ੁਸ਼ੀ ਦਾ ਜਸ਼ਨ ਮਨਾ ਰਹੇ ਹਨ, ਵਿਸ਼ਵ ਸੈਰ-ਸਪਾਟਾ ਦਿਵਸ 'ਤੇ, ਭਾਰਤ ਦੀਆਂ ਪ੍ਰਮੁੱਖ ਜਨਰਲ ਬੀਮਾ ਕੰਪਨੀਆਂ ਵਿੱਚੋਂ ਇੱਕ, ਟਾਟਾ ਏਆਈਜੀ ਜਨਰਲ ਇੰਸ਼ੋਰੈਂਸ ਕੰਪਨੀ ਲਿਮਟਿਡ ਨੇ ਨਵਾਂ ਡੇਟਾ ਜਾਰੀ ਕੀਤਾ ਹੈ ਜੋ ਯਾਤਰਾ ਸੁਰੱਖਿਆ ਲਈ ਯਾਤਰਾ ਬੀਮੇ ਦੇ ਵਧ ਰਹੇ ਮਹੱਤਵ ਨੂੰ ਉਜਾਗਰ ਕਰਦਾ ਹੈ।

ਡਾ. ਚੰਦਰਕਾਂਤ ਸਈਦ, ਵਾਈਸ ਪ੍ਰੈਜ਼ੀਡੈਂਟ, ਕੰਜ਼ਿਊਮਰ ਅੰਡਰਰਾਈਟਿੰਗ, ਟਾਟਾ ਏਆਈਜੀ ਜਨਰਲ ਇੰਸ਼ੋਰੈਂਸ, ਨੇ ਕਿਹਾ, ÷ਯਾਤਰਾ ਕਦੇ ਵੀ ਜ਼ਿਆਦਾ ਆਰਾਮਦਾਇਕ ਨਹੀਂ ਰਹੀ, ਪਰ ਬਰਾਬਰ ਮਹੱਤਵਪੂਰਨ, ਇਹ ਕਦੇ ਵੀ ਜ਼ਿਆਦਾ ਅਣਪਛਾਤੀ ਨਹੀਂ ਰਹੀ। ਵਿਦੇਸ਼ ਯਾਤਰਾ ਦੌਰਾਨ ਗਾਹਕਾਂ ਦੁਆਰਾ ਦਰਪੇਸ਼ ਵੱਡੀਆਂ ਅਸੁਵਿਧਾਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਕੁਦਰਤੀ ਆਫ਼ਤਾਂ ਅਤੇ ਬਦਲਦੇ ਵਿਸ਼ਵ ਵਾਤਾਵਰਣ ਨੇ ਯਾਤਰਾ ਨੂੰ ਹੋਰ ਵੀ ਅਨਿਸ਼ਚਿਤ ਬਣਾ ਦਿੱਤਾ ਹੈ। ਵਿਸ਼ਵ ਸੈਰ-ਸਪਾਟਾ ਦਿਵਸ 'ਤੇ, ਅਸੀਂ ਯਾਤਰੀਆਂ ਨੂੰ ਯਾਦ ਦਿਵਾਉਣਾ ਚਾਹੁੰਦੇ ਹਾਂ ਕਿ ਵਿਆਪਕ ਯਾਤਰਾ ਬੀਮਾ ਇਨ੍ਹਾਂ ਚੁਣੌਤੀਆਂ ਦਾ ਹੱਲ ਕਰਨ ਦਾ ਸਭ ਤੋਂ ਵਧੀਆ ਤਰੀਕਾ ਹੈ, ਇੱਕ ਸੁਰੱਖਿਅਤ ਅਤੇ ਤਣਾਅ-ਮੁਕਤ ਯਾਤਰਾ ਨੂੰ ਯਕੀਨੀ ਬਣਾਉਂਦਾ ਹੈ।÷ ਟਾਟਾ ਏਆਈਜੀ ਦੇ ਦਾਅਵਿਆਂ ਦਾ ਵਿਸ਼ਲੇਸ਼ਣ ਯਾਤਰਾ ਬੀਮੇ ਵਿੱਚ ਇੱਕ ਆਮ ਰੁਝਾਨ ਨੂੰ ਦਰਸਾਉਂਦਾ ਹੈ: ਸਮਾਨ ਵਿੱਚ ਦੇਰੀ ਅਤੇ ਉਡਾਣ ਵਿੱਚ ਦੇਰੀ ਕੁੱਲ ਯਾਤਰਾ ਬੀਮਾ ਦਾਅਵਿਆਂ ਦਾ 23% ਹੈ। ਮੈਡੀਕਲ ਐਮਰਜੈਂਸੀ, ਜਿਨ੍ਹਾਂ ਵਿੱਚ ਬਾਹਰੀ ਮਰੀਜ਼ਾਂ ਦੇ ਇਲਾਜ ਅਤੇ ਹਸਪਤਾਲ ਵਿੱਚ ਦਾਖਲ ਹੋਣ ਦੀ ਲੋੜ ਹੁੰਦੀ ਹੈ, ਕੁੱਲ ਦਾਅਵਿਆਂ ਦਾ 55% ਹੈ। ਇਹ ਦਰਸਾਉਂਦਾ ਹੈ ਕਿ ਜਦੋਂ ਕਿ ਸਿਹਤ ਨਾਲ ਸਬੰਧਤ ਜੋਖਮ ਦਾਅਵਿਆਂ ਵਿੱਚ ਮਹੱਤਵਪੂਰਨ ਯੋਗਦਾਨ ਪਾਉਂਦੇ ਹਨ, ਸੰਚਾਲਨ ਵਿੱਚ ਵਿਘਨ ਵੀ ਯਾਤਰੀਆਂ ਦੀ ਬੀਮੇ ਦੀ ਜ਼ਰੂਰਤ ਨੂੰ ਵਧਾ ਰਹੇ ਹਨ।

## ਜਨ ਹਿੱਤ ਸੰਮਤੀ ਵੱਲੋਂ ਕਰਵਾਈ ਜਾ ਰਹੀ 12ਵੀ ਹਾਫ ਮੈਰਾਥਨ ਦੌਰਾਨ ਪਟਿਆਲਾ ਵਾਸੀ ਵੱਧ ਚੜ੍ਹ ਕੇ ਭਾਗ ਲੈਣ : ਡੀ ਆਈ ਜੀ




**ਪਟਿਆਲਾ, 12 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਜ਼ਿਲ੍ਹੇ ਦੀ ਨਾਮਵਰ ਸਮਾਜ ਸੇਵੀ ਸੰਸਥਾ ਜਨ ਹਿੱਤ ਸੰਮਤੀ ਵਲੋਂ ਪ੍ਰਧਾਨ ਐਸ ਕੇ ਗੌਤਮ ਅਤੇ ਜਰਨਲ ਸਕੱਤਰ ਸਟੇਟ ਐਵਾਰਡੀ ਵਿਨੋਦ ਸ਼ਰਮਾ ਦੀ ਅਗਵਾਈ ਹੇਠ 16 ਨਵੰਬਰ ਨੂੰ ਕਰਵਾਈ ਜਾ ਰਹੀ 12 ਵੀ ਹਾਫ ਮੈਰਾਥਨ ਦੇ ਪੋਸਟਰ ਡੀ ਆਈ ਜੀ ਪਟਿਆਲਾ ਰੇਂਜ ਕੁਲਦੀਪ ਸਿੰਘ ਚਾਹਲ ਨੇ ਰਿਲੀਜ਼ ਕੀਤੇ ਗਏ। ਵਿਸ਼ੇਸ਼ ਤੌਰ ਤੇ ਇੰਸਪੈਕਟਰ ਹਰਸਪਾਲ ਸਿੰਘ ਚੈਹਿਲ ਰੀਡਰ ਡੀ ਆਈ ਜੀ ਪਟਿਆਲਾ ਰੇਂਜ,ਮੀਤ ਪ੍ਰਧਾਨ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ,ਪ੍ਰੈਸ ਸਕੱਤਰ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਕਰਮਜੀਤ ਸਿੰਘ ਖੇੜੀ ਨਿਗਾਹੀਆ ਨੇ ਸ਼ਿਰਕਤ ਕੀਤੀ।ਇਸ ਮੌਕੇ ਸੰਬੋਧਨ ਕਰਦਿਆ ਡੀ ਆਈ ਜੀ ਪਟਿਆਲਾ ਰੇਂਜ ਕੁਲਦੀਪ ਸਿੰਘ ਚਾਹਲ ਨੇ ਕਿਹਾ ਕਿ ਜਨ ਹਿੱਤ ਸੰਮਤੀ ਦੇ ਪ੍ਰਧਾਨ ਐਸ ਕੇ ਗੌਤਮ ਅਤੇ ਜਰਨਲ ਸਕੱਤਰ ਸਟੇਟ ਐਵਾਰਡੀ ਵਿਨੋਦ ਸ਼ਰਮਾ ਦੀ ਅਗਵਾਈ ਹੇਠ ਨਸ਼ਿਆਂ ਵਿਰੁੱਧ, ਵਾਤਾਵਰਣ ਸੁੱਧਤਾ, ਸਿਹਤ ਸੰਭਾਲ ਤਹਿਤ ਕਰਵਾਈ ਜਾ ਰਹੀ ਹਾਫ ਮੈਰਾਥਨ ਦੇ ਵਿੱਚ ਪਟਿਆਲਾ ਪੁਲਿਸ ਵੱਲੋਂ ਵੱਧ ਚੜ੍ਹਕੇ ਸਹਿਯੋਗ ਦਿੱਤਾ ਜਾਵੇਗਾ। ਉਹਨਾਂ ਪਟਿਆਲਾ ਵਾਸੀਆਂ ਨੂੰ ਵੱਧ ਚੜ੍ਹ ਕੇ ਹਿੱਸਾ ਲੈਣ ਪ੍ਰੇਰਿਤ ਕੀਤਾ।

ਉਹਨਾਂ ਕਿਹਾ ਕਿ ਜਨ ਹਿੱਤ ਸੰਮਤੀ ਵੱਲੋਂ ਜਿਥੇ ਪਟਿਆਲਾ ਸ਼ਹਿਰ ਦੇ ਵੱਖ ਵੱਖ ਪਾਰਕਾਂ ਦੀ ਸਾਂਭ ਸੰਭਾਲ, ਲੋੜਵੰਦ ਮਰੀਜਾਂ ਦੀ ਸਹੂਲਤ ਲਈ ਐਂਬੂਲੈਂਸ ਚਲਾਉਣੀਆਂ, ਅਤੇ ਹੋਰ ਕਈ ਸਮਾਜ ਸੇਵੀ ਕਾਰਜਾਂ ਨੂੰ ਕੀਤਾ ਜਾ ਰਿਹਾ ਹੈ ਉਹੋ ਬਹੁਤ ਹੀ ਸ਼ਲਾਘਾਯੋਗ ਉਪਰਾਲਾ ਹੈ। ਇਸ ਮੌਕੇ ਸਟੇਟ ਐਵਾਰਡੀ ਵਿਨੋਦ ਸ਼ਰਮਾ ਜਰਨਲ ਸਕੱਤਰ ਜਨ ਹਿੱਤ ਸੰਮਤੀ ਨੇ ਦੱਸਿਆ ਕਿ ਇਹ ਹਾਫ ਮੈਰਾਥਨ 21 ਕਿਲੋਮੀਟਰ,10 ਕਿਲੋਮੀਟਰ,5 ਕਿਲੋਮੀਟਰ ਜੋ ਕਿ ਚਿੱਪ ਰਾਹੀਂ ਕਰਵਾਈ ਜਾਵੇਗੀ ਅਤੇ ਜੇਤੂਆਂ ਨੂੰ ਨਕਦ ਇਨਾਮ, ਮੈਡਲ, ਸਰਟੀਫਿਕੇਟ,ਟੀ ਸ਼ਰਟ ਦੇ ਕੇ ਸਨਮਾਨਿਤ ਕੀਤਾ ਜਾਵੇਗਾ ਅਤੇ ਸਾਰੇ ਖਿਡਾਰੀਆਂ ਨੂੰ ਰਿਫਰੈਸ਼ਮੈਂਟ ਦਿੱਤੀ ਜਾਵੇਗੀ। ਇਸ ਹਾਫ ਮੈਰਾਥਨ ਦੌੜ ਦੋਰਾਨ ਫਿਟਨਸ ਲਵਰ, ਫਿਟਨੈਸ ਕਲੱਬ,ਰਨ ਆਨ ਵੀਲ, ਪਟਿਆਲਾ ਰਨਰ,ਗਰੀਨ ਬਾਕੀਏਰ ਐਂਡ ਰਨਰ, ਫੈਡਰਜ ਆਨ ਵੀਲ, ਫਿੱਟ ਰਨਰ,ਰਾਇਲ ਫਿੱਟ,ਬਾਜ ਰਨਰ,ਰਨਰ ਸੁਕਾਇਡ, ਯੂਥ ਫੈਡਰੇਸ਼ਨ ਆਫ ਇੰਡੀਆ, ਪਾਵਰ ਹਾਊਸ ਯੂਥ ਕਲੱਬ,ਹੈਲਥ ਐਂਡ ਐਵੇਰਨਸ ਵੈਲਫੇਅਰ ਸੁਸਾਇਟੀ ਵੱਲੋਂ ਸਹਿਯੋਗ ਦਿੱਤਾ ਜਾ ਰਿਹਾ ਹੈ।

## ਡਬਲ ਰੇਲ ਲਾਈਨ ਤੇ ਵੰਦੇ ਭਾਰਤ ਨੂੰ ਚਲਵਾਉਣ ਵਿਚ ਡਾ. ਗਾਂਧੀ ਦਾ ਵੱਡਾ ਯੋਗਦਾਨ: ਮਹੰਤ ਖਨੌੜਾ

**ਪਟਿਆਲਾ, 12 ਨਵੰਬਰ -ਅਮਰਜੀਤ ਸਿੰਘ- -ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮਾਲਵਾ ਖੇਤਰ ਲਈ ਰਾਜਪੁਰਾ ਤੋਂ ਲੈ ਕੇ ਬਠਿੰਡਾ ਤੱਕ ਰੇਲ ਲਾਈਨ ਨੂੰ ਡਬਲ ਕਰਵਾਉਣਾ ਤੇ ਹੁਣ ਇਸ ਲਾਈਨ 'ਤੇ ਵੰਦੇ ਭਾਰਤ ਐਕਸਪ੍ਰੈਸ ਰੇਲ ਗੱਡੀ ਨੂੰ ਚਲਵਾਉਣ ਪਿੱਛੇ ਦੋ ਵਾਰ ਬਣੇ ਮੈਂਬਰ ਪਾਰਲੀਮੈਂਟ ਡਾਕਟਰ ਧਰਮਵੀਰ ਗਾਂਧੀ ਦਾ ਵੱਡਾ ਯੋਗਦਾਨ ਹੈ। ਜਿਨ੍ਹਾਂ ਨੇ ਅਣਥੱਕ ਮਿਹਨਤ ਕਰਕੇ ਮਾਲਵੇ ਦੇ ਲੋਕਾਂ ਨੂੰ ਵੱਡੀ ਰਾਹਤ ਦੇਣ ਲਈ ਕੇਂਦਰੀ ਮੰਤਰੀਆਂ ਨਾਲ ਸਿੱਧਾ ਰਾਬਤਾ ਕਾਇਮ ਕਰਕੇ ਇਨ੍ਹਾਂ ਦੋਵੇਂ ਪ੍ਰਾਜੈਕਟਾਂ ਵਿਚ ਸਿਰੇ ਚਾੜ੍ਹਨ ਵਿਚ ਅਹਿਮ ਭੂਮਿਕਾ ਨਿਭਾਈ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਾਂਗਰਸ ਦੇ ਜਿਲ੍ਹਾ ਦਿਹਾਤੀ ਪ੍ਰਧਾਨ ਮਹੰਤ ਹਰਵਿੰਦਰ ਖਨੌੜਾ ਨੇ ਡਾਕਟਰ ਧਰਮਵੀਰ ਗਾਂਧੀ ਨੂੰ ਫੁੱਲਾਂ ਦਾ ਬੁੱਕਾ ਦੇਣ ਸਮੇਂ ਮੂੰਹ ਮਿੱਠਾ ਕਰਵਾਉਣ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ



ਕੀਤਾ। ਇਸ ਮੌਕੇ ਮੈਂਬਰ ਪਾਰਲੀਮੈਂਟ ਡਾਕਟਰ ਗਾਂਧੀ ਨੇ ਕਿਹਾ ਕਿ ਭਾਜਪਾ ਦੇ ਨਵੇਂ ਬਣੇ ਲੀਡਰ ਝੂਠੀ ਤੇ ਸਸਤੀ ਸ਼ੋਹਰਤ ਖੱਟਣ ਖਾਤਰ ਅਜਿਹਾ ਹੱਥਕੰਢਾ ਅਪਨਾ ਰਹੇ ਹਨ । ਇਨ੍ਹਾਂ ਦੋਵੇਂ ਪ੍ਰਾਜੈਕਟਾਂ ਨੂੰ ਪਾਸ ਕਰਵਾਉਣ ਲਈ ਸੰਬੰਧਿਤ ਵਿਭਾਗਾਂ ਨਾਲ ਕੇਂਦਰੀ ਮੰਤਰੀਆਂ ਪਾਸ ਆਪ ਜਾ ਕੇ ਪੈਰਵੀ ਕੀਤੀ ਹੈ ਤੇ ਇਹ ਪ੍ਰਾਜੈਕਟ ਮੁਕੰਮਲ ਹੋਏ ਹਨ।ਉਨ੍ਹਾਂ ਕਿਹਾ ਕਿ ਇਸ ਪ੍ਰਾਜੈਕਟ ਨਾਲ ਮਾਲਵਾ ਖੇਤਰ ਦੇ ਲੋਕਾਂ ਨੂੰ ਵੱਖ-ਵੱਖ ਰਾਜਾਂ ਵਿਚ ਜਾਣ ਲਈ ਵੱਡਾ ਫਾਇਦਾ ਮਿਲੇਗਾ ਅਤੇ ਇਹ ਰੇਲ ਗੱਡੀ ਮਾਲਵਾ ਖੇਤਰ ਲਈ ਵਰਦਾਨ ਸਾਬਤ ਹੋਵੇਗੀ।ਕਿਉਂਕਿ ਇਸਦੀ ਉਚ ਰਫਤਾਰ ਘੱਟ ਤੋਂ ਘੱਟ ਸਮੇਂ ਵਿਚ ਵੱਧ ਤੋਂ ਵੱਧ ਦੂਰੀ ਤੈਅ ਕਰੇਗੀ।ਡਾਕਟਰ ਗਾਂਧੀ ਨੇ ਕਿਹਾ ਕਿ ਪੰਜਾਬ ਯੂਨੀਵਰਸਿਟੀ ਪੰਜਾਬ ਦੀ ਹੈ ਅਤੇ ਪੰਜਾਬ ਦੀ ਹੀ ਰਹੇਗੀ। ਇਸ ਦਾ ਪ੍ਰਬੰਧ ਪੰਜਾਬੀਆਂ ਮੁਤਾਬਕ ਹੋਵੇਗਾ ਨਾ ਕਿ ਕੇਂਦਰ ਸਰਕਾਰ ਦੀਆਂ ਹਦਾਇਤਾਂ ਮੁਤਾਬਕ। ਉਨ੍ਹਾਂ ਕਿਹਾ ਕਿ ਵਾਰ-ਵਾਰ ਭਾਜਪਾ ਕੀ ਕੇਂਦਰੀ ਲੀਡਰਸ਼ਿਪ ਵੱਲੋਂ ਭੇਜੇ ਗਏ ਨੋਟਿਸਾਂ ਨੂੰ ਰੱਦ ਕਰਨ ਤੋਂ ਸਾਫ ਪਤਾ ਲੱਗ ਚੁੱਕਾ ਹੈ। ਕਿ ਜੋ ਭਾਜਪਾ ਇਸ ਨੂੰ ਆਪਣੇ ਅਧਿਕਾਰ ਖੇਤਰ ਵਿਚ ਕਰਨ ਵਿਚ ਹੱਥਕੰਢੇ ਅਪਣਾ ਰਹੀ ਸੀ, ਉਸ ਵਿਚ ਫੇਲ੍ਹ ਸਾਬਤ ਹੋਈ ਹੈ। ਇਸ ਮੌਕੇ ਮਹੰਤ ਖਨੌੜਾ ਨੇ ਕਿਹਾ ਕਿ ਵੰਦੇ ਭਾਰਤ ਦੇ ਪਟਿਆਲਾ ਠਹਿਰਾਅ ਨਾਲ ਵਿਦਿਆਰਥੀਆਂ, ਨੌਕਰੀ ਪੇਸ਼ਾ ਅਤੇ ਦਿੱਲੀ ਨਾਲ ਵਪਾਰ ਕਰਨ ਵਾਲੇ ਲੋਕਾਂ ਨੂੰ ਵੱਡਾ ਲਾਭ ਮਿਲੇਗਾ। ਇਸ ਨਾਂਲ ਖੇਤਰ ਵਿਚ ਵਪਾਰਕ ਗਤੀਵਿਧੀਆਂ ਨੂੰ ਜਿਥੇ ਵੱਡਾ ਹੁੰਗਾਰਾ ਮਿਲੇਗਾ ਅਤੇ ਉਥੇ ਹੀ ਸਥਾਨਕ ਆਰਥਿਕਤਾ ਵੀ ਮਜ਼ਬੂਤ ਹੋਵੇਗੀ।

## ਪਾਵਰਕਾਮ ਅਤੇ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਪਟਿਆਲਾ ਦੀ ਮਹੀਨਾਵਾਰ ਮੀਟਿੰਗ ਆਯੋਜਿਤ



**ਪਟਿਆਲਾ, 12 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਪਾਵਰਕਾਮ ਅਤੇ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਰਜਿ: ਹੈਡ ਆਫਿਸ ਯੂਨਿਟ ਪਟਿਆਲਾ ਦੀ ਮਹੀਨਾਵਾਰ ਮੀਟਿੰਗ ਅਨਖੀ ਭਵਨ ਪਟਿਆਲਾ ਵਿਖੇ ਭਿੰਦਰ ਸਿੰਘ ਚਹਿਲ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਵੱਖ—ਵੱਖ ਬੁਲਾਰਿਆਂ ਨੇ ਪੰਜਾਬ ਸਰਕਾਰ ਦੀ ਪਾਵਰਕਾਮ ਦੀਆਂ ਸੈਕੜੇ ਏਕੜ ਕਰੋੜਾਂ ਦੀਆਂ ਜਾਇਦਾਦਾਂ ਕਾਰਪੋਰੇਟ ਘਰਾਣਿਆਂ ਨੂੰ ਵੇਚਣ ਦੀ ਜ਼ੋਰਦਾਰ ਨਿਖੇਧੀ ਕੀਤੀ ਅਤੇ ਕੇਂਦਰੀ ਸਰਕਾਰ ਨੂੰ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਬਿਜਲੀ ਬਿੱਲ 2025 ਤੁਰੰਤ ਵਾਪਸ ਲਿਆ ਜਾਵੇ ਨਹੀਂ ਤਾਂ ਪਾਵਰਕਾਮ ਦੇ ਪੈਨਸ਼ਨਰ ਪੰਜਾਬ ਦੇ ਸਮੁੱਚੇ ਕਿਸਾਨਾਂ, ਮਜਦੂਰਾਂ, ਮੁਲਾਜਮਾਂ ਨੂੰ ਨਾਲ ਲੈ ਕੇ ਜ਼ੋਰਦਾਰ ਸੰਘਰਸ਼ ਵਿੱਢਣਗੇ। ਜਿਸ ਦੀ ਸਾਰੀ ਜਿੰਮੇਵਾਰੀ ਕੇਂਦਰ ਸਰਕਾਰ ਦੀ ਹੋਵੇਗੀ। ਪੰਜਾਬ ਸਰਕਾਰ ਵੱਲੋਂ ਪ੍ਰਾਈਵੇਟ ਸੰਸਥਾ ਵੱਲ ਵੱਧਣ ਲਈ ਹੀ ਪਿੱਛੇ ਜਿਹੇ ਥਰਮਲਾਂ ਦਾ ਬਹਾਨਾ ਬਣਾ ਕੇ ਪਾਵਰਕਾਮ ਦੇ ਡਾਇਰੈਕਟਰ ਜਨਰੇਸ਼ਨ ਦੀਆਂ ਸੇਵਾਵਾਂ ਖਤਮ ਕਰਨ ਅਤੇ ਮੁੱਖ ਇੰਜੀਨੀਅਰ ਨੂੰ ਮੁਅੱਤਲ ਕੀਤਾ ਗਿਆ ਜੋ ਕਿ ਇੱਕ ਪਬਲਿਕ ਅਦਾਰਿਆਂ ਨੂੰ ਦਬਾਉਣ ਦੀ ਕੋਜੀ ਸਾਜਿਸ਼ ਦੀ ਵੀ ਨਿਖੇਧੀ ਕੀਤੀ ਗਈ। ਪੰਜਾਬ ਦੇ ਸਮੁੱਚੇ ਮੁਲਾਜਮਾਂ ਅਤੇ ਪੈਨਸ਼ਰਾਂ ਵੱਲੋਂ 16—11—2025 ਨੂੰ ਧੂਰੀ ਮੁੱਖ ਮੰਤਰੀ ਦੇ ਹਲਕੇ ਵਿਖੇ ਕੀਤੇ ਜਾ ਰਹੇ ਮੁਜਾਹਰੇ ਵਿੱਚ ਪਾਵਰਕਾਮ ਦੇ ਪੈਨਸ਼ਨਰਜ਼ ਵੱਡੀ ਗਿਣਤੀ ਵਿੱਚ ਸ਼ਾਮਲ ਹੋਣਗੇ। ਇਸ ਮੌਕੇ ਪਾਵਰਕਾਮ ਦੀ ਮੈਨੇਜਮੈਂਟ ਨੂੰ ਮੰਗ ਕੀਤੀ ਗਈ ਕਿ ਪੈਨਸ਼ਨਰਾਂ ਦੇ 1—1—2016 ਤੋਂ ਪਹਿਲਾਂ ਦੀ ਪੈਨਸ਼ਨ 2.59 ਨਾਲ ਸੋਧੀ ਜਾਵੇ, ਡੀ.ਏ. ਦੀਆਂ ਕਿਸ਼ਤਾਂ ਜੋ ਕਿ ਕੇਂਦਰ ਸਰਕਾਰ ਤੋਂ 16 ਪ੍ਰਤੀਸ਼ਤ ਘੱਟ ਦਿੱਤੀਆਂ ਜਾ ਰਹੀਆਂ ਹਨ ਵੀ ਤੁਰੰਤ ਦਿੱਤੀਆਂ ਜਾਣ, ਕੈਸ਼ ਲੈਸ ਸਕੀਮ ਦੁਬਾਰਾ ਜਾਰੀ ਕੀਤੀ ਜਾਵੇ ਅਤੇ ਰਹਿੰਦੇ ਬਕਾਏ ਜਲਦੀ ਜਾਰੀ ਕੀਤੇ ਜਾਣ ਆਦਿ ਮੰਗਾਂ ਨੂੰ ਲੈ ਕੇ ਮੀਟਿੰਗ ਹੋਈ। ਇਸ ਮੌਕੇ ਇੰਜੀ: ਸੰਤੋਖ ਸਿੰਘ ਬੋਪਾਰਾਏ ਸੂਬਾ ਸਲਾਹਕਾਰ, ਹਰਸ਼ਰਨਜੀਤ ਕੌਰ, ਭਿੰਦਰ ਸਿੰਘ ਚਹਿਲ, ਹਰਜੀਤ ਸਿੰਘ, ਜਗਤਾਰ ਸਿੰਘ, ਹਰਬੰਸ ਸਿੰਘ ਟਿਵਾਣਾ, ਮਨਮੋਹਨ ਸਿੰਘ, ਅਮਰਜੀਤ ਸਿੰਘ, ਗੌਰੀ ਸ਼ੰਕਰ, ਅਮਰਜੀਤ ਸਿੰਘ ਵਾਲੀਆ ਰਿਟ: ਮੁੱਖ ਇੰਜੀਨੀਅਰ, ਅਮਰੀਕ ਸਿੰਘ, ਸਵਰਨ ਸਿੰਘ, ਦੀਵਾਨ ਸਿੰਘ, ਭਾਨ ਸਿੰਘ, ਬਲਬੀਰ ਸਿੰਘ, ਗੁਰਚਰਨ ਸਿੰਘ, ਆਦਿ ਨੇ ਸੰਬੋਧਨ ਕੀਤਾ।

## ਗਣਨਾ 2027 ਲਈ ਤਿੰਨ ਦਿਨਾਂ ਟ੍ਰੇਨਿੰਗ ਪ੍ਰੋਗਰਾਮ ਸਫਲਤਾਪੂਰਵਕ ਸੰਪੰਨ

**ਮਲੇਰਕੋਟਲਾ, 12 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਸਰਕਾਰੀ ਕਾਲਜ ਮਾਲੇਰਕੋਟਲਾ ਵਿੱਚ ਆਗਾਮੀ ਗਣਨਾ 2027 ਸੰਬੰਧੀ ਗਿਣਤੀਕਾਰਾਂ ਅਤੇ ਸੁਪਰਵਾਈਜਰਾਂ ਲਈ ਤਿੰਨ ਦਿਨਾਂ ਟ੍ਰੇਨਿੰਗ ਪ੍ਰੋਗਰਾਮ ਦਾ ਅੰਤਿਮ ਦਿਨ ਸਫਲਤਾਪੂਰਵਕ ਆਯੋਜਿਤ ਕੀਤਾ ਗਿਆ। ਇਹ ਪ੍ਰੋਗਰਾਮ ਤਹਿਸੀਲਦਾਰ ਮਾਲੇਰਕੋਟਲਾ ਦੀ ਸਮੁੱਚੀ ਦਿਸ਼ਾ-ਨਿਰਦੇਸ਼ੀ ਹੇਠ ਕੀਤਾ ਗਿਆ।ਇਹ ਟ੍ਰੇਨਿੰਗ ਪ੍ਰੀ-ਟੈਸਟ ਗਤੀਵਿਧੀਆਂ ਦੇ ਹਿੱਸੇ ਵਜੋਂ 10 ਨਵੰਬਰ ਤੋਂ 30 ਨਵੰਬਰ 2025 ਤੱਕ ਆਯੋਜਿਤ ਕੀਤੀ ਜਾ ਰਹੀ ਹੈ, ਜਿਸ ਦਾ ਮਕਸਦ ਡਿਜੀਟਲ ਤੇ ਪ੍ਰਭਾਵਸ਼ਾਲੀ ਗਣਨਾ ਪ੍ਰਕਿਰਿਆ ਦੀ ਤਿਆਰੀ ਨੂੰ ਮਜ਼ਬੂਤ ਕਰਨਾ ਹੈ। ਇਸ ਟਰੇਨਿੰਗ ਵਿੱਚ 50 ਭਾਗੀਦਾਰਾਂ (43 ਗਿਣਤੀਕਾਰ ਅਤੇ 7 ਸੁਪਰਵਾਈਜਰਾਂ ਸਮੇਤ ਰਿਜ਼ਰਵ) ਨੇ ਉਤਸ਼ਾਹ ਨਾਲ ਟ੍ਰੇਨਿੰਗ ਵਿੱਚ ਭਾਗ ਲਿਆ। ਸੈਸ਼ਨਾਂ ਦੌਰਾਨ ਸੁਰੱਖਿਅਤ ਮੋਬਾਈਲ ਐਪਲੀਕੇਸ਼ਨਾਂ ਦੇ ਪ੍ਰਯੋਗ, ਰੀਅਲ-ਟਾਈਮ ਵੈਰੀਫਿਕੇਸ਼ਨ, ਜੀਓ-ਟੈਗਿੰਗ ਅਤੇ ਬਹੁਭਾਸ਼ਾਈ ਡਾਟਾ ਐਂਟਰੀ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ, ਤਾਂ ਜੋ ਡਾਟਾ




ਸੰਗ੍ਰਹਿ ਪ੍ਰਕਿਰਿਆ ਸ਼ੁੱਧ, ਪਾਰਦਰਸ਼ੀ ਤੇ ਸਮੇਂਸਿਰ ਹੋ ਸਕੇ।

ਮੁੱਖ ਟ੍ਰੇਨਰ ਡਾ. ਰੁਚੀ ਗੁਪਤਾ, ਜ਼ਿਲ੍ਹਾ ਨੋਡਲ ਅਫਸਰ ਵਿਨੋਦ ਕੁਮਾਰ ਯਾਦਵ (ਅਸਿਸਟੈਂਟ ਡਾਇਰੈਕਟਰ), ਅੰਕੁਸ਼ ਸ਼ਰਮਾ (S.I. ਗ੍ਰੇਡ-9), ਮਿਸ ਨਿਧੀ, ਆਲੋਕ ਅਤੇ ਜ਼ਿਲ੍ਹਾ ਕੋਆਰਡੀਨੇਟਰ ਵਿਵੇਕ ਸਿੰਘ ਵੱਲੋਂ ਇੰਟਰਐਕਟਿਵ ਸੈਸ਼ਨ ਤੇ ਮੈਦਾਨੀ ਅਭਿਆਸ ਕਰਵਾਏ ਗਏ।

ਇਸ ਮੌਕੇ ਪ੍ਰੀ-ਟੈਸਟ ਕਿਟਾਂ, ਆਈ.ਡੀ. ਕਾਰਡ ਅਤੇ ਅਪਾਇੰਟਮੈਂਟ ਆਰਡਰ ਭਾਗੀਦਾਰਾਂ ਨੂੰ ਵੰਡੇ ਗਏ। ਚਾਰਜ ਅਫ਼ਸਰ ਵੱਲੋਂ ਗਣਨਾ ਟੀਮ ਨੂੰ ਪੂਰੇ ਸਮਰਪਣ, ਸ਼ੁੱਧਤਾ ਅਤੇ ਇਮਾਨਦਾਰੀ ਨਾਲ ਮੈਦਾਨੀ ਕੰਮ ਕਰਨ ਲਈ ਪ੍ਰੇਰਿਤ ਕੀਤਾ ਗਿਆ। ਸਮਾਪਤੀ ਦਿਨ ਭਾਗੀਦਾਰਾਂ ਨੇ ਸਕਾਰਾਤਮਕ ਫੀਡਬੈਕ ਸਾਂਝਾ ਕੀਤਾ ਅਤੇ ਗਣਨਾ ਸੰਬੰਧੀ ਮੈਦਾਨੀ ਕਾਰਵਾਈ, ਡਾਟਾ ਐਂਟਰੀ ਪ੍ਰੋਟੋਕਾਲ ਅਤੇ ਘਰੇਲੂ ਗਿਣਤੀ ਪ੍ਰਕਿਰਿਆ ਦੀ ਪੂਰੀ ਸਮਝ ਦਾ ਪ੍ਰਦਰਸ਼ਨ ਕੀਤਾ। ਸੈਸ਼ਨਾਂ ਦੌਰਾਨ ਉਠੇ ਸਵਾਲਾਂ ਦਾ ਪ੍ਰੈਕਟੀਕਲ ਡੈਮੋ ਤੇ ਸਮੂਹ ਚਰਚਾ ਰਾਹੀਂ ਨਿਰਾਕਰਨ ਕੀਤਾ ਗਿਆ। ਸਰਗਰਮ ਭਾਗੀਦਾਰੀ ਅਤੇ ਗਹਿਰੇ ਅਧਿਐਨ ਨਾਲ ਇਹ ਟ੍ਰੇਨਿੰਗ ਪ੍ਰੋਗਰਾਮ ਮਾਲੇਰਕੋਟਲਾ ਵਿੱਚ ਸਫਲਤਾਪੂਰਵਕ ਸੰਪੰਨ ਅਤੇ ਪ੍ਰਮਾਣਿਤ ਕਰ ਦਿੱਤਾ ਗਿਆ ਹੈ।

## ਪਟਿਆਲਾ ਸ਼ੋਸ਼ਲ ਵੈਲਫੇਅਰ ਸੋਸਾਇਟੀ ਵੱਲੋਂ ਬੱਚਿਆਂ, ਅਧਿਆਪਕਾਂ ਅਤੇ ਸਮਾਜ ਭਲਾਈ ਵਿੱਚ ਕੰਮ ਕਰਨ ਵਾਲਿਆਂ ਦਾ ਸਨਮਾਨ

**ਪਟਿਆਲਾ, 12 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਸ਼ੋਸ਼ਲ ਵੈਲਫੇਅਰ ਸੋਸਾਇਟੀ 25 ਸਾਲਾਂ ਤੋਂ ਸਮਾਜ ਦੀ ਭਲਾਈ ਲਈ ਚੰਗੇ ਕਾਰਜਾਂ ਨੂੰ ਤਰਜੀਹ ਦੇ ਰਹੀ ਹੈ। ਸੋਸਾਇਟੀ ਵਲੋਂ ਅੱਜ ਬੱਚਿਆਂ, ਅਧਿਆਪਕਾਂ ਅਤੇ ਸਮਾਜ ਭਲਾਈ ਵਿੱਚ ਕੰਮ ਕਰਨ ਵਾਲਿਆਂ ਦਾ ਸਨਮਾਨ ਕੀਤਾ ਗਿਆ। ਇਸਦੇ ਮੁੱਖ ਮਹਿਮਾਨ ਮੁਲਤਾਨੀ ਮਲ ਮੋਦੀ ਕਲਾਜ ਦੇ ਚੇਅਰਮੈਨ ਸ੍ਰੀ ਤਰੁਣ ਮੋਦੀ ਸਨ। ਉਨ੍ਹਾਂ ਦੇ ਨਾਲ ਉਹਨਾਂ ਦਾ ਸਪੁੱਤਰ ਸਨ। ਪ੍ਰਿੰਸੀਪਲ ਡਾ. ਨੀਰਜ ਗੋਇਲ ਨੇ ਸਾਰੇ ਮੈਂਬਰਜ਼ ਦਾ ਜੀ ਆਇਆ ਕਿਹਾ ਅਤੇ ਮੋਦੀ ਕਾਲਜ ਦੇ ਬਾਰੇ ਵਿਸਥਾਰ ਨਾਲ ਦੱਸਿਆ ਕਿ ਇਹ ਕਾਲਜ ਹਮੇਸ਼ਾ ਸਪੋਰਟਸ ਵਿਦਿਆਰਥੀਆਂ ਅਤੇ ਪੜਾਈ ਵਿੱਚ ਮੱਲਾਂ ਮਾਰ ਰਿਹਾ ਹੈ। ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਸ੍ਰੀ ਤਰੁਣ ਮੋਦੀ ਹਮੇਸ਼ਾ ਕਾਲਜ ਨੂੰ ਅੱਗੇ ਲਿਜਾਉਣ ਵਿੱਚ ਮਿਹਨਤ ਕਰ ਰਹੀ ਹੈ ਅਤੇ ਸੋਸਾਇਟੀ ਵਲੋਂ ਬੱਚਿਆਂ, ਅਧਿਆਪਕਾਂ ਅਤੇ ਸਮਾਜ ਸੇਵੀਆਂ ਦਾ ਸਨਮਾਨ ਕਰਨਾ ਸਲਾਘਾਯੋਗ ਕਦਮ ਹੈ। ਇਸ ਅਵਸਰ ਤੇ ਸੋਸਾਇਟੀ ਦੇ ਪੈਟਰਨ ਸ੍ਰੀ ਮਨਜੀਤ ਸਿੰਘ ਨਰੰਗ ਆਈ.ਏ.ਐਸ. ਰਿਟਾਇਰਡ ਅਤੇ ਸਾਬਕਾ ਡੀ.ਪੀ.ਆਰ.ਓ. ਸ੍ਰੀ ਉਜਾਗਰ ਸਿੰਘ ਹਾਜਰ ਸਨ। ਉਹਨਾਂ ਨੇ ਸੋਸਾਇਟੀ ਵਲੋਂ ਵਿਜੈ ਕੁਮਾਰ ਗੋਇਲ ਦੀ ਪ੍ਰਧਾਨਗੀ ਹੇਠ ਵਧਿਆ ਕਾਰਜ ਕਰ ਰਹੀ ਹੈ। ਵਿਜੈ ਕੁਮਾਰ ਗੋਇਲ ਪ੍ਰਧਾਨ ਨੂੰ ਸਟੇਟ ਐਵਾਰਡ ਰਾਜਪਾਲ ਵਲੋਂ ਸਨਮਾਨ ਅਤੇ ਪ੍ਰਸ਼ਾਸ਼ਨ ਵਲੋਂ ਸਨਮਾਨ ਦਿੱਤਾ ਗਿਆ ਹੈ। ਅੱਜ ਸੋਸਾਇਟੀ ਵੱਲੋਂ ਸ੍ਰੀ ਤਰੁਣ ਮੋਦੀ ਚੇਅਰਮੈਨ, ਆਯੁਸ ਮੋਦੀ, ਰੋਹਿਤ ਸਚਦੇਵਾ, ਡਾ. ਨੀਰਜ ਗੋਇਲ ਪ੍ਰਿੰਸੀਪਲ ਅਤੇ ਦਿਆ ਸ਼ੰਕਰ, ਅਸ਼ੋਕ ਗਰਗ, ਅਜੀਤ ਸਿੰਘ ਭੱਟੀ, ਡਾ. ਮਲਕੀਤ ਮਾਨ ਸਹਾਇਕ ਡਾਇਰੈਕਟ ਯੂਵਕ ਸੇਵਾਵਾ, ਅਕਸ਼ੈ ਕੁਮਾਰ ਮੀਡੀਆ ਕੋਆਰਡੀਨੇਟਰ ਫੀਲਖਾਨਾ ਸਕੂਲ, ਐਸ.ਕੇ. ਪੋਸਲਾ, ਮੀਨੂੰ ਗਰਗ, ਨਰਿੰਦਰ ਪਾਲ ਸਿੰਘ, ਜਸਜੀਤ ਸਿੰਘ, ਵਰਨਜੋਤ ਸਿੰਘ ਅਮਨਪ੍ਰੀਤ ਸਿੰਘ, ਤਰੁਣਜੀਤ ਸਿੰਘ ਅਤੇ ਜ਼ਸਵਿੰਦਰ ਕੌਰ ਅੰਤਰਰਾਸ਼ਟਰੀ ਅਤੇ ਰਾਸ਼ਟਰੀ ਖਿਡਾਰੀਆਂ ਦਾ ਸਨਮਾਨ ਕੀਤਾ ਗਿਆ। ਸ੍ਰੀਮਤੀ ਮੰਜੂ, ਅਨਿਲ ਪਾਲ, ਆਦਿ ਦਾ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਨਰਿੰਦਰ ਕੁਮਾਰ ਰਿਟਾਇਰਡ ਪ੍ਰਿੰਸੀਪਲ ਦਾ ਉਚੇਚੇ ਤੌਰ ਤੇ ਸਨਮਾਨ ਕੀਤਾ ਗਿਆ। ਇਸ ਅਵਸਰ ਤੇ ਤਰੁਣ ਮੋਦੀ ਦੀ ਬੇਟੀ ਦੇ ਜਨਮ ਦਿਨ ਤੇ ਕੇਕ ਕੱਟ ਕੇ ਖ਼ੁਸ਼ੀ ਨਮਾਈ ਗਈ।



## ਕਹਾਣੀ

# ਜ਼ਿੰਮੇਵਰੀਆਂ

-ਜਿਓਤਿਰਮੌਇ ਦੇਵੀ

ਬੜਾ ਭਰਿਆ ਪੂਰਾ ਪਰਿਵਾਰ ਸੀ। ਚੰਗਾ ਘਰ ਬਾਰ ਸੀ। ਸਭ ਖੁਸ਼ੀਆਂ ਸਨ। ਚਾਰ ਪੁੱਤ, ਦੋ ਧੀਆਂ ਤੇ ਉਨ੍ਹਾਂ ਦੇ ਸੁਖੀ-ਸਾਂਦੀ ਵਸਦੇ ਪਰਿਵਾਰ। ਚਾਰੇ ਪੁੱਤ ਚੰਗੇ ਮਾਣ ਵਾਲੇ ਆਹੁਦਿਆਂ 'ਤੇ ਸਨ। ਸਭ ਤੋਂ ਵੱਡਾ ਕਾਲਜ 'ਚ ਅਧਿਆਪਕ ਸੀ, ਉਸ ਤੋਂ ਛੋਟਾ ਡਾਕਟਰ ਤੇ ਛੋਟੇ ਦੋਵੇਂ ਵਕੀਲ। ਘਰ ਵੀ ਬੜਾ ਸਾਂਵਾ ਚਲਦਾ ਸੀ। ਕਦੇ ਕਦਾਈਂ ਕਿਸੇ ਗੱਲੋਂ ਮਾੜਾ-ਮਾਟਾ ਬੋਲ ਬੁਲਾਰਾ ਵੀ ਹੋ ਜਾਂਦਾ ਪਰ ਰਾਤ ਗਈ ਤੇ ਬਾਤ ਗਈ ਵਾਂਗ ਮਾਹੌਲ ਫੇਰ ਆਪੇ ਹੀ ਠੀਕ ਹੋ ਜਾਂਦਾ। ਉਂਜ ਇਕ ਹੋਰ ਮਾਮਲਾ ਜ਼ਰੂਰ ਸੀ ਜਿਸ ਤੋਂ ਬੋਲ-ਬੁਲਾਰਾ ਬਹੁਤ ਹੁੰਦਾ ਸੀ। ਮਾਮਲੇ ਦਾ ਕਾਰਨ ਸੀ ਘਰ ਦੇ ਵੱਡੇ ਪ੍ਰੋਫੈਸਰ ਪੁੱਤ ਦਾ ਮਾਂ ਮਹਿੱਟਰ ਮੁੰਡਾ, ਜੋਗੀ। ਮੁੰਡੇ ਦੀ ਦਾਦੀ ਨੇ ਮਾਂ ਦੀ ਥਾਂ ਪੂਰਦਿਆਂ ਉਸ ਨੂੰ ਕੁਝ ਹੱਦ ਤੱਕ ਵਿਗਾੜ ਹੀ ਦਿੱਤਾ ਸੀ। ਹੁਣ ਜੋਗੀ ਘਰ ਵਿਚ ਹਰ ਪੰਗੇ ਦੀ ਜੜ੍ਹ ਹੁੰਦਾ ਤੇ ਦਾਦੀ ਉਸ ਦਾ ਪੱਖ ਪੂਰਦੀ। ਸਭ ਨੂੰ ਪਤਾ ਸੀ ਕਿ ਘਰ ਦੀ ਮਾਂ ਦਾ ਜ਼ਿਆਦਾ ਝੁਕਾਅ ਆਪਣੇ ਇਸ ਪੋਤੇ ਵੱਲ ਸੀ।

ਕੋਈ ਵੀ ਘਰ ਔਕੜਾਂ ਜਾਂ ਝੇੜਿਆਂ-ਝਗੜਿਆਂ ਤੋਂ ਪੂਰੀ ਤਰ੍ਹਾਂ ਮੁਕਤ ਤਾਂ ਹੋ ਹੀ ਨਹੀਂ ਸਕਦਾ। ਝਗੜੇ ਦਾ ਸਭ ਤੋਂ ਵੱਡਾ ਆਧਾਰ ਬਣਦੇ ਸਨ ਮਹੀਨੇ ਦੇ ਬਿੱਲ। ਬਿਜਲੀ,ਪਾਣੀ, ਰਾਸ਼ਨ ਤੇ ਹੋਰ ਸਾਮਾਨ ਦੇ ਬਿਲ। ਕਈ ਵਾਰ ਤਾਂ ਕਰਿਆਨੇ ਦੇ, ਧੋਬੀ ਦੇ, ਦੋਧੀ ਦੇ, ਮੁਨਿਆਰੀ ਦੇ ਬਿੱਲ ਅਦਾ ਨਾ ਹੁੰਦੇ ਜਾਂ ਫੇਰ ਕਿਤਾਬਾਂ-ਕਾਪੀਆਂ ਦੇ ਬਿੱਲਾਂ ਦੀ ਅਦਾਇਗੀ ਰੁਕ ਜਾਂਦੀ। ਘਰ ਦੀਆਂ ਤਿੰਨ ਨੂੰਹਾਂ ਸਨ ਤੇ ਉਨ੍ਹਾਂ ਦੇ ਪਤੀਆਂ ਦੇ ਨਾਵਾਂ 'ਤੇ ਖਾਤੇ ਚਲਦੇ ਸਨ। ਦੁਕਾਨਾਂ ਵਾਲੇ, ਕੰਮਾਂ ਵਾਲੇ ਬਿੱਲ ਲੈ ਕੇ ਆਉਂਦੇ। ਕਈ ਵਾਰ ਗਰਮਾ-ਗਰਮੀ ਵੀ ਹੁੰਦੀ, ਕੁਝ ਅਦਾਇਗੀ ਹੁੰਦੀ, ਕੁਝ ਅੱਗੇ ਪੈ ਜਾਂਦੇ। ਇਵੇਂ ਹੀ ਇਕ ਵਾਰ ਤਕੜੀ ਗਰਮਾ-ਗਰਮਾ ਹੋ ਗਈ। ਵੱਡਾ ਪੁੱਤਰ ਮਾਂ ਨਾਲ ਉਲਝ ਗਿਆ,' ਪਿਛਲੇ ਸਾਲ ਤਾਂ ਹਾਲੇ ਤਲਾਈਆਂ ਭਰਵਾਈਆਂ ਸਨ ਮਾਂ, ਇਸ ਵਾਰ ਨਵੀਂ ਤਲਾਈ ਦੀ ਕੀ ਲੋੜ?' ਗੱਲ ਅਜੇ ਪੂਰੀ ਨਹੀਂ ਹੋਈ ਸੀ ਕਿ ਘਰ ਦੇ ਹੋਰ ਪੁੱਤਰ ਵੀ ਆ ਡਟੇ। ਸਾਰੇ ਹੀ ਵਧ-ਵਧ ਕੇ ਬੋਲਣ ਲੱਗ ਪਏ। ਮਾਤਾ ਨੇ ਸੋਚਿਆ ਕਿ ਉਨ੍ਹਾਂ ਨੂੰ ਕੀ ਦੱਸੇ ਕਿ ਉਸ ਦੇ ਹੋਰ ਪੋਤੇ-ਪੋਤੀਆਂ ਲਈ ਹੁਣ ਵੱਖਰੇ ਬਿਸਤਰਿਆਂ ਦੀ ਲੋੜ ਸੀ ਪਰ ਉਹ ਚੁੱਪ ਹੀ ਕਰ ਗਈ। 'ਤੂੰ ਜੋਗੀ ਨੂੰ ਸਿਰ ਚਾੜ੍ਹੀ-ਜਾਨੀ ਏ,'' ਡਾਕਟਰ ਪੁੱਤਰ ਮਾਂ ਨਾਲ ਖਹਿਬੜ ਰਿਹਾ ਸੀ, 'ਪਿਛਲੇ ਮਹੀਨੇ ਨਵੀਂ ਰਜ਼ਾਈ ਭਰਵਾਈ ਸੀ ਤੇ ਹੁਣ ਤਲਾਈ ਤਾਂ ਉਸ ਦੇ ਫਰਜ਼ੰਦ ਲਈ ਸੀ, ਪ੍ਰੋਫੈਸਰ ਸਾਹਿਬ ਗਰਜ ਪਏ, 'ਦਰਜੀ ਦਾ ਬਿੱਲ ਦੇਖੋ ਅਸਮਾਨੀਂ ਚੜ੍ਹਿਆ ਪਿਐ, ਦੋਧੀ ਦਾ ਵੀ ਘੱਟ ਨਹੀਂ। ਹਰ ਮਹੀਨੇ ਸਾਰੇ ਹੀ ਬਿਲ ਵਧੀ ਜਾਂਦੇ ਨੇ, ਵਧੀ ਜਾਂਦੇ ਨੇ।' ਵੱਡੇ ਵਕੀਲ ਪੁੱਤ ਨੇ ਮੋਰਚਾ ਸਾਂਭਿਆ, 'ਇਸ ਤੋਂ ਪਹਿਲਾਂ ਕਿ ਗੱਲ ਹੱਥੋਂ ਨਿਕਲ ਜਾਵੇ, ਕੁਝ ਸੋਚਣਾ ਚਾਹੀਦਾ ਏ।'

ਮਾਤਾ ਤਾਂ ਇਸ ਗੱਲੋਂ ਵੀ ਪਸੀਨੇ ਨਾਲ ਤਰ ਹੋਈ ਜਾਂਦੀ ਸੀ ਕਿ ਨੂੰਹਾਂ ਨਾ ਸੁਣ ਲੈਣ ਕਿ ਉਸ ਦੇ ਪੁੱਤਰ ਕੀ ਗੱਲਾਂ ਪਏ ਕਰਦੇ ਸਨ। ਉਹ ਬੋਲੀ, 'ਦੇਖੋ, ਪਿਛਲੇ ਮਹੀਨੇ ਕੁਝ ਖਰਚਾ ਵੱਧਣਾ ਹੀ ਸੀ। ਤੁਹਾਡੀਆਂ ਭੈਣਾਂ ਆਈਆਂ ਘਰ ਦੇ ਜਵਾਈ ਆਏ ਤੇ ਉਨ੍ਹਾਂ ਨੂੰ ਕੋਈ ਖਾਲੀ ਹੱਥੀ ਤਾਂ ਨਹੀਂ ਨਾ ਤੋਰ ਦਿੰਦਾ। ਫੇਰ ਤੁਹਾਡੇ ਦੋ ਭਰਾਵਾਂ ਦੇ ਜਨਮ ਦਿਨ ਵੀ ਸਨ ਕਿਉਂ ਐਡਾ ਚੀਕ-ਚਿਹਾੜਾ ਪਾਉਂਦੇ?''ਛੋਟੇ ਵਕੀਲ ਸਾਹਿਬ ਨੇ ਸਮਾਂ ਮੁਨਾਸਿਬ ਸਮਝਦਿਆਂ ਮੂੰਹ ਖੋਲ੍ਹਿਆ,''ਤੇ ਉਸ ਤੋਂ ਪਿਛਲੇ ਮਹੀਨੇ? ਉਦੋਂ ਖਰਚਾ ਕਿਉਂ ਵੱਧਿਆ। ਮਾਤਾ ਨੇ ਸਿਰਫ ਇੰਨਾ ਹੀ ਕਿਹਾ ਕਿ ਉਸੇ ਮਹੀਨੇ ਤੋਂ ਬਿਜਲੀ, ਪਾਣੀ ਦੇ ਬਿੱਲਾਂ ਦੀਆਂ ਦਰਾਂ ਵਧੀਆਂ ਸਨ ਤੇ ਦਾਲਾਂ ਤੇ ਭਾਅ ਵੀ।'' ਉਹ ਇਹ ਕਿਵੇਂ ਕਹਿੰਦੀ ਕਿ ਛੋਟੇ ਵਕੀਲ ਸਾਹਿਬ ਦੀ ਪਤਨੀ ਦੇ ਪੇਕਿਓਂ ਚਾਰ ਜੀਆਂ ਦੀ ਧਾੜ ਵੀ ਉਸ ਮਹੀਨੇ ਆਈ ਸੀ। ਤੇ ਨਾਲੇ ਇਹ ਕਹਿੰਦਿਆਂ ਮਾਤਾ ਦੀ ਜ਼ੁਬਾਨ ਨਾ ਸੜ ਜਾਏ। ਕਿ ਘਰ ਦੇ ਬੱਚੇ ਵੱਡੇ ਹੋ ਰਹੇ ਸਨ ਤੇ ਖਰਚਾ ਵੱਧ ਰਿਹਾ ਸੀ। ਉਹ ਪੋਤੇ-ਪੋਤੀਆਂ ਤੋਲਣਾ ਤਾਂ ਸੋਚ ਵੀ ਨਹੀਂ ਸੀ ਸਕਦੀ। ਪੋਤੇ-ਪੋਤੀਆਂ, ਦੋਹਤੇ-ਦੋਹਤੀਆਂ ਤਾਂ ਮਤਾ ਦਾ ਮਾਣ ਸਨ, ਉਸ ਦੀਆਂ ਕਈ ਖੱਟੀਆਂ-ਮਿੱਠੀਆਂ ਯਾਦਾਂ ਦੇ ਮੁਜੱਸਮੇ। ਵੱਡੇ ਵਕੀਲ ਸਾਹਿਬ ਅੰਤਲੀ ਦਲੀਲ ਦੇ ਰਹੇ ਸਨ, 'ਸਚਾਈ ਤਾਂ ਇਹ ਹੈ ਕਿ ਇਥੇ ਕਿਸੇ ਨੂੰ ਪੈਸੇ ਦੀ ਕਦਰ ਹੀ ਕੋਈ ਨਹੀਂ।'' ਮਾਂ ਸਿਰਫ ਫਿੱਕਾ ਜਿਹਾ ਮੁਸਕਰਾਈ। ਉਹ ਤਾਂ ਸੋਚ ਹੀ ਕੁਝ ਹੋਰ ਰਹੀ ਸੀ। ਏਨੇ ਨੂੰ ਇਕ ਹੋਰ ਬਾਣ ਆ ਗਿਆ, ''ਜਿੱਥੋਂ ਤੱਕ ਜੋਗੀ ਦਾ ਸਵਾਲ ਹੈ, ਤੁਹਾਨੂੰ ਪਤਾ ਕੀ ਹੈ ਕਿ ਮੈਂ ਨੇ ਉਹਨੂੰ ਪੜ੍ਹਨ-ਲਿਖਣ ਜੋਗਾ ਵੀ ਨਹੀਂ ਛੱਡਿਆ।'' ਮਾਤਾ ਕੁਰਲਾ ਉਠੀ, ''ਨਹੀਂ! ਇੰਜ ਨਾ ਕਹੋ ਪੁੱਤਰੋ, ਮੇਰੇ ਪੋਤੇ ਬਾਰੇ!'' ਜੋਗੀ ਦਾ ਪ੍ਰੋਫੈਸਰ ਪਿਤਾ ਵਿਚੋਂ ਹੀ ਬੋਲਿਆ,''ਸਾਹਮਣੇ ਹੀ ਤਾਂ ਹੈ ਕਿਵੇਂ ਬੋਕ ਵਾਂਗ ਵਧੀ ਜਾਂਦੈ, ਖਾਣ-ਪੀਣ ਤੋਂ ਇਲਾਵਾ ਕੀ ਕੰਮ ਹੈ ਉਹਨੂੰ!''

ਇਹ ਗੱਲ ਤਾਂ ਮਾਤਾ ਬਰਦਾਸ਼ਤੋਂ ਪਰ੍ਹੇ ਦੀਆਂ ਸਨ। ਜੋਗੀ ਚੰਗਾ ਖਾਣ ਦਾ ਸ਼ੌਕੀਨ ਸੀ ਤੇ ਦਾਦੀ ਉਸ ਮਾਂ-ਮਹਿੱਟਰ ਦੀ ਇਹ ਇੱਛਾ ਵੀ ਪੂਰੀ ਨਾ ਕਰਦੀ? ਮੁੰਡੇ ਨੂੰ ਕਿੰਨਾ ਕੁਝ ਸੁਣਨਾ ਪੈਂਦਾ ਸੀ ਤੇ ਹੁਣ ਦਾਦੀ ਨੂੰ ਸੁਣਨਾ ਪੈ ਰਿਹਾ ਸੀ। ਮਾਤਾ ਦੇ ਲੱਠਾਂ ਵਰਗੇ ਕਮਾਊ ਪੁੱਤ ਕੁਝ ਹੋਰ ਚਿਰ ਕਮਾਈ ਦੀਆਂ, ਖਰਚੇ ਦੀਆਂ ਤੇ ਬੱਚਿਆਂ ਦੀਆਂ ਲੋੜਾਂ ਦੀਆਂ, ਫਜ਼ੂਲ ਜਿਹੀਆਂ ਗੱਲਾਂ ਕਰਦੇ ਰਹੇ। ਮਾਤਾ ਤਾਂ ਮਾਲਾ ਫੇਰਨ ਲੱਗ ਪਈ ਸੀ। ਉਹ ਕਿੰਨਾ ਚਿਰ ਹੋਰ ਸਭ ਕੁਝ ਸਕਦੀ ਸੀ! ਦੋ ਨੂੰਹਾਂ ਵੀ ਜੋਗੀ ਵਿਰੁੱਧ ਬੁੜ ਬੁੜ ਕਰ ਰਹੀਆਂ ਸਨ ਪਰ ਵੱਡੇ ਵਕੀਲ ਦੀ ਪਤਨੀ ਜੋਗੀ ਖਿਲਾਫ ਕੁਝ ਨਹੀਂ ਸੀ ਬੋਲਦੀ। ਸ਼ਾਇਦ ਇਸ ਕਰਕੇ ਕਿ ਉਹਦੇ ਆਪਣੇ ਪੇਕੇ ਘਰ ਉਹਦੀ ਮਾਂ ਉਸ ਦੇ ਮਾਂ-ਵਾਹਰੇ ਭਤੀਜੇ ਨੂੰ ਸਾਂਭਦੀ ਸੀ। ਦਿਨ ਬੀਤਦੇ ਗਏ। ਮਾਤਾ ਦੀ ਉਮਰ ਤਾਂ ਬਹੁਤੀ ਨਹੀਂ ਸੀ ਪਰ ਮਾੜੀ ਸਿਹਤ ਤੇ ਦਿਨੋ-ਦਿਨ ਘਰ ਦੇ ਮਾੜੇ ਹੁੰਦੇ ਜਾਂਦੇ ਹਾਲਾਤ ਨੇ ਉਹਨੂੰ ਬਹੁਤ ਥਕਾ ਦਿੱਤਾ ਸੀ। ਉਹ ਆਪਣੀਆਂ ਸੰਸਾਰਕ ਜ਼ਿੰਮੇਵਾਰੀਆਂ ਹੌਲੀ ਹੌਲੀ ਛੱਡਦੀ ਗਈ ਅਤੇ ਬਹੁਤਾ ਸਮਾਂ ਪਾਠ-ਪੂਜਾ ਵਿਚ ਹੀ ਲਾਉਣ ਲੱਗ ਪਈ। ਹਾਂ, ਸ਼ਾਮ ਵੇਲੇ ਪੋਤੇ-ਪੋਤੀਆਂ ਨਾਲ ਬੈਠਣਾ, ਖੇਡਣਾ ਤੇ ਬਾਤਾਂ ਪਾਉਣੀਆਂ ਕਦੇ ਵੀ ਨਾ ਛੱਡ ਸਕੀ। ਸਾਲਾਂ ਤੋਂ ਜਿਹੜਾ ਘਰ ਉਹਨੇ ਮਿਹਨਤ ਨਾਲ ਪੋਟਾ ਪੋਟਾ ਕਰ ਕੇ ਸੰਭਾਲਿਆ ਸੀ, ਨੂੰਹਾਂ ਹਵਾਲੇ ਕਰ ਦਿੱਤਾ। ਤੇ ਨੂੰਹਾਂ ਨੂੰ ਘਰ ਸੰਭਾਲਣ ਵਿਚ ਮਾਤਾ ਦੀ ਸਲਾਹ ਕਿੱਥੇ ਚਾਹੀਦੀ ਸੀ? ਖੈਰ! ਮਾਤਾ ਤਾਂ ਵੀ ਸੰਤੁਸ਼ਟ ਸੀ। ਜ਼ਿੰਮੇਵਾਰੀਆਂ ਇਕ ਪੀੜ੍ਹੀ ਤੋਂ ਸਰਕ ਕੇ ਅਗਲੀ ਪੀੜ੍ਹੀ 'ਤੇ ਜਾ ਪਈਆਂ ਸਨ। ਤੇ ਘਰ ਸਾਵਾਂ ਚੱਲ ਰਿਹਾ ਸੀ।



ਜ਼ਿੰਮੇਵਾਰੀਆਂ ਤੋਂ ਪਿੱਛੇ ਹੱਟਣ ਨਾਲ ਮਾਤਾ ਅਚਾਨਕ ਫੇਰ ਘਰ ਦਾ ਕੇਂਦਰ ਬਿੰਦੂ ਬਣ ਗਈ। ਹਰ ਕੋਈ ਫਿਰ ਉਸੇ ਪੁੱਛਣ ਲੱਗਾ। ਮਾਤਾ ਦੀ ਉਮਰ ਕੀ ਸੱਚਮੁਚ ਜ਼ਿਆਦਾ ਹੋ ਗਈ? ਮਾਤਾ ਦੀ ਸਿਹਤ ਕਿਵੇਂ ਹੈ? ਕੀ ਉਸ ਦੇ ਦਿਨ ਪੁੱਗ ਗਏ ਹਨ? ਫਿਰ ਹਰ ਕੋਈ ਮਾਤਾ ਬਾਰੇ ਚਿੰਤਤ ਹੋਣ ਲੱਗੇ। ਠੀਕ ਹੈ ਕਿ ਪੁੱਤ ਵੱਡੇ ਹੋ ਗਏ ਸਨ ਤੇ ਕਿਸੇ ਨੂੰ ਵੀ ਮਾਤਾ ਦੀ ਬਹੁਤੀ ਲੋੜ ਨਹੀਂ ਸੀ ਰਹਿ ਗਈ ਪਰ ਇਸ ਨਾਲ ਮਾਂ ਪ੍ਰਤੀ ਉਨ੍ਹਾਂ ਦਾ ਪਿਆਰ ਤੇ ਭਾਵਨਾ ਤਾਂ ਨਹੀਂ ਸੀ ਨਾ ਘੱਟ ਸਕਦੀ। ਨੂੰਹਾਂ-ਪੁੱਤ ਤਹਿ ਦਿਲੋਂ ਮਾਂ ਦਾ ਧਿਆਨ ਕਰਨ ਲੱਗ ਸਨ ਤੇ ਜੋਗੀ ਦਾ ਵੀ! ਮਾਤਾ ਉਠਦੀ, ਬਹਿੰਦੀ, ਮੰਜੇ 'ਤੇ ਪਈ ਨਿੰਮਾ-ਨਿੰਮਾ ਮੁਸਕਰਾਂਦੀ ਰਹਿੰਦੀ ਤੇ ਕਹੀ ਜਾਂਦੀ, 'ਮੈਂ ਠੀਕ ਹਾਂ ਬੱਚਾ, ਮੈਨੂੰ ਕੁਝ ਨਹੀਂ ਚਾਹੀਦਾ। ਤੁਸੀ ਹੋ ਤੇ ਮੇਰੇ ਕੋਲ ਸਭ ਕੁਝ ਹੈ।' ਉਹਨੂੰ ਤਸੱਲੀ ਸੀ ਕਿ ਚਾਚੀਆਂ ਹੁਣ ਜੋਗੀ ਦਾ ਪੂਰਾ ਖਿਆਲ ਰੱਖਦੀਆ ਸਨ, ਖਾਸਕਰ ਵਿਚਕਾਰਲੀ ਚਾਚੀ। ਇਕ ਦਿਨ ਡਾਕਟਰ ਪੁੱਤ ਨੇ ਆਪਣੀ ਪਤਨੀ ਨੂੰ ਹਰਖ ਕੇ ਕਿਹਾ,'ਤੈਨੂੰ ਪਤੈ ਮਾਂ ਨੂੰ ਕਿੰਨੇ ਹੀ ਦਿਨਾਂ ਤੋਂ ਬੁਖਾਰ ਏ? ਉਹ ਵਿਚਾਰੀ ਆਪਣੇ ਪਤੀ ਤੋਂ ਇਹੋ ਜਿਹੀ ਝਿੜਕ ਦੀ ਆਸ ਨਹੀਂ ਸੀ ਰੱਖਦੀ। ਘਬਰਾ ਕੇ ਬੋਲੀ, 'ਮੈਨੂੰ ਕਿਵੇਂ ਪਤਾ ਲਗਦਾ? ਉਹ ਤਾਂ ਰੋਜ਼ ਨਹਾਉਂਦੇ ਨੇ, ਪਾਠ-ਪੂਜਾ 'ਤੇ ਬੈਠਦੇ ਨੇ। ਹਾਂ, ਰੋਟੀ ਜ਼ਰੂਰ ਕੁਝ ਦਿਨਾਂ ਤੋਂ ਘਟਾ ਦਿੱਤੀ ਏ।

ਜੋਗੀ ਨੇ ਵੀ ਅੱਜ ਸਵੇਰੇ ਈ ਮੈਨੂੰ ਕਿਹਾ ਸੀ ਕਿ ਮਾਤਾ ਕੁਝ ਠੀਕ ਨਹੀ।' 'ਤੂੰ ਕਿੰਨੀ ਲਾਪ੍ਰਵਾਹ ਏਂ। ਮੈਂ ਹੀ ਮਾਂ ਕੋਲ ਜਾਣਾ।'' ਡਾਕਟਰ ਸਾਹਿਬ ਮਾਂ ਦੇ ਕਮਰੇ ਵੱਲ ਭੱਜ ਨਿਕਲੇ ਤੇ ਫੇਰ ਚਾਰੇ ਭਰਾ, ਮਾਂ ਦੇ ਸਿਰਹਾਣੇ ਜਾ ਖੜ੍ਹੇ ਹੋਏ। ਮਾਤਾ ਅੱਖਾਂ ਮੀਚੀ ਪਈ ਸੀ, ਸ਼ਾਂਤ-ਚਿੱਤ। ਜੋਗੀ ਦਾਦੀ ਦੀਆਂ ਪੁੜਪੁੜੀਆਂ ਝੱਸ ਰਿਹਾ ਸੀ। ਪ੍ਰੋਫੈਸਰ ਨੇ ਮਾਂ ਦਾ ਮੱਥਾ ਟੋਹਿਆ। ਡਾਕਟਰ ਨੇ ਫਿਕਰਮੰਦੀ ਦਰਸਾਈ,'' ਮਾਂ ਨੂੰ ਤਾਂ ਬੜਾ ਤਾਪ ਚੜ੍ਹਿਐ।'' ਪਰ ਮਾਤਾ ਇੰਨੇ ਕੁ ਬੁਖਾਰ ਨੂੰ ਕੀ ਸਮਝਦੀ ਸੀ।'' ਨਹੀਂ, ਨਹੀਂ ਮੈਨੂੰ ਬੁਖਾਰ ਤਾਂ ਕੋਈ ਨਹੀਂ ਐਵੇਂ ਜ਼ਰਾ ਕੁ ਦਰਦਾ ਨੇ। ਮੈਂ ਤਾਂ ਹੀ ਸਵੇਰ ਤੋਂ ਉੱਠੀ ਈ ਨਹੀਂ, ਐਵੇਂ ਕਿਉਂ ਫਿਕਰ ਕਰਦੇ ਓ?'' ਉਹਨੇ ਸਾਰਿਆਂ ਨੂੰ ਚਿੰਤਾਮੁਕਤ ਕਰਨ ਲਈ ਕਿਹਾ। ਸ਼ਾਮ ਤੱਕ ਮਾਤਾ ਬੇਹੋਸ਼ ਹੀ ਹੋ ਗਈ, ਅੱਖਾਂ ਹੀ ਨਾ ਖੋਲ੍ਹੇ। ਅਗਲੇ ਤਿੰਨ ਦਿਨਾਂ ਵਿਚ ਕਮਰਾ ਤਰ੍ਹਾਂ-ਤਰ੍ਹਾਂ ਦੀਆਂ ਦਵਾਈਆਂ, ਟੀਕਿਆਂ ਤੇ ਉਨ੍ਹਾਂ ਦੀ ਗੰਧ ਨਾਲ ਭਰ ਗਿਆ। ਉੱਡੇ ਮੂੰਹਾਂ ਵਾਲੇ ਪੁੱਤ ਕਮਰੇ ਦੇ ਅੰਦਰ ਬਾਹਰ ਹਈ ਜਾਂਦੇ। ਨੂੰਹਾਂ ਦੇ ਵੀ ਜਿਹੇ ਹੋਸ਼ ਉੱਡ ਗਏ ਸਨ।'' ਮਾਂ ਨੇ ਦਵਾਈ ਲਈ? ਮਾਂ ਨੇ ਦੁੱਧ ਪੀਤਾ? ਮਾਂ ਨੇ ਰਸ ਪੀਤਾ? '' ਸਵਾਲ ਬੱਸ ਇਹੋ ਜਿਹੇ ਹੀ ਹੋ ਕੇ ਰਹਿ ਗਏ। ਖਰਚੇ, ਦਵਾਈਆਂ ਡਾਕਟਰਾਂ ਦਾ ਕੋਈ ਅੰਤ ਨਾ ਰਿਹਾ। ਮਾਤਾ ਨੂੰ ਬਚਾਉਣ ਦੀ ਮੁਹਿੰਮ ਛਿੜ ਗਈ। ਧੀਆਂ ਵੀ ਆ ਕੇ ਮਾਂ ਦੇ ਗੋਡੇ-ਮੁੱਢ ਲੱਗ ਗਈਆਂ। ਦੁਖੀ ਤਾਂ ਸਾਰੇ ਸਨ ਪਰ ਜੋਗੀ ਦਾ ਦੁੱਖ ਕੋਈ ਨਹੀਂ ਸੀ ਜਾਣਦਾ। ਰਾਤ ਨੂੰ ਸਾਰੇ ਸੌਂ ਜਾਂਦੇ, ਪਰ ਜੋਗੀ ਦਾਦੀ ਦੇ ਕੋਲ ਹੀ ਮੰਜੇ 'ਤੇ ਸਿਰ ਸੁੱਟੀ ਬੈਠਾ ਰਹਿੰਦਾ। ਬੇਹੋਸ਼, ਸੁੱਧ -ਬੁੱਧ ਤੋਂ ਸੱਖਣੀ ਮਾਤਾ ਰਾਤ ਵੇਲੇ ਅਚਨਚੇਤ ਜੋਗੀ ਦਾ ਮੱਥਾ ਪਲੋਸਦੀ ਤੇ ਕਦੇ-ਕਦੇ ਕੁਝ ਕਹਿੰਦੀ ਵੀ, ਪਰ ਨਾਲ ਦੀ ਨਾਲ ਫਿਰ ਨੀਂਦੇ ਸੌਂ ਜਾਂਦੀ। ਪਰਿਵਾਰ ਦੇ ਬਾਕੀ ਸਾਰੇ ਮੈਂਬਰ ਜਦੋਂ ਘਰ ਹੁੰਦੇ ਤਾਂ ਮਾਤਾ ਦੇ ਕਮਰੇ ਵਿਚ ਹੀ ਬੈਠੇ ਰਹਿੰਦੇ। ਪ੍ਰੋਫੈਸਰ, ਡਾਕਟਰ ਤੇ ਵਕੀਲ ਪੁੱਤ ਬਚਪਨ ਦੀਆਂ ਗੱਲਾਂ ਕਰਦੇ। ਮਾਂ ਦੀ ਘਾਲਣਾ ਯਾਦ ਕਰਦੇ। ਨੂੰਹਾਂ ਛੋਟੀ ਛੋਟੀ ਗੱਲੋਂ ਮਾਂ ਦਾ ਵਿਰੋਧ ਕਰਨ ਦੀਆਂ ਗੱਲਾਂ ਨੂੰ ਯਾਦ ਕਰਕੇ ਆਪਣੀ ਗਲਤੀ 'ਤੇ ਝੂਰਦੀਆਂ। ਪੋਤੇ-ਪੋਤੀਆਂ ਕੰਧਾਂ ਕੋਲਿਆਂ ਪਿੱਛੇ ਖੜ੍ਹ ਕੇ ਰੋ ਲੈਂਦੇ। ਜੋਗੀ ਦਾ ਦੁੱਖ ਤਾਂ ਉਸ ਦੇ ਅੰਗ-ਅੰਗ ਵਿਚੋਂ ਛਲਕਦਾ ਸੀ। ਤੇ ਫੇਰ ਮਾਤਾ ਚਲਾਣਾ ਕਰ ਗਈ। ਪਰਿਵਾਰ ਦੀਆਂ ਧੀਆਂ ਵੱਲੋਂ ਚੌਥੇ ਦਿਨ ਦਿੱਤੀ ਗਈ ਸ਼ਰਧਾਜਲੀ ਮਗਰੋਂ ਉਠਾਲਾ ਹੋ ਗਿਆ। ਹੁਣ ਚਾਰੇ ਪੁੱਤਰਾਂ ਨੇ ਮਾਂ ਨੂੰ ਵਿਦਾਇਗੀ ਦੇਣ ਲਈ ਸ਼ਰਾਧ ਕਰਨਾ ਸੀ। ਉਨ੍ਹਾਂ ਮਾਂ ਦੇ ਅਗਲੇ ਸਫਰ ਲਈ ਸਾਮਾਨ ਢੋਣਾ ਸੀ। ਨਵੇਂ ਬਿਸਤਰੇ, ਤਲਾਈਆਂ, ਰਜਾਈਆਂ, ਰੇਸ਼ਮੀ ਸਿਰ੍ਹਾਣੇ, ਭਾਂਡੇ ਤੇ ਕਿੰਨਾ ਕੁਝ ਹੀ ਕੁਝ ਨਵਾਂ ਇਕੱਠਾ ਹੋਇਆ। ਦੂਰੋਂ-ਪਾਰੋਂ ਸਾਰੇ ਰਿਸ਼ਤੇਦਾਰ ਘਰ ਵਿਚ ਇਕੱਠੇ ਹੋ ਰਹੇ ਸਨ। ਮਾਤਾ ਦੇ ਸਭ ਤੋਂ ਨੇੜਲੇ ਜੋਗੀ ਦੇ ਹੱਥੋਂ ਸ਼ਰਾਧ ਦੀ ਰਸਮ ਹੋਣੀ ਸੀ, ਪਰ ਜੋਗੀ ਦੇ ਹੱਥੋਂ ਸ਼ਰਾਧ ਦੀ ਰਸਮ ਹੋਣੀ ਸੀ, ਪਰ ਜੋਗੀ ਕਿੱਥੇ ਸੀ? ਉਹ ਨਾ ਖਾਂਦਾ, ਨਾ ਦਿਸਦਾ ਸਭ ਤੋਂ ਛੋਟਾ ਚਾਚਾ ਕਦੇ ਉਹਨੂੰ ਲੱਭਦਾ ਤੇ ਬੁਲਾ ਕੇ ਰੋਟੀ ਖਵਾਉਂਦਾ। ਮੁੰਡਾ ਪੀਲਾ ਭੂਕ ਵਰਗਾ ਹੋਇਆ ਪਿਆ ਸੀ। ਚਿੱਟੇ ਪਰ ਮੈਲੇ ਕੱਪੜੇ, ਵਾਲ ਖਿੰਡੇ ਹੋਏ। ਉਹ ਡਡਰਿਆਂ ਵਾਂਗ ਝਾਕਦਾ ਜਿਵੇਂ ਕਿਸੇ ਹੋਰ ਗ੍ਰਹਿ ਤੋਂ ਆਇਆ ਹੋਵੇ। ਸ਼ਰਾਧ ਦਾ ਦਿਨ ਵੀ ਆ ਗਿਆ। ਘਰ ਨੂੰ ਨਵੀਂ ਜਿਹੀ ਦਿੱਖ ਦਿੱਤੀ ਗਈ। ਦੋਸਤਾਂ, ਮਿੱਤਰਾਂ, ਰਿਸ਼ਤੇਦਾਰਾਂ ਤੇ ਭਜਨ ਮੰਡਲੀਆਂ ਨੇ ਆਪੋ-ਆਪਣੀਆਂ ਥਾਵਾਂ ਸਾਂਭ ਲਈਆਂ। ਪ੍ਰੋਫੈਸਰ ਨੇ ਜੋਗੀ ਨੂੰ ਸੱਦਿਆ, 'ਕਿਥੇ ਸੀ? ਇੱਥੇ ਆ ਬੈਠ ਇੱਥੇ?'' ਮੁੰਡੇ ਨੇ ਹੈਰਾਨੀ ਜਿਹੀ 'ਚ ਪੁੱਛਿਆ, ''ਕਿਉਂ, ਮੈਂ ਇਥੇ ਕੀ ਕਰਨੈ? 'ਤੂੰ ਆਪਣੀ ਦਾਦੀ ਲਈ ਇਹ ਸਾਰਾ ਸਾਮਾਨ ਦਾਨ ਕਰਨਾ ਏ?'ਦਾਨ? ਕਿਹਨੂੰ?'' 'ਤੂੰ ਚੁੱਪ ਕਰ ਕੇ ਬੈਠ ਜਾ ਇਥੇ ਆਕੇ!''

ਜੋਗੀ ਚੁਪਚਾਪ ਬੈਠ ਗਿਆ ਤੇ ਫੇਰ ਪੰਡਿਤ ਦੇ ਪਿੱਛੇ ਪਿੱਛੇ ਮੰਤਰ ਵੀ ਬੋਲਣ ਲੱਗ ਪਿਆ। ਮੰਤਰ ਬੋਲਦਿਆਂ ਬੋਲਦਿਆਂ ਉਸ ਦਾ ਸਬਰ ਟੁੱਟ ਗਿਆ। ਉਸ ਨੇ ਉੱਚੀ ਸਾਰੀ ਲੇਰ ਮਾਰੀ। 'ਹਾਏ ਦਾਦੀ! ਤੂੰ ਕਿਉਂ ਤੁਰ ਗਈ ਦਾਦੀ! ਇਨ੍ਹਾਂ ਪਖੰਡੀਆਂ ਤੇਰੇ ਜਿਉਂਦੇ ਜੀਅ ਬਿਸਤਰਿਆਂ ਤੇ ਭਾਂਡਿਆਂ ਦੀ ਖਾਤਰ ਹੀ ਤੈਨੂੰ ਭੰਡਿਆ ਸੀ।'' ਹੋਰ ਪੋਤੇ ਪੋਤਰੀਆਂ ਵੀ ਆਪੋ-ਆਪਣੀ ਥਾਂ ਡੁਸਕਣ ਲੱਗ ਪਏ। ਪਰ੍ਹਾਂ ਬੈਠੇ ਦੋਸਤ, ਮਿੱਤਰ, ਰਿਸ਼ਤੇਦਾਰ ਵੀ ਦੌੜੇ ਆਏ। 'ਕੀ ਹੋਇਆ, ਕੀ ਹੋਇਆ?'' ਜੋਗੀ ਅੱਗੋ ਕੁਝ ਨਾ ਬੋਲਿਆ ਤੇ ਖੁਦ ਨੂੰ ਸੰਭਾਲਣ ਦੀ ਕੋਸ਼ਿਸ਼ ਕਰਨ ਲੱਗਾ। 'ਇਹ ਕੀ ਬਕਦੈਂ ਬੇਸ਼ਰਮਾਂ। ਪ੍ਰੋਫੈਸਰ ਆਪਣੇ ਪੁੱਤ ਨੂੰ ਘੂਰ ਰਿਹਾ ਸੀ। ਛੋਟੇ ਚਾਚੇ ਨੇ ਕਿਹਾ, 'ਜੋਗੀ, ਕੀ ਗੱਲ ਏ? ਤੂੰ ਦੱਸ ਮੈਨੂੰ!'' ਜੋਗੀ ਦੀਆਂ ਅੱਖਾਂ 'ਚੋ ਦਰਿਆ ਵਹਿ ਤੁਰੇ,'' ਤੁਸੀਂ ਦਾਦੀ ਨੂੰ ਕਦੇ ਸੁਖ ਨਹੀਂ ਦਿੱਤਾ। ਹਰ ਗੱਲ 'ਤੇ ਉਸ ਨੂੰ ਟੋਕਦੇ ਰਹੇ। ਉਹ ਸਾਡੇ ਲਈ ਸਾਮਾਨ ਬਣਾਉਂਦੀ ਤੇ ਤੁਸੀ ਭੰਡਦੇ ਰਹੇ। ਮੈਂ ਮਰੀ ਹੋਈ ਦਾਦੀ ਦੇ ਨਾਂ 'ਤੇ ਕੋਈ ਦਾਨ ਨਹੀਂ ਕਰ ਸਕਦਾ!'' ਜੋਗੀ ਉਥੋਂ ਉੱਠ ਕੇ ਭੱਜ ਤੁਰਿਆ। ਛੋਟੇ ਚਾਚੇ ਦੀਆਂ ਅੱਖਾਂ ਵਿਚੋਂ ਵੀ ਦਰਦ ਛਲਕਿਆ ਤੇ ਤਿੰਨੋ ਵੱਡੇ ਭਰਾ ਇਕ ਦੂਜ ਦੇ ਮੂੰਹ ਵੱਲ ਝਾਕਣ ਲੱਗੇ। ਚੁੱਪ-ਗੜੁੱਪ।

## ਵਿਅੰਗ

# ਜ਼ਰਾ ਦੇਖ ਕੇ ਚਲੋ

ਗਿੱਦੜ ਨਖਿੱਧ ਜਿਹਾ ਜਾਨਵਰ ਗਿਣਿਆ ਜਾਂਦਾ ਹੈ। ਕੋਈ ਡਰਾਕਲ ਹੋਵੇ ਤਾਂ ਉਸ ਨੂੰ ਗਿੱਦੜ ਜਿਹਾ ਡਰਾਕਲ ਆਖ ਦਿੱਤਾ ਜਾਂਦਾ ਹੈ। ਕਿਸੇ ਬਾਜ਼ਾਰੀ ਮਜਨੂੰ ਨੂੰ ਲੋਕ ਕੁੱਟ ਧਰਨ ਤਾਂ ਇਸ ਨੂੰ ਗਿੱਦੜ ਕੁਟ ਕਿਹਾ ਜਾਂਦਾ ਹੈ। ਇਸ ਪ੍ਰਕਾਰ ਜੇ ਕੋਈ ਜੇਬਕਤਰਾ ਮੌਕੇ ਤੇ ਫੜੇ ਜਾਣ ਕਾਰਨ ਕੁੱਟਿਆ ਜਾਵੇ ਤਾਂ ਉਹ ਵੀ ਗਿੱਦੜ ਕੁੱਟ ਦੀ ਮਾਰ ਹੇਠ ਆ ਜਾਂਦਾ ਹੈ। ਅਜਿਹੀ ਕੁੱਟ ਵਿਚ ਸਾਡੇ ਜਿਹੇ ਵੀ ਦੋ-ਚਾਰ ਜੁੱਤੀਆਂ ਲਾ ਕੇ ਸ਼ੇਰ ਬਣ ਦੇ ਦੇਖ ਲੈਂਦੇ ਹਨ ਉਂਝ ਭਾਵੇਂ ਘਰ ਵਾਲੀ ਤੋਂ ਚੌਵੀ ਘੰਟੇ ਡਰਕੇਜੂਨ ਪੂਰੀ ਕਰਦੇ ਹੋਣ। ਸਪਸ਼ਟ ਹੈ ਕਿ ਗਿੱਦੜ ਦੀ ਚਰਚਾ ਕਈ ਵਾਰ ਹੋ ਜਾਂਦੀ ਹੈ। ਪੁਰਾਣੇ ਬਜ਼ੁਰਗ ਪਹਿਲੇ ਵੇਲਿਆਂ ਵਿਚ 'ਸ਼ੁਕਰ ਸੁਰਮਈ ਦੇ ਰੰਗਾਂ ਨੂੰ ਕਿ ਗਿੱਦੜ ਚੱਲੇ ਗੰਗਾ ਨੂੰ' ਕਈ ਵਾਰ ਉਚਰਦੇ ਸਨ। ਚਾਹੇ ਹੁਣ ਦੀ ਅੰਗਰੇਜ਼ੀ ਤਰਜ਼ ਦੀ ਪੀੜ੍ਹੀ ਅਜਿਹੇ ਦੇਸੀ ਕਥਨਾਂ ਤੋਂ ਪੂਰੀ ਤਰ੍ਹਾਂ ਬੇਖਬਰ ਹੀ ਹੈ। ਹਾਂ ਗਿੱਦੜਸਿੰਗੀ ਤੋਂ ਜਾਣੂ ਹੋਣਗੇ। ਖੈਰ, ਅਸੀਂ ਗੱਲ ਕਰਨੀ ਹੈ ਗਿੱਦੜਚੀਕ ਦੀ ਜੋ ਸਭ ਤੋਂ ਵੱਧ ਚਰਚਾ ਵਿਚ ਆਉਂਦੀ ਹੈ। ਇਹ ਭੇਡ ਚਾਲ ਦੀ ਤਰਜ਼ ਵਾਲਾ ਕੰਮ ਹੁੰਦਾ ਹੈ। ਜਿਸ ਤਰ੍ਹਾਂ ਇਕ ਭੇਡ ਦੂਜੀ ਭੇਡ ਦੇ ਪਿੱਛੇ ਪਿੱਛੇ ਹੋ ਲੈਂਦੀ ਹੈ ਉਸੇ ਤਰ੍ਹਾਂ ਜੇ ਗਿੱਦੜ ਕਿਸੇ ਕਾਰਨ ਚੀਕ ਮਾਰ ਦੇਵੇ ਤਾਂ ਨੇੜੇ ਤੇੜੇ ਦੇ ਗਿੱਦੜ ਫੌਰਨ ਚੀਕਾਂ ਮਰਨ ਲੱਗ ਪੈਂਦੇ ਹਨ। ਇੰਜ ਇਹ ਆਪਣੀ ਕਟੁੰਬੀ ਦੀ ਏਕਤਾ ਦਾ ਪ੍ਰਗਟਾਵਾ ਕਰਦੇ ਹਨ। ਭਾਵ ਪਹਿਲੀ ਚੀਕ ਦੇ ਕਾਰਨ ਪਿੱਛੇ ਨਹੀਂ ਜਾਇਆ ਜਾਂਦਾ ਕੇਵਲ ਗਿੱਦੜ ਯੂਨੀਅਨ ਜ਼ਿੰਦਾਬਾਦ ਦਾ ਕੰਮ ਹੀ ਕੀਤਾ ਜਾਂਦਾ ਹੈ। ਗਿੱਦੜ ਚੀਕ ਕਈ ਵਾਰ ਚੇਤੇ ਆ ਜਾਂਦੀ ਹੈ ਬੰਦੇ ਹਾਲਾਂਕਿ ਸੋਚਣ ਸਮਝਣ ਦੀ ਤਾਕਤ ਨਾਲ ਲੈਸ ਹੁੰਦੇ ਹਨ ਪਰ ਕਈ ਹਾਲਤਾਂ ਵਿਚ ਇਹ ਗਿੱਦੜ ਦੇ ਪੈਰੋਕਾਰ ਹੀ ਬਣ ਜਾਂਦੇ ਹਨ ਪਰ ਇਹ ਮਨੁੱਖੀ ਕਾਰ-ਵਿਹਾਰ ਵਿਚ ਹਾਨੀਕਾਰਕ ਸਿੱਧ ਹੁੰਦੀ ਹੈ। ਕਿਉਂਕਿ ਗਲਤ-ਠੀਕ ਦਾ ਫਰਕ ਖਤਮ ਹੋ ਜਾਂਦਾ ਹੈ।

ਕਈ ਵਾਰ ਚੀਕਾਂ ਸੰਘ ਪਾੜਨ ਜਾਂ ਸਿਰ ਪੋਲ ਕਰਨ ਦਾ ਕੰਮ ਹੀ ਕਰਦੀਆਂ ਹਨ। ਸਾਡੇ ਜਦੋਂ ਸਮਾਜਵਾਦ ਦੀ ਚੜ੍ਹਤ ਵੇਲੇ ਮੁਲਾਜ਼ਮ, ਮਜ਼ਦੂਰ, ਜਥੇਬੰਦੀਆਂ ਦਾ ਜ਼ੋਰ ਹੁੰਦਾ ਸੀ ਉਥੋਂ ਕਈ ਵਾਰ ਬਗੈਰ ਸੋਚੇ ਪਰਖੇ ਗਿੱਦੜ ਚੀਕ ਪੈਣ ਲੱਗ ਪੈਂਦੀ ਸੀ। ਅਫਸਰਸ਼ਾਹੀ ਭਾਵੇ ਅਫਸਰ ਲੋਕ ਮਾਰਖਾਨੇਦਾਰ ਕੋਈ ਮਜ਼ਦੂਰ ਤੇ ਮੁਲਾਜ਼ਮ ਦੇ ਸ਼ਰੀਕ ਯਾਨਿ ਕਿ ਦੁਸ਼ਮਣ ਸਮਝੇ ਜਾਂਦੇ ਹਨ। ਨਤੀਜੇ ਵਜੋਂ ਜੇ ਕੋਈ ਈਮਾਨਦਾਰ ਅਫਸਰ ਵੀ ਕਿਸੇ ਗੈਰ-ਜ਼ਿੰਮੇਵਾਰ ਮੁਲਾਜ਼ਮ ਨੂੰ ਡਿਊਟੀ ਪ੍ਰਤੀ ਸੁਚੇਤ ਕਰਦਾ ਤਾਂ ਉਸ ਖਿਲਾਫ ਵੀ 'ਅਫਰਸ਼ਾਹੀ ਮੁਰਦਾਬਾਦ' ਅਤੇ 'ਮੁਲਾਜ਼ਮ ਏਕਤਾ ਜ਼ਿੰਦਾਬਾਦ' ਦਾ ਬੈਂਡ ਵਾਜਾ ਵੱਜਣ ਲੱਗ ਪੈਂਦਾ ਸੀ। ਇਸੇ ਪ੍ਰਕਾਰ ਕਿਸੇ ਨੇਕ ਨੀਤ ਕਾਰਖਾਨੇ ਦੇ ਮਾਲਿਕ ਵਲੋਂ ਜੇ ਕਿਸੇ ਮਜਬੂਰੀ ਵੱਸ ਮਜ਼ਦੂਰਾਂ ਨੂੰ ਕੁਝ ਆਖ ਦਿੱਤਾ ਜਾਂਦਾ ਤਾਂ ਵੀ ਸਰਮਾਏਦਾਰੀ ਮੁਰਦਾਬਾਦ ਤੇ ਮਜ਼ਦੂਰ ਏਕਤਾ ਜ਼ਿੰਦਾਬਾਦ ਦਾ ਸੰਗੀਤ ਸ਼ੁਰੂ ਹੋ ਜਾਂਦਾ ਸੀ। ਲਿਖਣ ਦਾ ਭਾਵ ਇਹ ਨਹੀਂ ਕਿ ਭ੍ਰਿਸ਼ਟ ਅਫਸਰਾਂ ਤੇ ਗਰੀਬਮਾਰ ਕਾਰਖਾਨੇਦਾਰ ਜਾਂ ਸਰਮਾਏਦਾਰ ਦਾ ਵਿਰੋਧ ਨਾ ਕੀਤਾ ਜਾਵੇ।

ਅਸੀਂ ਆਪ ਸਮਾਜਵਾਦੀ ਵਿਚਾਰਧਾਰਾ ਰੱਖਦੇ ਹਾਂ ਤੇ ਇਸ ਦੇ ਪਤਨ 'ਤੇ ਵੀ ਦੁਖੀ ਵੀ ਹਾਂ ਪਰ ਹਰ ਕੇਸ ਜਾਂ ਸਮੱਸਿਆ ਦੀ ਘੋਖ ਜ਼ਰੂਰ ਹੋਣੀ ਚਾਹੀਦੀ ਹੈ ਤੇ ਘੋਟਾ ਲਗਾ ਕੇ ਚੀਕ ਚੰਘਿਆੜਾ ਨਹੀਂ ਪਾਉਣਾ ਚਾਹੀਦਾ ਜੇ ਕੋਈ ਵਿਰੋਧ ਕਰਨ ਦੇ ਯੋਗ ਹੈ ਤਾਂ ਵਿਰੋਧ ਡੱਟ ਕੇ ਹੋਣਾ ਚਾਹੀਦਾ ਹੈ ਪਰ ਜੇ ਕੋਈ ਨੇਕ ਅਫਸਰ ਜਾਂ ਸਰਮਾਏਦਾਰ ਡਿਊਟੀ ਚੰਗੀ ਤਰ੍ਹਾਂ ਕਰਨ ਲਈ ਆਖੇ ਜਾਂ ਤਾੜੇ ਤਾਂ ਇਸ ਵਿਰੁੱਧ ਗਿੱਦੜ ਚੀਕ ਘਾਤਕ ਸਿੱਧ ਹੁੰਦੀ ਹੈ।

ਸਮਾਜਵਾਦ ਦਾ ਪਤਨ ਤੇ ਨਿਜੀਕਰਨ ਜਾਂ ਪੂੰਜੀਵਾਦ ਦੀ ਚੜ੍ਹਤ ਦਾ ਇਕ ਵੱਡਾ ਕਾਰਨ ਜਥੇਬੰਦੀਆਂ ਦੀਆਂ ਗਿੱਦੜ ਚੀਕਾਂ ਹਨ। ''ਮੇਰੇ ਹੱਕ ਇਥੇ ਰੱਖ'' ਉਤੇ ਜ਼ੋਰ ਦਿੱਤਾ ਗਿਆ ਤੇ ਕਾਮੇ ਨੂੰ ਫਰਜ਼ ਪੂਰਤੀ ਬਾਰੇ ਅਵੇਸਲਾ ਕਰ ਛੱਡਿਆ। ਪੈਦਾਵਾਰ ਘੱਟ ਗਈ। ਕੰਮ ਚੋਰੀ ਭਾਰੂ ਹੋ ਗਈ ਇਸ ਸਮਾਜਵਾਦ ਦਾ ਚੰਗਾ ਭਲਾ ਸੰਕਲਪ ਬਦਨਾਮ ਹੋ ਕੇ ਰਹਿ ਗਿਆ। ਸਪੱਸ਼ਟ ਹੈ ਕਿ ਗਿੱਦੜ ਚੀਕ ਮਾਰਨ ਤੋਂ ਪਹਿਲਾਂ ਪੂਰੀ ਤਰ੍ਹਾਂ ਵਿਚਾਰ ਕਰਨਾ ਜ਼ਰੂਰੀ ਹੁੰਦਾ ਹੈ। ਪਹਿਲੀ ਚੀਕ ਦੇ ਠੀਕ ਗਲਤ ਹੋਣ ਬਾਰੇ ਪੂਰੀ ਤਰ੍ਹਾਂ ਪੁਣ ਛਾਣ ਕਰਕੇ ਹੀ ਅਗਾਂਹ ਕਦਮ ਪੁੱਟਣਾ ਚਾਹੀਦਾ ਹੈ। ਜੇ ਪਹਿਲੀ ਚੀਕ ਠੀਕ ਨਾ ਲੱਗੇ ਤਾਂ ਉਸ ਨੂੰ ਸਮਝਾ ਕੇ ਚੁੱਪ ਕਰਾਉਣਾ ਚਾਹੀਦਾ ਹੈ।

ਨਿਰਾ ਕੋੜਮੇ ਤੇ ਕਬੀਲੇ ਦੇ ਅਸਰ ਹੇਠ ਨਹੀਂ ਆਉਣਾ ਚਾਹੀਦਾ। ਕਾਮਰੇਡ ਜਾਂ ਸਾਥੀ ਹੋਣਾ ਮਾੜਾ ਨਹੀਂ ਪਰ ਅਨ੍ਹੇਵਾਹ ਇਕ ਦੂਜੇ ਦੇ ਮਗਰ ਲੱਗਣਾ ਹਾਨੀਕਾਰਕ ਹੁੰਦਾ ਹੈ। ਇੰਝ ''ਹਮ ਤੋ ਡੂਬੇ ਹੈਂ ਸਨਮ, ਤੁਝ ਕੋ ਭੀ ਲੇ ਕੇ ਡੂਬੇਂ ਗੇਂ'' ਵਾਲਾ ਕੰਮ ਵੀ ਹੋ ਜਾਂਦਾ ਹੈ। ਇਸ ਲਈ ਸਾਥ ਅਕਲ ਨਾਲ ਹੋਣਾ ਚਾਹੀਦਾ ਹੈ। ਨਾ ਕਿ ਗਿੱਦੜ ਚੀਕ ਦੇ ਨੁਸਖੇ ਮੁਤਾਬਕ। ਗਿੱਦੜ ਚੀਕ ਗਿੱਦੜ ਲਈ ਹੀ ਠੀਕ ਹੈ ਬੰਦਿਆਂ ਲਈ ਨਹੀਂ। ਬੰਦਿਆਂ ਨੂੰ ਤਾਂ ''ਏ ਭਾਈ ਜ਼ਰਾ ਦੇਖ ਕੇ ਚਲੋ'' ਚੇਤੇ ਰੱਖਣਾ ਚਾਹੀਦਾ ਹੈ।

-ਰਾਜਿੰਦਰ ਪਾਲ ਸ਼ਰਮਾ

## ਵਿਅੰਗ

# ਲੀਡਰਾਂ ਤੇ ਮਾਸਟਰਾਂ ਦੀ ਬੱਲੇ-ਬੱਲੇ

ਜਿਸ ਤਰ੍ਹਾਂ ਦਲੀਲ ਤੇ ਵਕੀਲ ਦਾ ਸਬੰਧ ਹੈ, ਉਸੇ ਤਰ੍ਹਾਂ ਲੀਡਰ ਤੇ ਲੈਕਚਰ ਦਾ ਹੈ। ਜਿਹੜਾ ਬੰਦਾ ਲੈਕਚਾਰ ਨਹੀਂ ਕਰ ਸਕਦਾ, ਉਹ ਲੀਡਰ ਨਹੀਂ ਹੋ ਸਕਦਾ। ਕੰਮ ਜਾਂ ਕਿੱਤਾ, ਜੋ ਅਜਿਹਾ ਹੈ ਪਰ ਲੀਡਰ ਵੀ ਹਰੇਕ ਨਹੀਂ ਬਣ ਸਕਦਾ। ਵਿਸ਼ੇਸ਼ ਰੁਚੀ ਤੇ ਰੁਝਾਨ ਦੀ ਲੋੜ ਹੁੰਦੀ ਹੈ। ਇਕ ਵਾਰ ਇਕ ਮੁਹੱਲੇ ਵਾਲੇ ਇਸ ਗੱਲੋਂ ਔਖੇ ਸਨ ਕਿ ਜਦੋਂ ਵੀ ਉਨ੍ਹਾਂ ਨੂੰ ਸਰਕਾਰੇ ਦਰਬਾਰੇ ਮਾੜਾ ਮੋਟਾ ਕੰਮ ਪੈਂਦਾ ਸੀ ਤਾਂ ਉਨ੍ਹਾਂ ਨੂੰ ਹੋਰ ਮੁਹੱਲੇ ਤੋਂ ਕੋਈ ਲੀਡਰ ਨਾਲ ਲੈ ਕੇ ਜਾਣਾ ਪੈਂਦਾ ਸੀ। ਇਕ ਦਿਨ ਮੁਹੱਲੇ ਦਾ ਇਕੱਠ ਹੋਇਆ ਤੇ ਸਾਰਿਆਂ ਨੇ ਲੀਡਰ ਦੀ ਘਾਟ ਬਾਰੇ ਵਿਚਾਰ ਕੀਤਾ। ਫੈਸਲਾ ਇਹ ਹੋਇਆ ਕਿ ਕੋਈ ਮੁਹੱਲੇ ਵਿਚੋਂ ਲੀਡਰ ਪੈਦਾ ਕੀਤਾ ਜਾਵੇ ਤਾਂ ਜੋ ਦੂਜਿਆਂ ਦੇ ਮਗਰ ਫਿਰਨ ਵਿਚ ਹੁਣ ਜਿਹੜਾ ਲੜਕਾ ਪੈਦਾ ਹੋਏਗਾ, ਉਸ ਨੂੰ ਲੀਡਰ ਬਣਾਓ। ਸੁਭਾਵਿਕ ਤੌਰ 'ਤੇ ਕਿਸੇ ਘਰ ਲੜਕਾ ਪੈਦਾ ਹੋ ਗਿਆ। ਸਾਰਾ ਮੁਹੱਲਾ ਉਸ ਨੂੰ ਆਪਣਾ ਹੀ ਸਮਝਦਾ ਸੀ ਕਿਉਂਕਿ ਲੀਡਰ ਦੀ ਘਾਟ ਪੂਰੀ ਹੋਣ ਦੀ ਉਸ ਤੋਂ ਆਸ ਸੀ। ਉਸ ਦੀ ਸੇਵਾ ਤੇ ਖਾਤਿਰਦਾਰੀ ਵੀ ਸਭ ਕਰਦੇ ਸਨ। ਆਸ਼ੀਰਵਾਦ ਤੇ ਸ਼ੁੱਭ ਇੱਛਾਵਾਂ ਉਸ ਸੰਭਾਵੀ ਲੀਡਰ ਨੂੰ ਮਿਲਦੀਆਂ ਸਨ।

ਹੌਲੀ ਹੌਲੀ ਉਹ ਵੱਡਾ ਹੁੰਦਾ ਗਿਆ ਤੇ ਮੁਹੱਲੇ ਵਾਲੇ ਖੁਸ਼ ਹੁੰਦੇ ਗਏ ਪਰ ਉਸ ਮੁੰਡੇ ਨੇ ਘਰਵਾਲਿਆਂ ਨੂੰ ਦੁਕਾਨ ਪਾ ਕੇ ਦੇਣ ਲਈ ਆਖ ਦਿੱਤਾ। ਲੀਡਰਾਂ ਵਾਲੇ ਜਰਾਸੀਮ ਉਸ ਵਿਚ ਉੱਕਾ ਹੀ ਨਹੀਂ ਸਨ। ਜਦੋਂ ਮੁਹੱਲੇ ਵਾਲਿਆਂ ਨੂੰ ਉਸ ਦੀ ਇੱਛਾ ਬਾਰੇ ਪਤਾ ਲੱਗਾ ਤਾਂ ਉਹ ਭੱਜੇ-ਭੱਜੇ ਮੁੰਡੇ ਦੇ ਘਰ ਆਏ। ਉਸਨੂੰ ਸਮਝਾਉਣ ਲੱਗੇ ਕਿ ਅਸੀਂ ਤਾਂ ਸਾਰਾ ਜ਼ੋਰ ਤੈਨੂੰ ਲੀਡਰ ਬਣਾਉਣ 'ਤੇ ਲਾਇਆ ਸੀ ਪਰ ਤੂੰ ਲੂਣ-ਤੇਲ ਵੇਚਣ ਲਈ ਜ਼ਿੱਦ ਫੜੀ ਬੈਠਾ ਹੈ ਪਰ ਮੁੰਡੇ ਨੇ ਸਾਫ ਕਹਿ ਦਿੱਤਾ ਕਿ ਉਸਨੂੰ ਲੀਡਰੀ ਦਾ ਕੋਈ ਸ਼ੌਕ ਨਹੀਂ ਤੇ ਦੁਕਾਨ ਹੀ ਕਰੇਗਾ। ਮੁਹੱਲੇ ਦੀਆਂ ਆਸਾਂ 'ਤੇ ਪਾਣੀ ਫਿਰ ਗਿਆ। ਉਪਰੋਕਤ ਤੋਂ ਸਪੱਸ਼ਟ ਹੈ ਕਿ ਸੁਭਾਵਿੱਕ ਰੁਝਾਨ ਤੇ ਰੁਚੀ ਬਗੈਰ ਬੰਦਾ ਨਾ ਤਾਂ ਲੀਡਰ ਬਣ ਸਕਦਾ ਹੈ ਤੇ ਨਾ ਕੋਈ ਹੋਰ ਮੱਲ ਮਾਰ ਸਕਦਾ ਹੈ। ਹਰ ਕੰਮ ਵਿਚ ਸਫਲਤਾ ਲਈ ਵਿਸ਼ੇਸ਼ ਰੁਚੀ ਦੀ ਲੋੜ ਹੁੰਦੀ ਹੈ। ਆਉਂਦੇ ਹਾਂ ਲੀਡਰ ਲੈਕਚਰ ਵੱਲ। ਲੀਡਰ ਨੂੰ ਆਮ ਜਨਤਕ ਭਾਸ਼ਣ ਤਾਂ ਕਰਨੇ ਹੀ ਪੈਂਦੇ ਹਨ। ਵਿਸ਼ੇਸ਼ ਕਰਕੇ ਚੋਣਾਂ ਦੇ ਨੇੜੇ ਜਾ ਕੇ ਤਾਂ ਲੈਕਚਰਾਂ ਦੀ ਧੂੜ ਵਗ੍ਹਾਉਣੀ ਪੈਂਦੀ ਹੈ। ਆਮ ਹਾਲਾਤ ਵਿਚ ਵੀ ਕਦੇ ਟੂਰਨਾਮੈਂਟ ਦੇ ਉਦਘਾਟਨ ਜਾਂ ਸਮਾਪਤੀ 'ਤੇ ਬੋਲਣਾ ਪੈਂਦਾ ਹੈ ਤੇ ਕਈ ਵਾਰ ਕਿਸੇ ਮੇਲੇ ਮੁਸ਼ਾਵੇ 'ਤੇ। ਹੋਰ ਤਾਂ ਹੋਰ ਸਾਡੇ ਸਮਾਜਿਕ ਸਮਾਗਮਾਂ ਵਿਚ ਵੀ ਲੀਡਰਾਂ ਦੇ ਭਾਸ਼ਣ ਉਰਫ ਲੈਕਚਰ ਆਮ ਚੱਲਦੇ ਹਨ। ਕਈਆਂ ਦੀ ਤਾਂ ਲੀਡਰਾਂ ਨਾਲ ਨੇੜਤਾ ਹੁੰਦੀ ਹੈ ਤੇ ਬਹੁਤੇ ਸਾਡੇ ਜਿਹੇ ਖਿੱਚ ਧੂਹ ਕੇ ਲੀਡਰਾਂ ਨੂੰ ਸੱਦ ਲੈਂਦੇ ਹਨ। ਮਰਗਤ ਦੇ ਭੋਗ ਤੇ ਦੋ-ਚਾਰ ਲੀਡਰਾਂ ਵਲੋਂ 'ਸ਼ਰਧਾਂਜਲੀ ਲੈਕਚਾਰ' ਆਮ ਹੁੰਦੇ ਹਨ। ਵਿਆਹ ਮੰਗਣਾ ਵੀ ਇਨ੍ਹਾਂ ਬਗੈਰ ਨਹੀਂ ਸਜਦਾ। ਜੇ ਕਿਤੇ ਇਥੇ ਵੀ ਦੋ-ਚਾਰ ਲਫਜ਼ ਬੋਲਣੇ ਹੋਣ ਤਾਂ ਲੀਡਰ ਸਾਹਿਬ ਨੂੰ ਹੀ ਕਸ਼ਟ ਦਿੱਤਾ ਜਾਂਦਾ ਹੈ। ਉਂਝ ਇਹ ਵੀ ਸਪੱਸ਼ਟ ਹੈ ਕਿ ਲੀਡਰ ਹਰੇਕ ਨਹੀਂ ਬਣ ਸਕਦਾ। ਲੋਕ ਰਾਜ ਵਿਚ ਚਾਹੇ ਅਚੋਵਾਈ ਤਾਂ ਕਈਆਂ ਨੂੰ ਹੁੰਦੀ ਹੈ ਕਿ ਲੀਡਰੀ ਵਿਚ ਪੈਰ ਧਰਿਆ ਜਾਵੇ ਪਰ ਵਿਸ਼ੇਸ਼ ਯੋਗਤਾ ਬਗੈਰ ਕੁਝ ਪੱਲੇ ਨਹੀਂ ਪੈਂਦਾ। ਸਰਕਾਰੇ-ਦਰਬਾਰੇ ਚੱਲਦੀ ਹੈ ਤੇ ਸਮਾਜ ਵਿਚ ਪੂਰੀ ਸ਼ਾਨ ਹੁੰਦੀ ਹੈ। ਕਈਆਂ ਦੇ ਕੰਮ ਕਰਾਉਣ ਦੀ ਸਮੱਰਥਾ ਹੁੰਦੀ ਹੈ। ਇਸੇ ਕਾਰਨ ਤਾਂ ਮੁਹੱਲੇ ਵਾਲੇ ਲੀਡਰ ਪੈਦਾ ਕਰਨਾ ਚਾਹੁੰਦੇ ਸਨ। ਆਪਣਾ ਲੀਡਰ ਹੋਵੇ ਤਾਂ ਬੰਦਾ ਮਾਣ ਨਾਲ ਬਾਂਹ ਫੜ ਕੇ ਤੋਰਨ ਜੋਗਾ ਹੁੰਦਾ ਹੈ। ਸਾਡੇ ਅਜੇ ਕੌਮੀ ਪੱਧਰ 'ਤੇ ਕਹਿਣੀ ਤੇ ਕਰਨੀ ਦਾ ਸੁਮੇਲ ਸਥਾਪਿਤ ਨਹੀਂ ਹੋ ਸਕਿਆ।



ਨੈਤਿਕ ਸੋਚ ਦੀ ਘਾਟ ਕਾਰਨ ਲੀਡਰਾਂ ਦੇ ਲੈਕਚਾਰਾਂ ਦੀ ਵਿਸ਼ਵਾਸ ਯੋਗਤਾ ਦੀ ਘਾਟ ਜ਼ਰੂਰ ਹੁੰਦੀ ਹੈ ਪਰ ਆਸ ਕਰਦੇ ਹਾਂ ਕਿ ਭ੍ਰਿਸ਼ਟਾਚਾਰ ਨੂੰ ਠੱਲ ਪਏਗੀ ਤੇ ਫਿਰ ਕਹਿਣੀ ਤੇ ਕਰਨੀ ਦਾ ਵੀ ਸੁਮੇਲ ਹੋ ਜਾਏਗਾ ਪਰ ਇਸ ਵਿਚ ਕੋਈ ਸ਼ੱਕ ਨਹੀਂ ਕਿ ਲੈਕਚਰ ਬਗੈਰ ਸਫਲ ਲੀਡਰ ਹੋਣਾ ਔਖਾ ਹੈ, ਬਲਕਿ ਅਸੰਭਵ ਹੈ। ਲੀਡਰ ਤੇ ਲੈਕਚਾਰ ਦਾ ਇੰਨਾ ਹੀ ਗੂੜ੍ਹਾ ਰਿਸ਼ਤਾ ਹੈ, ਜਿੰਨਾ ਵਕੀਲ ਤੇ ਦਲੀਲ ਦਾ। ਸੋ ਲੀਡਰ ਤੇ ਲੈਕਚਰ ਜ਼ਿੰਦਾਬਾਦ!

-ਰਾਜਿੰਦਰ ਪਾਲ ਸ਼ਰਮਾ

## ਮਿੰਨੀ ਕਹਾਣੀਆਂ

### ਸੁਧਾਰ

''ਦੇਖੋ ਜੀ, ਮੈਂ ਹੋਰ ਤਾਂ ਸਭ ਕੁਝ ਬਰਦਾਸ਼ਤ ਕਰ ਸਕਦੀ ਹਾਂ ਪਰ ਕਿਸੇ ਦੀ ਟੋਕਾ ਟਾਕੀ ਮੈਨੂੰ ਬਿਲਕੁਲ ਬਰਦਾਸ਼ਤ ਨਹੀਂ।'' ਵਿਆਹ ਦੇ ਪਹਿਲੇ ਦਿਨਾਂ ਵਿਚ ਹੀ ਮੇਰੀ ਪਤਨੀ ਦਾ ਆਦੇਸ਼।

ਆਦੇਸ਼ ਦੀ ਪੂਰੀ ਤਰ੍ਹਾਂ ਪਾਲਣਾ ਹੁੰਦੀ ਰਹ। ਇਕ ਦਿਨ ਕੁਵੇਲੇ ਜਿਹੇ ਮੇਰਾ ਸਾਲਾ ਆ ਗਿਆ। ਰੋਟੀ ਖਾਣ ਲੱਗਿਆਂ ਮੂੰਹ ਵਿਚ ਇਕ ਬੁਰਕੀ ਪਾਈ ਸੀ ਕਿ ਉਸ ਦੀ ਸਪਾਟ ਪੇਂਡੂ ਬੋਲੀ ਨੇ ਆਪਣੀ ਭੈਣ ਨੂੰ ਝੰਜੋੜ ਸੁੱਟਿਆ, ''ਕੁੜੀਏ! ਤੂੰ ਤਾਂ ਸੰਨ੍ਹੀ ਹੀ ਰਲਾ ਰੱਖੀ ਹੈ, ਐਨਾ ਲੂਣ, ਮਾਸੜ ਜੀ ਤਾਂ ਪਹਿਲਾਂ ਹੀ ਬੀ ਪੀ ਦੇ ਮਰੀਜ ਐ, ਮਾਰਨਾ ਇਨ੍ਹਾਂ ਨੂੰ?

ਸਾਡੇ ਵਲੋਂ ਵੀ ਕੋਈ ਪ੍ਰਤੀਕਰਮ ਨਾ ਕਰਨ 'ਤੇ ਉਸ ਨੇ ਸਾਨੂੰ ਵੀ ਕਸੂਰਵਾਰ ਠਹਿਰਾਉਂਦਿਆਂ ਆਖਿਆ, ਓਏ ਜੀਜੇ! ਭੈਣ ਤਾਂ ਬੇਵਕੂਫ ਹੈ ਹੀ, ਤੁਸੀਂ ਵੀ ਚੁੱਪ ਚਾਪ ਬੈਠੇ ਰੋਟੀ ਖਾਈ ਜਾ ਰਹੇ ਹੋ, ਆਪਣੀ ਨੂੰਹ ਨੂੰ ਐਨਾ ਹੀ ਨਹੀਂ ਸਮਝਾ ਸਕਦੇ ਕਿ ਭਾਈ ਲੂਣ ਘੱਟ ਪਾਇਆ ਕਰ। ਉਸ ਦਿਨ ਤੋਂ ਬਾਅਦ ਸਾਡੇ ਘਰ ਵਿਚ ਸੁਧਾਰ ਆਉਣਾ ਸ਼ੁਰੂ ਹੋ ਗਿਆ।

-ਰਘਬੀਰ ਸਿੰਘ ਮਹਿਮੀ

### ਫਰਕ

''ਮੰਮੀ ਮੈਂ ਕਾਲਜ ਲਈ ਲੇਟ ਹੋ ਗਿਆ। ਰੋਟੀ ਲੈ ਆਓ।'' ਗੁਰਿੰਦਰ ਨੇ ਸ਼ਰਟ ਦੇ ਬਟਣ ਲਗਾਉਂਦਿਆਂ ਆਪਣੀ ਮਾਂ ਨੂੰ ਕਿਹਾ। ਉਸੇ ਸਮੇਂ ਉਸ ਦੀ ਛੋਟੀ ਭੈਣ ਨੇ ਰੋਟੀ ਦੀ ਥਾਲੀ ਮੇਜ 'ਤੇ ਰੱਖ ਦਿੱਤੀ ਪਰ ਪਾਣੀ ਦਾ ਗਲਾਸ ਮੇਜ 'ਤੇ ਰੱਖਣ ਲੱਗੇ ਉਸ ਦੇ ਹੱਥੋਂ ਫਿਸਲ ਗਿਆ ਤੇ ਥੋੜ੍ਹਾਂ ਜਿਹਾ ਪਾਣੀ ਗੁਰਿੰਦਰ ਦੀ ਸ਼ਰਟ 'ਤੇ ਡਿੱਗ ਪਿਆ।

ਗੁਰਿੰਦਰ ਆਪਣੀ ਭੈਣ 'ਤੇ ਗੁੱਸੇ ਹੋਣ ਲੱਗਾ ਤਾਂ ਉਸ ਦੀ ਭੈਣ ਨੇ ਡਰਦਿਆਂ ਕਿਹਾ, ''ਪਾਣੀ ਹੀ ਹੈ, ਸੁੱਕ ਜਾਵੇਗਾ।'' ਗੁਰਿੰਦਰ ਨੇ ਗੁੱਸੇ ਵਿਚ ਰੋਟੀ ਦੀ ਥਾਲੀ ਪਰ੍ਹੇ ਧੱਕ ਦਿੱਤੀ। ਉਸ ਦੀ ਮਾਂ ਨੇ ਸਮਝਾਉਣ ਦੀ ਕੋਸ਼ਿਸ਼ ਕੀਤੀ ਪਰ ਉਸ ਨੇ ਅਣ-ਸੁਣਿਆ ਕਰ ਦਿੱਤਾ ਤੇ ਕਾਲਜ ਵੱਲ ਤੁਰ ਪਿਆ। ਪਹਿਲਾ ਪੀਰੀਅਡ ਲਗਾਉਣ ਤੋਂ ਬਾਅਦ ਉਹ ਕੰਟੀਨ ਚਲਾ ਗਿਆ। ਉਹ ਖਾਣ ਲਈ ਕੁਝ ਮੰਗਵਾਉਂਦਾ, ਐਨੇ ਵਿਚ ਨਿੱਕੀ



ਆ ਗਈ। ਨਿੱਕੀ ਉਸ ਦੇ ਨਾਲ ਪੜ੍ਹਦੀ ਸੀ ਤੇ ਦੋਨਾਂ ਵਿਚ ਚੰਗੀ ਬਣਦੀ ਸੀ। ਨਿੱਕੀ ਉਸ ਦੀ ਸਾਹਮਣੀ ਕੁਰਸੀ 'ਤੇ ਬੈਠ ਗਈ ਪਰ ਜਦੋਂ ਉਸ ਨੇ ਆਪਣਾ ਕਿਤਾਬਾਂ ਵਾਲਾ ਬੈਗ ਮੇਜ 'ਤੇ ਰੱਖਿਆ ਤਾਂ ਬੈਗ ਸਾਹਮਣੇ ਪਈ ਸੌਸ ਦੀ ਬੋਤਲ ਨਾਲ ਟਕਰਾਹਿਆ। ਸਰਾ ਸੌਸ ਗੁਰਿੰਦਰ ਦੇ ਕੱਪੜਿਆਂ 'ਤੇ ਡਿੱਗ ਪਿਆ। ਨਿੱਕੀ ਨੇ ਹਲਕੀ ਜਿਹੀ ਸੌਰੀ ਆਖੀ ਤਾਂ ਗੁਰਿੰਦਰ ਨੇ ਕੱਪੜੇ ਸਾਫ ਕਰਦਿਆਂ ਮੁਸਕਰਾ ਕੇ ਕਿਹਾ, ਕੋਈ ਗੱਲ ਨਹੀਂ।

-ਰੁਪਿੰਦਰ ਕੌਰ

## ਕਾਵਿ ਰਚਨਾ

### ਦੋ ਪਲ

ਕਿਸੇ ਉਂਗਲੀ ਫੜਾਈ, ਅਸੀਂ ਤੁਰੀ ਗਏ ਨਾਲ
ਉਹਨੇ ਉਂਗਲੀ ਛੁਡਾਈ, ਅਸੀਂ ਵੇਖਦੇ ਰਹੇ।
ਮਾਂ-ਮਹਿੱਟਰਾਂ ਦੇ ਵਾਂਗੂੰ, ਅਸੀਂ ਦੁਨੀਆਂ ਦੇ ਵਿਚ,
ਸਾਡੀ ਸੁਣੀ ਨਾ ਦੁਹਾਈ, ਅਸੀਂ ਵੇਖਦੇ ਰਹੇ।
ਇਕ ਰਾਹਾਂ ਅਣਜਾਣ, ਦੂਜੇ ਪੰਧ ਦੁਸ਼ਵਾਰ,
ਦਿਸਹੱਦਿਆਂ ਤੋਂ ਸੀ, ਤੀਜੇ ਦੂਰ ਮੰਜ਼ਲਾਂ।
ਚੌਥੇ ਪੈਰਾਂ ਵਿਚ ਛਾਲੇ, ਪੰਜ ਤੱਪਦੇ ਸੀ ਰੇਤੇ,
ਛੇਵੇਂ ਦੰਦੀਆਂ ਚਿੜਾਉਣ, ਮਗਰੂਰ ਮਜ਼ਲਾਂ।
ਸੱਤ ਦੁਨੀਆਂ ਦੀ ਭੀੜ, ਬਾਕੀ ਗਰਜ਼ਾਂ ਦਾ ਸ਼ੋਰ,
ਸੁਣੇ ਕੰਨ 'ਚ ਨਾ ਪਾਈ, ਅਸੀਂ ਵੇਖਦੇ ਰਹੇ।
ਮਾਂ-ਮਹਿੱਟਰਾਂ ਦੇ ਵਾਂਗੂੰ, ਅਸੀਂ ਦੁਨੀਆਂ ਦੇ ਵਿਚ,
ਸਾਡੀ ਸੁਣੀ ਨਾ ਦੁਹਾਈ, ਅਸੀਂ ਵੇਖਦੇ ਰਹੇ।
ਹੁੰਦਾ ਕਿਸ ਕੋਲ ਸਮਾਂ, ਕੌਣ ਸੁਣਦਾ ਹੈ ਗੱਲ,
ਆਪੋ-ਧਾਪੀ ਵਿਚ ਦੁਨੀਆਂ ਹੈ ਦੌੜੀ ਫਿਰਦੀ।
ਉਹ ਵੀ ਚਾਹੁੰਦਾ ਸੀ ਨਿਭਾਵਾਂ, ਵੰਡਾਂ ਮੀਤ ਨੂੰ ਵਫਾਵਾਂ,
ਧੁੰਦ ਬੰਧਨਾਂ ਦੀ ਸਭ ਕੁਝ ਕੱਜੀ ਜਾਂਵਦੀ।
ਉਹਨੇ ਭੋਲਾ ਜਿਹਾ ਬਣ, ਦੱਸੀ ਸਾਰੀ ਮਜਬੂਰੀ,
ਇਉਂ ਕੀਤੀ ਚਤੁਰਾਈ, ਅਸੀਂ ਵੇਖਦੇ ਰਹੇ।
ਮਾਂ ਮਹਿੱਟਰਾਂ ਦੇ ਵਾਂਗੂੰ, ਅਸੀਂ ਦੁਨੀਆਂ ਦੇ ਵਿਚ,
ਸਾਡੀ ਸੁਣੀ ਨਾ ਦੁਹਾਈ, ਅਸੀਂ ਵੇਖਦੇ ਰਹੇ।
ਉਹਨੇ ਚੜ੍ਹ ਲਿਆ ਸਾਲੂ, ਫੁਲਕਾਰੀਆਂ ਦੀ ਛਾਵੇਂ,
ਸਾਡੇ ਹੌਕੇ ਸ਼ਹਿਨਾਈ ਬਣ, ਕੂਕਦੇ ਰਹੇ।
ਕੁਝ ਹਿਜਰਾਂ ਦੀ ਅੱਗ, ਕੁਝ ਹੌਕਿਆਂ ਦੇ ਲਾਂਬੂ,
ਇਉਂ ਜੱਗ ਵਾਲੇ ਭੈੜੇ, ਸਾਨੂੰ ਫੂਕਦੇ ਰਹੇ।
ਐਵੇਂ ਪਲ ਦੋ ਪਲ ਸੀ ਖੁਸ਼ੀ ਦਾ ਲਿਸ਼ਕਾਰਾ,
ਉਸ ਅਉਧ ਨਾ ਹੰਢਾਈ, ਅਸੀਂ ਵੇਖਦੇ ਰਹੇ।
ਮਾਂ ਮਹਿੱਟਰਾਂ ਦੇ ਵਾਂਗੂੰ, ਅਸੀਂ ਦੁਨੀਆਂ ਦੇ ਵਿਚ,
ਸਾਡੀ ਸੁਣੀ ਨਾ ਦੁਹਾਈ, ਅਸੀਂ ਵੇਖਦੇ ਰਹੇ।

-ਵਿਯੋਗੀ


## ਮਿੰਨੀ ਕਹਾਣੀ

### ਲੁੱਟੇ ਗਏ

ਪ੍ਰਾਂਤ ਵਿਚ ਪੰਚਾਹਿਤ ਸਮਿਤੀਆਂ ਤੇ ਪੰਚਾਇਤਾਂ ਦੀਆਂ ਚੋਣਾਂ ਹੋ ਰਹੀਆਂ ਸਨ। ਦੋਵਾਂ ਮੁੱਖ ਪਾਰਟੀਆਂ ਨੇ ਚੋਣ ਬੂਥ ਅਤੇ ਚੋਣ ਡੱਬੇ ਆਪਣੇ ਕਬਜ਼ੇ ਵਿਚ ਕਰਨ ਲਈ ਬਿਹਾਰ ਤੋਂ ਤਜਰਬੇਕਾਰ ਚੋਣ ਮਾਫੀਆ ਆਗੂ ਲੈ ਆਂਦੇ ਸਨ। ਦੋਵਾਂ ਮੁੱਖ ਪਾਰਟੀਆਂ ਦੇ ਲੱਠਬਾਜ਼ਾਂ ਲਈ ਅੱਜ ਕੱਲ੍ਹ ਬਹੁਤ ਕੰਮ ਸੀ। ਉਨ੍ਹਾਂ ਨੇ ਚੋਣਾਂ ਦੇ ਦਿਨਾਂ ਵਿਚ ਕਬਜ਼ਿਆਂ, ਥਾਣਿਆਂ ਵਿਚ ਬੰਦਾ ਫਸਾਉਣਾ ਫੇਰ ਛੁਡਾਉਣਾ ਆਦਿ ਦਾ ਧੰਦਾ ਕੁਝ ਦਿਨਾਂ ਲਈ ਮੁਲਤਵੀ ਕਰ ਦਿੱਤਾ ਸੀ।

ਗੈਂਗ ਜੁੱਟ ਬਣ ਗਏ ਸਨ। ਧਰਮ, ਜਾਤ, ਗੋਤ, ਬਰਾਦਰੀ, ਲਾਲਚ, ਧਮਕੀ, ਰੋਆਬ, ਸ਼ਰਾਬ, ਭੁੱਕੀ, ਸਮੈਕ ਆਦਿ ਦਾ ਹਰ ਹਥਿਆਰ ਵਰਤਿਆ ਜਾ ਰਿਹਾ ਸੀ। ਬਹੁਤ ਥਾਈਂ ਨਾਮਜ਼ਦਗੀ ਪੱਤਰ ਗੁੰਮ ਹੋ ਗਏ ਸਨ। ਮਿਲੇ ਹੀ ਨਹੀਂ ਸਨ। ਕਈ ਥਾਈਂ ਨਾਮਜ਼ਦਗੀ ਪੱਤਰ ਰੱਦ ਕਰਵਾ ਦਿੱਤੇ ਗਏ। ਕਈ ਥਾਈਂ ਨਾਮਜ਼ਦਗੀ ਪੱਤਰ ਜਾਅਲੀ ਅਰਜ਼ੀਆਂ ਰਾਹੀਂ ਰਣ ਹੋ ਗਏ ਸਨ। ਰੌਲਾ ਪੈ ਗਿਆ ਸੀ, ਗੈਂਗ ਬਹੁਤੇ ਹੀ ਸਰਗਰਮ ਸਨ। ਮਹਿਲਾਂ ਦੇ ਭਵਨਾਂ ਦੇ ਕੰਨ ਅਤੇ ਅੱਖਾਂ ਬੰਦ ਸਨ। ਦੋਵਾਂ ਮੁੱਖ ਪਾਰਟੀਆਂ ਨੇ ਨਕਲੀ ਸ਼ਰਾਬਾਂ, ਮਿਲਾਵਟੀ ਸ਼ਰਾਬਾਂ, ਮਿਲਾਵਟੀ ਭੁੱਕੀ ਅਤੇ ਨਮਕ ਮਿਲੀ ਸਮੈਕ ਦੇ ਖੁੱਲ੍ਹੇ ਭੰਡਾਰੇ ਚਾਲੂ ਕੀਤੇ ਹੋਏ ਸਨ। ਪਿਆਕੜਾਂ ਦੀਆਂ ਪੌਂ ਬਾਰ੍ਹਾਂ ਸਨ। ਖਬਰ ਆਈ ਸੀ ਕਿ ਕਰਨਾਟਕ ਵਿਧਾਨ ਸਭਾ ਦੀਆਂ ਚੋਣਾਂ ਸਮੇਂ ਮਿਲਾਵਟੀ ਜ਼ਹਿਰਲੀ ਸ਼ਰਾਬ ਪੀ ਕੇ 107 ਮੌਤਾਂ ਹੋ ਚੁੱਕੀਆਂ ਸਨ। ਦੋ ਸੌ ਤੋਂ ਵੱਧ ਨਕਲੀ ਸ਼ਰਾਬ ਪੀ ਕੇ ਬਿਮਾਰ ਪਏ ਲੋਕ ਹਸਪਤਾਲਾਂ ਵਿਚ ਦਾਖਲ ਸਨ। ਦੋ ਸੌ ਤੋਂ ਵੱਧ ਨਕਲੀ ਸ਼ਰਾਬ ਪੀ ਕੇ ਬਿਮਾਰ ਪਏ ਲੋਕ ਹਸਪਤਾਲਾਂ ਵਿਚ ਦਾਖਲ ਸਨ। ਬਹੁਤ ਸਾਰੇ ਨਕਲੀ ਤੇ ਜ਼ਹਿਰੀਲੀ ਸ਼ਰਾਬ ਦੇ ਹੜ੍ਹ ਵਿਚ ਰੁੜ ਗਏ ਸਨ। ਸ਼ਰਾਬ ਯੁੱਧ ਜਾਰੀ ਸੀ। ਆਮ ਦਿਨਾਂ ਵਿਚ ਵੀ ਹਰ ਰੋਜ਼ ਦਸ ਕਰੋੜ ਰੁਪਏ ਦੀ ਸ਼ਰਾਬ ਪੀਤੀ ਜਾ ਰਹੀ ਸੀ। ਹੁਣ ਤਾਂ... ਗੈਂਗ ਵਾਰ ਜਾਰੀ ਸੀ। ਸ਼ਰਾਬ, ਭੁੱਕੀ, ਅਫੀਮ ਦੀ ਮੁਫਤ ਸਪਲਾਈ ਜਾਰੀ ਸੀ। ਵੋਟਾਂ ਨੇੜੇ ਆ ਰਹੀਆਂ ਸਨ। ਵੱਖ ਵੱਖ ਪਿੰਡਾਂ ਵਿਚ ਜਬਰੀ ਸਰਬ ਸੰਮਤੀਆਂ ਕਰਵਾਈਆਂ ਜਾ ਰਹੀਆਂ ਸਨ। ਨਸ਼ੇੜੀ ਬਹੁਤੀ ਪੀ ਕੇ ਥਾਂ-ਥਾਂ ਡਿੱਗੇ ਪਏ ਸਨ। ਬੇਸੁਰਤਾ ਘੱਟ ਨਸ਼ਈ ਬੰਦੇ ਨੇ ਆ ਦੇ ਦੱਸਿਆ, ਓਏ ਆਪਣੇ ਪਿੰਡ ਵਿਚ ਤਾਂ ਸਰਬ ਸੰਮਤੀ ਹੋ ਗਈ ਹੈ। ਸ਼ਰਾਬ, ਭੁੱਕੀ, ਅਫੀਮ, ਚਰਸ ਬੰਦ, ਆਪਾਂ ਤਾਂ ਲੁੱਟੇ ਗਏ। ਹੈਂ ਸੱਚੀਂ ਸਰਬਸੰਮਤੀ ਹੋ ਗਈ। ਬੇਸੁਰਤ ਪੈ ਨਸ਼ੇੜੀ ਉਠ ਕੇ ਬਹਿ ਗਏ ਉੱਚੀ ਉੱਚੀ ਰੋਣ ਲੱਗੇ।

-ਪ੍ਰੋ. ਹਮਦਰਦਵੀਰ



## ਕਾਵਿ ਕਿਆਰੀ

### ਪਰਦੇਸੀ

ਸਭ ਪਰਦੇਸੀਂ ਤੁਰ ਚੱਲੇ ਨੇ।
ਅਕਲਾਂ ਲੈ ਕੇ ਇਸ
ਮਿੱਟੀ ਤੋਂ, ਇਸ ਮਿੱਟੀ ਕਰਮਾ ਪਿੱਟੀ
ਤੋਂ, ਕਿਰਤੀ ਅਤੇ
ਤਮੀਜ਼ਾਂ ਵਾਲੇ,
ਭਾਰਤ ਮਾਂ ਦੇ ਰਾਜ ਦੁਲਾਰੇ,
ਲੇਖਾਂ ਨੂੰ ਚਮਕਾਉਣ ਦੀ ਖਾਤਿਰ,
ਸੋਨਾ ਨਿਰਾ ਕਮਾਉਣ
ਦੀ ਖਾਤਿਰ,
ਸਭ ਪਰਦੇਸ਼ੀਂ ਤੁਰ ਚੱਲੇ ਨੇ।
ਸੁੱਖਾਂ ਸੁੱਖ
ਜਵਾਨੀ ਆਈ, ਜਵਾਨੀ
ਵੀ ਨਾਲ ਲਿਆਈ,
ਭੁੱਖਾਂ ਦੇ ਸੰਤਾਪ ਬੁਰੇ ਨੇ,
ਥੋੜਾਂ ਦੇ ਅਹਿਸਾਸ
ਬੁਰੇ ਨੇ,
ਬੜੀ ਉਚੇਰੀ ਸਿੱਖਿਆ ਪਾ ਕੇ,
ਆਪਣੇ ਦੇਸ਼ ਵਿਚੋਂ
ਹੁਨਰ ਕਮਾ ਕੇ,
ਸਭ ਪਰਦੇਸੀਂ ਤੁਰ ਚੱਲੇ ਨੇ।
ਉਤੋਂ ਉਤੋਂ ਹੱਸਣ ਮਾਵਾਂ
ਹੰਝੂ ਕਿੰਦਾਂ
ਛੱਕਣ ਮਾਵਾਂ, ਮੱਚਦੇ ਹੋਏ
ਅੰਗਿਆਰ ਤੁਰੇ ਨੇ,
ਸੱਤ ਸਮੁੰਦਰੋਂ ਪਾਰ ਤੁਰੇ ਨੇ,
ਇਕ ਸੁਨਹਿਰੀ ਆਸ ਜਗਾ ਕੇ,
ਪਰ ਮਮਾ ਨੂੰ ਲਾਂਬੂ
ਲਾ ਕੇ,
ਸਭ ਪਰਦੇਸੀਂ ਤੁਰ ਚੱਲੇ ਨੇ,
ਸੱਖਣੇ ਸੱਖਣੇ
ਵਿਹੜੇ ਹੋ ਗਏ, ਰਹਿੰਦ ਖੂਹੰਦ
ਹੀ ਪਿੱਛੇ ਰਹਿ ਗਏ,
ਹੁਨਰ ਦੇਸ਼ ਦਾ ਮੰਡੀ ਵਿਕਿਆ
ਅਕਲਾਂ ਉਤੇ
ਪਹਿਰਾ ਲੱਗਿਆ, ਭੈਣ ਸਾਕ
ਬਚਾਉਣ ਦੀ ਖਾਤਿਰ,
ਆਪਣਾ ਕੱਲ੍ਹ ਰੁਸ਼ਨਾਉਣ
ਦੀ ਖਾਤਿਰ, ਸਭ
ਪਰਦੇਸੀਂ ਤੁਰ ਚੱਲੇ ਨੇ।
ਅਕਲਾਂ ਦੀ ਇਸ ਮੰਡੀ ਅੰਦਰ,
ਆਪਾਂ ਵੀ ਕੁਝ ਬੋਲੀ
ਲਾਈਏ, ਆਪਣੇ ਇਲਮ
ਦੀ ਕੀਮਤ ਪਾਈਏ,
ਤੁਰਿਆ ਜਾਂਦਾ ਪੂਰ ਬਚਾਈਏ,
ਮਨ ਅੰਦਰ ਸ਼ੰਕਾਵਾਂ ਲੈ ਕੇ,
ਅੱਖਾਂ ਵਿਚ ਆਸ਼ਾਵਾਂ
ਲੈ ਕੇ, ਸਭ ਪਰਦੇਸੀਂ ਤੁਰ ਚੱਲੇ ਨੇ
ਲੇਖਾਂ ਨੂੰ ਚਮਕਾਉਣ
ਦੀ ਖਾਤਿਰ
ਸੋਨਾ ਨਿਰਾ ਕਮਾਉਣ ਦੀ ਖਾਤਿਰ

# ਧਮਾਕੇ ਦੇ ਸਾਜ਼ਿਸ਼ਘਾੜਿਆਂ ਨੂੰ ਨਹੀਂ ਬਖ਼ਸ਼ਾਂਗੇ: ਮੋਦੀ

**ਨਵੀਂ ਦਿੱਲੀ, 12 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਦਿੱਲੀ ਪੁਲਿਸ ਨੇ ਮੰਗਲਵਾਰ ਨੂੰ ਲਾਲ ਕਿਲ੍ਹੇ ਨੇੜੇ ਹੋਏ ਧਮਾਕੇ ਦੇ ਮਾਮਲੇ ਵਿਚ ਗੈਰਕਾਨੂੰਨੀ ਸਰਗਰਮੀਆਂ ਰੋਕੂ ਐਕਟ (UAPA) ਤੇ ਵਿਸਫੋਟਕ ਐਕਟ ਤਹਿਤ ਐਫਆਈਆਰ ਦਰਜ ਕੀਤੀ ਹੈ। ਪੁਲੀਸ ਨੇ ਕੌਮੀ ਰਾਜਧਾਨੀ ਵਿੱਚ ਕਈ ਥਾਵਾਂ 'ਤੇ ਛਾਪੇਮਾਰੀ ਕੀਤੀ ਕਿਉਂਕਿ ਮੁੱਢਲੀ ਜਾਂਚ ਵਿਚ ਧਮਾਕੇ ਦੇ ਤਾਰ ਫਰੀਦਾਬਾਦ 'ਚ ਸਾਹਮਣੇ ਆਏ ਅਤਿਵਾਦੀ ਮੌਡਿਊਲ ਨਾਲ ਜੁੜੇ ਹੋਣ ਦਾ ਸੰਕੇਤ ਮਿਲਿਆ ਹੈ। ਧਮਾਕੇ ਵਿਚ ਮਰਨ ਵਾਲਿਆਂ ਦੀ ਗਿਣਤੀ ਵਧ ਕੇ 12 ਹੋ ਗਈ ਹੈ। ਕੌਮੀ ਰਾਜਧਾਨੀ ਨੂੰ ਹਾਈ ਅਲਰਟ 'ਤੇ ਰੱਖਿਆ ਗਿਆ ਹੈ। ਹਵਾਈ ਅੱਡੇ, ਰੇਲਵੇ ਸਟੇਸ਼ਨਾਂ ਅਤੇ ਬੱਸ ਟਰਮੀਨਲਾਂ 'ਤੇ ਸਖ਼ਤ ਨਿਗਰਾਨੀ ਰੱਖੀ ਜਾ ਰਹੀ ਹੈ। ਇਸ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਧਮਾਕੇ ਦੇ ਸਾਜ਼ਿਸ਼ਘਾੜਿਆਂ ਨੂੰ ਨਹੀਂ ਬਖ਼ਸ਼ਿਆ ਜਾਵੇਗਾ ਤੇ ਉਨ੍ਹਾਂ ਨੂੰ ਨਿਆਂ ਦੇ ਕਟਹਿਰੇ ਵਿਚ ਖੜ੍ਹਾ ਕੀਤਾ ਜਾਵੇਗਾ। ਪ੍ਰਧਾਨ ਮੰਤਰੀ ਦੋ ਰੋਜ਼ਾ ਫੇਰੀ ਲਈ ਭੂਟਾਨ ਦੇ ਦੌਰੇ 'ਤੇ ਹਨ।

ਥਿੰਫੂ ਵਿਚ ਇਕ ਸਮਾਗਮ ਦੌਰਾਨ ਸ੍ਰੀ ਮੋਦੀ ਨੇ ਕਿਹਾ, "ਦਿੱਲੀ ਵਿਚ ਸੋਮਵਾਰ ਨੂੰ ਹੋਏ ਕਾਰ ਧਮਾਕੇ ਪਿਛਲੇ ਸਾਜ਼ਿਸ਼ਕਾਰਾਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਜ਼ਿੰਮੇਵਾਰ ਸਾਰੇ ਲੋਕਾਂ ਨੂੰ ਨਿਆਂ ਦੇ ਕਟਹਿਰੇ ਵਿੱਚ ਲਿਆਂਦਾ ਜਾਵੇਗਾ।÷ ਉਨ੍ਹਾਂ ਕਿਹਾ, "ਅੱਜ, ਮੈਂ ਇੱਥੇ ਬਹੁਤ ਭਾਰੀ ਦਿਲ ਨਾਲ ਆਇਆ ਹਾਂ। ਕੱਲ੍ਹ ਸ਼ਾਮ ਦਿੱਲੀ ਵਿੱਚ ਵਾਪਰੀ ਭਿਆਨਕ ਘਟਨਾ ਨੇ ਸਾਰਿਆਂ ਨੂੰ ਬਹੁਤ ਦੁਖੀ ਕੀਤਾ ਹੈ। ਮੈਂ ਪੀੜਤ ਪਰਿਵਾਰਾਂ ਦੇ ਦੁੱਖ ਨੂੰ ਸਮਝਦਾ ਹਾਂ। ਅੱਜ ਪੂਰਾ ਦੇਸ਼ ਉਨ੍ਹਾਂ ਦੇ ਨਾਲ ਖੜ੍ਹਾ ਹੈ। ਮੈਂ ਕੱਲ੍ਹ ਰਾਤ ਇਸ ਘਟਨਾ ਦੀ ਜਾਂਚ ਕਰ ਰਹੀਆਂ ਸਾਰੀਆਂ ਏਜੰਸੀਆਂ ਦੇ ਸੰਪਰਕ ਵਿੱਚ ਸੀ। ਸਾਡੀਆਂ ਏਜੰਸੀਆਂ ਇਸ ਸਾਜ਼ਿਸ਼ ਦੀ ਤਹਿ ਤੱਕ ਜਾਣਗੀਆਂ। ਇਸ ਦੇ ਪਿੱਛੇ ਸਾਜ਼ਿਸ਼ਕਰਤਾਵਾਂ ਨੂੰ ਬਖਸ਼ਿਆ ਨਹੀਂ ਜਾਵੇਗਾ। ਜ਼ਿੰਮੇਵਾਰ ਸਾਰੇ ਲੋਕਾਂ ਨੂੰ ਨਿਆਂ ਦੇ ਕਟਹਿਰੇ ਵਿੱਚ ਲਿਆਂਦਾ ਜਾਵੇਗਾ।÷ ਉਧਰ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਵੀ ਇਸ ਦੁਖਾਂਤ ਦੇ ਸਾਜ਼ਿਸ਼ਘਾੜਿਆਂ ਨੂੰ ਨਿਆਂ ਦੇ ਕਟਹਿਰੇ 'ਚ ਖੜ੍ਹਾ ਕਰਨ ਦਾ ਦੇਸ਼ ਵਾਸੀਆਂ ਨੂੰ ਭਰੋਸਾ ਦਿੱਤਾ ਹੈ। ਦਿੱਲੀ ਪੁਲੀਸ ਦੇ ਇੱਕ ਸੀਨੀਅਰ ਅਧਿਕਾਰੀ ਮੁਤਾਬਕ ਕੋਤਵਾਲੀ ਪੁਲੀਸ ਥਾਣੇ ਵਿੱਚ ਗੈਰ-ਕਾਨੂੰਨੀ ਸਰਗਰਮੀਆਂ (ਰੋਕੂ) ਐਕਟ (UAPA), ਵਿਸਫੋਟਕ ਐਕਟ ਅਤੇ BNS ਦੀਆਂ ਧਾਰਾਵਾਂ ਤਹਿਤ FIR ਦਰਜ ਕੀਤੀ ਗਈ ਹੈ। ਐੱਫਆਈਆਰ ਵਿਚ UAPA ਦੀਆਂ ਧਾਰਾਵਾਂ 16 ਅਤੇ 18 ਸ਼ਾਮਲ ਕੀਤੀਆਂ ਗਈਆਂ ਹਨ, ਜੋ ਅਤਿਵਾਦੀ ਹਮਲੇ ਲਈ ਸਜ਼ਾ ਅਤੇ ਸਾਜ਼ਿਸ਼ ਨਾਲ ਸਬੰਧਤ ਹਨ। ਸੂਤਰਾਂ ਨੇ ਦੱਸਿਆ ਕਿ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸਵੇਰੇ 11 ਵਜੇ ਇੱਕ ਉੱਚ-ਪੱਧਰੀ ਸੁਰੱਖਿਆ ਸਮੀਖਿਆ ਮੀਟਿੰਗ ਦੀ ਪ੍ਰਧਾਨਗੀ ਕੀਤੀ। ਮੀਟਿੰਗ ਵਿੱਚ ਕੇਂਦਰੀ ਗ੍ਰਹਿ ਸਕੱਤਰ ਗੋਵਿੰਦ ਮੋਹਨ, ਇੰਟੈਲੀਜੈਂਸ ਬਿਊਰੋ ਦੇ ਡਾਇਰੈਕਟਰ ਤਪਨ ਡੇਕਾ, ਦਿੱਲੀ ਦੇ ਪੁਲੀਸ ਕਮਿਸ਼ਨਰ ਸਤੀਸ਼ ਗੋਲਚਾ ਅਤੇ ਡੀਜੀ, ਐਨਆਈਏ, ਸਦਾਨੰਦ ਵਸੰਤ ਦਾਤੇ ਸ਼ਾਮਲ ਸਨ। ਜੰਮੂ ਅਤੇ ਕਸ਼ਮੀਰ ਦੇ ਡੀਜੀਪੀ ਨਲਿਨ ਪ੍ਰਭਾਤ ਮੀਟਿੰਗ ਵਿੱਚ ਵਰਚੁਅਲੀ ਸ਼ਾਮਲ ਹੋਏ।

ਸੂਤਰਾਂ ਅਨੁਸਾਰ ਪੁਲਵਾਮਾ ਦਾ ਰਹਿਣ ਵਾਲਾ ਅਤੇ ਇੱਕ ਡਾਕਟਰ ਉਮਰ ਮੁਹੰਮਦ ਕਥਿਤ ਤੌਰ 'ਤੇ ਲਾਲ ਕਿਲ੍ਹਾ ਮੈਟਰੋ ਸਟੇਸ਼ਨ ਦੇ ਪਾਰਕਿੰਗ ਖੇਤਰ ਨੇੜੇ ਧਮਾਕੇ ਲਈ ਵਰਤੀ ਗਈ ਹੁੰਡਈ ਆਈ20 ਕਾਰ ਚਲਾ ਰਿਹਾ ਸੀ। ਪੁਲੀਸ ਸੂਤਰਾਂ ਨੇ ਕਿਹਾ ਕਿ ਲਾਲ ਕਿਲ੍ਹੇ ਨੇੜੇ ਧਮਾਕੇ ਵਾਲੀ ਕਾਰ ਚਲਾ ਰਹੇ ਵਿਅਕਤੀ ਦੀ ਪਹਿਲੀ ਤਸਵੀਰ ਇਲਾਕੇ ਦੇ ਸੀਸੀਟੀਵੀ ਫੁਟੇਜ ਵਿੱਚ ਸਾਹਮਣੇ ਆਈ ਹੈ। ਉਨ੍ਹਾਂ ਕਿਹਾ ਕਿ ਉਸ ਦੇ ਕਥਿਤ ਤੌਰ 'ਤੇ ਫਰੀਦਾਬਾਦ ਵਿੱਚ ਅਤਿਵਾਦੀ ਮੌਡਿਊਲ ਨਾਲ ਸਬੰਧ ਸਨ, ਜਿੱਥੇ ਵਿਸਫੋਟਕ ਸਮੱਗਰੀ ਦਾ ਇੱਕ ਵੱਡਾ ਜ਼ਖੀਰਾ ਜ਼ਬਤ ਕੀਤਾ ਗਿਆ ਸੀ। ਪੁਲੀਸ ਸੂਤਰਾਂ ਨੇ ਦੱਸਿਆ ਕਿ ਪੁਲੀਸ ਦੀ ਮੁੱਢਲੀ ਤਫ਼ਤੀਸ਼ ਤੋਂ ਪਤਾ ਲੱਗਾ ਹੈ ਕਿ ਲਾਲ ਕਿਲ੍ਹੇ ਨੇੜੇ ਹੋਏ ਧਮਾਕੇ ਵਿੱਚ ਅਮੋਨੀਅਮ ਨਾਈਟ੍ਰੇਟ, ਬਾਲਣ ਤੇਲ ਅਤੇ ਡੈਟੋਨੇਟਰ ਵਰਤੇ ਗਏ ਹੋ ਸਕਦੇ ਹਨ। ਉਨ੍ਹਾਂ ਕਿਹਾ ਕਿ ਹੁਣ ਤੱਕ ਦੀ ਜਾਂਚ ਤੋਂ ਪਤਾ ਚੱਲਦਾ ਹੈ ਕਿ ਦਿੱਲੀ ਧਮਾਕੇ ਅਤੇ ਫਰੀਦਾਬਾਦ ਅਤਿਵਾਦੀ ਮੌਡਿਊਲ ਵਿਚਕਾਰ ਇੱਕ ਸੰਭਾਵਿਤ ਸਬੰਧ ਹੈ ਜਿੱਥੇ 360 ਕਿਲੋਗ੍ਰਾਮ ਅਮੋਨੀਅਮ ਨਾਈਟ੍ਰੇਟ ਜ਼ਬਤ ਕੀਤਾ ਗਿਆ ਸੀ, ਪਰ ਅਜੇ 'ਅੰਤਿਮ ਰਿਪੋਰਟਾਂ ਦੀ ਉਡੀਕ ਹੈ।' ਪੁਲੀਸ ਨੇ ਕਿਹਾ ਕਿ ਧਮਾਕੇ ਵਾਲੀ ਕਾਰ ਦੀ ਸੀਸੀਟੀਵੀ ਫੁਟੇਜ ਵਿੱਚ ਇੱਕ 'ਨਕਾਬਪੋਸ਼ ਵਿਅਕਤੀ' ਕਾਰ ਚਲਾਉਂਦਾ ਦਿਖਾਈ ਦੇ ਰਿਹਾ ਹੈ। ਉਨ੍ਹਾਂ ਕਿਹਾ ਕਿ ਲਾਲ ਕਿਲ੍ਹੇ ਦੇ ਆਸ-ਪਾਸ ਅਤੇ ਨਾਲ ਲੱਗਦੇ ਰਸਤਿਆਂ ਤੋਂ ਸੀਸੀਟੀਵੀ ਸਕੈਨ ਕਰਨ ਲਈ ਕਈ ਟੀਮਾਂ ਤਾਇਨਾਤ ਕੀਤੀਆਂ ਗਈਆਂ ਹਨ।

**ਦੇਸ਼ ਨੂੰ ਯਕੀਨ ਦਿਵਾਉਂਦੇ ਹਾਂ ਕਿ ਦੁਖਾਂਤ ਲਈ ਜ਼ਿੰਮੇਵਾਰ ਲੋਕਾਂ ਨੂੰ ਨਿਆਂ ਦੇ ਕਟਹਿਰੇ 'ਚ ਖੜ੍ਹਾਵਾਂਗੇ: ਰਾਜਨਾਥ**

ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਮੰਗਲਵਾਰ ਨੂੰ ਕਿਹਾ ਕਿ ਇਸ ਦੁਖਾਂਤ ਲਈ ਜ਼ਿੰਮੇਵਾਰ ਲੋਕਾਂ ਨੂੰ 'ਨਿਆਂ ਦੇ ਕਟਹਿਰੇ ਵਿੱਚ ਲਿਆਂਦਾ ਜਾਵੇਗਾ' ਅਤੇ ਕਿਸੇ ਵੀ ਹਾਲਤ ਵਿੱਚ ਉਨ੍ਹਾਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਰਾਜਨਾਥ ਰੱਖਿਆ ਮੰਤਰਾਲੇ ਵੱਲੋਂ ਥਿੰਕ-ਟੈਂਕ ਮਨੋਹਰ ਪਾਰੀਕਰ ਇੰਸਟੀਚਿਊਟ ਆਫ਼ ਡਿਫੈਂਸ ਸਟੱਡੀਜ਼ ਐਂਡ ਅਨੈਲੇਸਿਸ ($♦-94♥1) ਵੱਲੋਂ ਕਰਵਾਏ 'ਦਿੱਲੀ ਡਾਇਲਾਗ' ਦੇ ਉਦਘਾਟਨ ਮੌਕੇ ਬੋਲ ਰਹੇ ਸਨ। ਸਿੰਘ ਨੇ ਆਪਣੀ ਤਕਰੀਰ ਦੀ ਸ਼ੁਰੂਆਤ ਵਿਚ ਕਿਹਾ, "ਮੈਂ ਦੇਸ਼ ਨੂੰ ਦ੍ਰਿੜਤਾ ਨਾਲ ਭਰੋਸਾ ਦਿਵਾਉਣਾ ਚਾਹੁੰਦਾ ਹਾਂ ਕਿ ਇਸ ਦੁਖਾਂਤ ਲਈ ਜ਼ਿੰਮੇਵਾਰ ਲੋਕਾਂ ਨੂੰ ਨਿਆਂ ਦੇ ਕਟਹਿਰੇ ਵਿੱਚ ਲਿਆਂਦਾ ਜਾਵੇਗਾ ਅਤੇ ਕਿਸੇ ਵੀ ਹਾਲਤ ਵਿੱਚ ਬਖਸ਼ਿਆ ਨਹੀਂ ਜਾਵੇਗਾ।" ਦੇਸ਼ ਦੀਆਂ ਪ੍ਰਮੁੱਖ ਜਾਂਚ ਏਜੰਸੀਆਂ ਇਸ ਘਟਨਾ ਦੀ ਤੇਜ਼ੀ ਨਾਲ ਅਤੇ ਡੂੰਘਾਈ ਨਾਲ ਜਾਂਚ ਕਰ ਰਹੀਆਂ ਹਨ। ਰਾਜਨਾਥ ਸਿੰਘ ਨੇ ਕਿਹਾ ਕਿ ਜਾਂਚ ਦੇ ਨਤੀਜੇ ਜਲਦੀ ਹੀ ਜਨਤਕ ਕੀਤੇ ਜਾਣਗੇ। ਮੰਤਰੀ ਨੇ ਸੋਮਵਾਰ ਸ਼ਾਮ ਨੂੰ ਨਵੀਂ ਦਿੱਲੀ ਵਿੱਚ ਵਾਪਰੇ ਦੁਖਦਾਈ ਹਾਦਸੇ ਵਿੱਚ ਜਾਨ ਗੁਆਉਣ ਵਾਲੇ ਸਾਰੇ ਲੋਕਾਂ ਪ੍ਰਤੀ ਦਿਲੋਂ ਸੰਵੇਦਨਾ ਵੀ ਪ੍ਰਗਟ ਕੀਤੀ।

ਭੂਟਾਨ ਦੇ ਦੌਰੇ 'ਤੇ ਗਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਥਿੰਫੂ ਵਿਚ ਇਕ ਸਮਾਗਮ ਦੌਰਾਨ ਬੋਲਦਿਆਂ ਕਿਹਾ, "ਦਿੱਲੀ ਵਿਚ ਸੋਮਵਾਰ ਨੂੰ ਹੋਏ ਕਾਰ ਧਮਾਕੇ ਪਿਛਲੇ ਸਾਜ਼ਿਸ਼ਕਾਰਾਂ ਨੂੰ ਬਖਸ਼ਿਆ ਨਹੀਂ ਜਾਵੇਗਾ।

# ਤਰਨਤਾਰਨ ਜ਼ਿਮਨੀ ਚੋਣ 'ਚ 60 ਫੀਸਦੀ ਹੋਈ ਵੋਟਿੰਗ

**ਤਰਨਤਾਰਨ,12 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਵਿੱਚ ਤਰਨ ਤਾਰਨ ਵਿਧਾਨ ਸਭਾ ਦੀ ਜ਼ਿਮਨੀ ਚੋਣ ਲਈ ਵੋਟਿੰਗ ਮੰਗਲਵਾਰ ਸਵੇਰੇ ਸਖ਼ਤ ਸੁਰੱਖਿਆ ਪ੍ਰਬੰਧਾਂ ਵਿਚਕਾਰ ਸ਼ੁਰੂ ਹੋਈ। ਅਧਿਕਾਰੀਆਂ ਨੇ ਦੱਸਿਆ ਕਿ ਵੋਟਿੰਗ ਸਵੇਰੇ 7 ਵਜੇ ਸ਼ੁਰੂ ਹੋਈ ਅਤੇ ਇਹ ਸ਼ਾਮ 6 ਵਜੇ ਤੱਕ ਜਾਰੀ ਰਹੀ। ਵੋਟਾਂ ਦੀ ਗਿਣਤੀ 14 ਨਵੰਬਰ ਨੂੰ ਹੋਵੇਗੀ। ਸ਼ਾਮ 5 ਵਜੇ ਤੱਕ 59.21 ਫੀਸਦ ਪੋਲਿੰਗ ਦਰਜ ਕੀਤੀ ਗਈ ਹੈ। ਪੋਲਿੰਗ ਲਈ ਲੋਕਾਂ ਅੰਦਰ ਭਾਰੀ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ। ਲੋਕ ਸਵੇਰੇ 7 ਵਜੇ ਤੋਂ ਪਹਿਲਾਂ ਹੀ ਪੋਲਿੰਗ ਸਟੇਸ਼ਨਾਂ ਅੰਦਰ ਆ ਗਏ। ਤਰਨ ਤਾਰਨ ਦੀ ਫਤਿਹਚੱਕ ਆਬਾਦੀ ਦੇ ਸਰਕਾਰੀ ਐਲੀਮੈਂਟਰੀ ਸਕੂਲ ਦੇ ਪੋਲਿੰਗ ਬੂਥ ਨੰਬਰ 115 ਦੇ ਪ੍ਰੀਜ਼ਾਈਡਿੰਗ ਅਧਿਕਾਰੀ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਪੋਲਿੰਗ ਬੂਥ ਦੀਆਂ ਕੁੱਲ 1190 ਵੋਟਾਂ ਵਿੱਚੋਂ ਪਹਿਲੇ 15 ਮਿੰਟ ਤੱਕ 7 ਵੋਟਾਂ ਭੁਗਤ ਚੁੱਕੀਆਂ ਸਨ।

ਤਰਨ ਤਾਰਨ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਉਮੀਦਵਾਰ ਪ੍ਰਿੰਸੀਪਲ ਸੁਖਵਿੰਦਰ ਕੌਰ ਤੇ ਉਸਦੀ ਲੜਕੀ ਕੰਚਨਪ੍ਰੀਤ ਕੌਰ ਆਪਣਾ ਵੋਟ ਭੁਗਤਾਉਣ ਉਪਰੰਤ ਨਿਸ਼ਾਨ ਦਿਖਾਉਂਦੇ ਹੋਏ।

ਤਰਨ ਤਾਰਨ ਵਿਧਾਨ ਸਭਾ ਸੀਟ ਜੂਨ ਵਿੱਚ ਆਮ ਆਦਮੀ ਪਾਰਟੀ ਦੇ ਵਿਧਾਇਕ ਕਸ਼ਮੀਰ ਸਿੰਘ ਸੋਹਲ ਦੀ ਮੌਤ ਤੋਂ ਬਾਅਦ ਖਾਲੀ ਹੋ ਗਈ ਸੀ। ਇਸ ਜ਼ਿਮਨੀ ਚੋਣ ਦੌਰਾਨ ਬਹੁ-ਕੋਣਾ ਮੁਕਾਬਲਾ ਦੇਖਣ ਨੂੰ ਮਿਲਣ ਵਾਲਾ ਹੈ। ਜ਼ਿਮਨੀ ਚੋਣ ਲਈ ਪ੍ਰਚਾਰ ਐਤਵਾਰ ਸ਼ਾਮ ਨੂੰ ਖਤਮ ਹੋ ਗਿਆ ਸੀ।

ਚੋਣ ਮੈਦਾਨ ਵਿੱਚ ਕੁੱਲ 15 ਉਮੀਦਵਾਰ ਹਨ। ਯੋਗ ਵੋਟਰਾਂ ਦੀ ਗਿਣਤੀ 1,92,838 ਹੈ, ਜਿਨ੍ਹਾਂ ਵਿਚ 1,00,933 ਪੁਰਸ਼, 91,897 ਔਰਤਾਂ ਅਤੇ ਅੱਠ ਤੀਜੇ-ਲਿੰਗ ਨਾਲ ਸਬੰਧਤ ਹਨ। ਅਧਿਕਾਰੀਆਂ ਨੇ ਦੱਸਿਆ ਕਿ 114 ਥਾਵਾਂ 'ਤੇ ਕੁੱਲ 222 ਪੋਲਿੰਗ ਸਟੇਸ਼ਨ ਬਣਾਏ ਗਏ ਹਨ, ਜਿਨ੍ਹਾਂ ਵਿੱਚੋਂ 60 ਸ਼ਹਿਰੀ ਅਤੇ 162 ਪੇਂਡੂ ਹਨ। ਇਨ੍ਹਾਂ ਵਿੱਚ ਚਾਰ @ਮਾਡਲ@ ਅਤੇ ਤਿੰਨ @ਗੁਲਾਬੀ@ ਪੋਲਿੰਗ ਬੂਥ ਸ਼ਾਮਲ ਹਨ।

@ਆਪ@ ਨੇ ਤਰਨ ਤਾਰਨ ਤੋਂ ਤਿੰਨ ਵਾਰ ਵਿਧਾਇਕ ਰਹੇ ਹਰਮੀਤ ਸਿੰਘ ਸੰਧੂ ਨੂੰ ਮੈਦਾਨ ਵਿੱਚ ਉਤਾਰਿਆ ਹੈ, ਜੋ ਇਸ ਸਾਲ ਜੁਲਾਈ ਵਿੱਚ ਸੱਤਾਧਾਰੀ ਪਾਰਟੀ ਵਿੱਚ ਸ਼ਾਮਲ ਹੋਏ ਸਨ। ਇਸ ਜ਼ਿਮਨੀ ਚੋਣ ਨੂੰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ @ਆਪ@ ਆਗੂਆਂ ਲਈ ਇੱਕ ਅਜ਼ਮਾਇਸ਼ ਵਜੋਂ ਦੇਖਿਆ ਜਾ ਰਿਹਾ ਹੈ, ਜਿਨ੍ਹਾਂ ਨੇ ਇਸ ਸੀਟ ਨੂੰ ਬਰਕਰਾਰ ਰੱਖਣ ਲਈ ਹਮਲਾਵਰ ਢੰਗ ਨਾਲ ਪ੍ਰਚਾਰ ਕੀਤਾ।

ਉਧਰ ਕਾਂਗਰਸ ਲਈ ਵੀ ਇਹ ਸੀਟ ਵਕਾਰ ਦਾ ਸਵਾਲ ਹੈ। ਪਾਰਟੀ ਨੇ ਆਪਣੀ ਤਰਨ ਤਾਰਨ ਜ਼ਿਲ੍ਹਾ ਇਕਾਈ ਦੇ ਮੁਖੀ ਕਰਨਬੀਰ ਸਿੰਘ ਬੁਰਜ ਨੂੰ ਚੋਣ ਮੈਦਾਨ ਵਿੱਚ ਉਤਾਰਿਆ ਹੈ। ਬੁਰਜ, ਜੋ [illegible] ਕਾਰੋਬਾਰੀ ਹਨ, ਪਹਿਲੀ ਵਾਰ ਚੋਣ ਲੜ ਰਹੇ ਹਨ। ਭਾਜਪਾ ਨੇ ਪਾਰਟੀ ਦੀ ਜ਼ਿਲ੍ਹਾ ਇਕਾਈ ਦੇ ਪ੍ਰਧਾਨ ਹਰਜੀਤ ਸਿੰਘ ਸੰਧੂ ਨੂੰ ਆਪਣਾ ਉਮੀਦਵਾਰ ਨਾਮਜ਼ਦ ਕੀਤਾ ਹੈ।

ਇਹ ਚੋਣ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਲਈ ਵੀ ਓਨੀ ਹੀ ਅਹਿਮ ਹੈ। ਉਨ੍ਹਾਂ ਨੇ ਆਪਣੀ ਪਤਨੀ ਹਰਸਿਮਰਤ ਕੌਰ ਬਾਦਲ ਨਾਲ ਮਿਲ ਕੇ ਪਾਰਟੀ ਉਮੀਦਵਾਰ ਸੁਖਵਿੰਦਰ ਕੌਰ ਰੰਧਾਵਾ ਲਈ ਜ਼ੋਰਦਾਰ ਢੰਗ ਨਾਲ ਪ੍ਰਚਾਰ ਕੀਤਾ ਹੈ। ਰੰਧਾਵਾ ਸੇਵਾਮੁਕਤ ਸਰਕਾਰੀ ਸਕੂਲ ਪ੍ਰਿੰਸੀਪਲ ਅਤੇ ਇੱਕ @ਧਰਮੀ ਫੌਜੀ@ ਦੀ ਪਤਨੀ ਹੈ। 1984 ਵਿੱਚ ਆਪ੍ਰੇਸ਼ਨ ਬਲੂ ਸਟਾਰ ਤੋਂ ਬਾਅਦ ਫੌਜ ਛੱਡ ਕੇ ਜਾਣ ਵਾਲੇ ਬਹੁਤ ਸਾਰੇ ਸਿੱਖ ਸੈਨਿਕਾਂ ਨੂੰ 'ਧਰਮੀ ਫੌਜੀ' ਕਿਹਾ ਜਾਂਦਾ ਹੈ।

ਚੋਣ ਮੈਦਾਨ ਵਿੱਚ ਆਜ਼ਾਦ ਉਮੀਦਵਾਰ ਮਨਦੀਪ ਸਿੰਘ ਵੀ ਹੈ, ਜੋ ਕਿ ਸੰਦੀਪ ਸਿੰਘ ਉਰਫ਼ ਸੰਨੀ ਦਾ ਭਰਾ ਹੈ, ਜੋ 2022 ਵਿੱਚ ਸ਼ਿਵ ਸੈਨਾ (ਟਕਸਾਲੀ) ਦੇ ਨੇਤਾ ਸੁਧੀਰ ਸੂਰੀ ਦੇ ਕਤਲ ਦਾ ਦੋਸ਼ੀ ਹੈ। ਸੰਦੀਪ ਸਿੰਘ ਤਰਨ ਤਾਰਨ ਵਿੱਚ ਇੱਕ ਫਰਜ਼ੀ ਮੁਕਾਬਲੇ ਦੇ ਮਾਮਲੇ ਵਿੱਚ ਦੋਸ਼ੀ ਠਹਿਰਾਏ ਗਏ ਦੋ ਸਾਬਕਾ ਪੁਲੀਸ ਅਧਿਕਾਰੀਆਂ 'ਤੇ ਹਮਲੇ ਦਾ ਵੀ ਦੋਸ਼ੀ ਹੈ।

# ਸੁਪਰੀਮ ਕੋਰਟ ਵੱਲੋਂ ਟ੍ਰਿਬਿਊਨਲ ਸੁਧਾਰ ਮਾਮਲੇ 'ਤੇ ਫੈਸਲਾ ਰਾਖਵਾਂ

**ਨਵੀਂ ਦਿੱਲੀ, 12 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਦੇਸ਼ ਦੀ ਸਰਵਉਚ ਅਦਾਲਤ ਨੇ ਟ੍ਰਿਬਿਊਨਲ ਸੁਧਾਰ (ਤਰਕਸੰਗਤੀਕਰਨ ਅਤੇ ਸੇਵਾ ਦੀਆਂ ਸ਼ਰਤਾਂ) ਐਕਟ, 2021 ਦੀ ਵੈਧਤਾ ਨੂੰ ਚੁਣੌਤੀ ਦੇਣ ਵਾਲੀਆਂ ਪਟੀਸ਼ਨਾਂ 'ਤੇ ਆਪਣਾ ਫੈਸਲਾ ਅੱਜ ਰਾਖਵਾਂ ਰੱਖ ਲਿਆ ਹੈ। ਜਾਣਕਾਰੀ ਅਨੁਸਾਰ ਇਸ ਕਾਨੂੰਨ ਹੇਠ ਕੁਝ ਅਪੀਲੀ ਟ੍ਰਿਬਿਊਨਲ ਖਾਸ ਕਰ ਫਿਲਮ ਸਰਟੀਫਿਕੇਸ਼ਨ ਅਪੀਲੀ ਟ੍ਰਿਬਿਊਨਲ ਨੂੰ ਖਤਮ ਕੀਤਾ ਗਿਆ ਸੀ। ਇਸ ਦੇ ਨਾਲ ਹੀ ਟ੍ਰਿਬਿਊਨਲ ਦੇ ਮੈਂਬਰਾਂ ਦੀ ਨਿਯੁਕਤੀ ਅਤੇ ਕਾਰਜਕਾਲ ਸਬੰਧੀ ਕਈ ਸ਼ਰਤਾਂ ਵੀ ਬਦਲੀਆਂ ਗਈਆਂ ਹਨ। ਇਸ ਕਾਨੂੰਨ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦਿੱਤੀ ਗਈ ਸੀ।

ਚੀਫ਼ ਜਸਟਿਸ ਬੀ.ਆਰ. ਗਵਈ ਅਤੇ ਜਸਟਿਸ ਕੇ. ਵਿਨੋਦ ਚੰਦਰਨ ਦੇ ਬੈਂਚ ਨੇ ਅੱਜ ਅਟਾਰਨੀ ਜਨਰਲ ਆਰ. ਵੈਂਕਟਰਮਨੀ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਫੈਸਲਾ ਰਾਖਵਾਂ ਰੱਖ ਲਿਆ। ਉਨ੍ਹਾਂ ਬੈਂਚ ਨੂੰ ਅਪੀਲ ਕੀਤੀ ਕਿ ਇਹ ਕਾਨੂੰਨ ਸੰਸਦ ਵਲੋਂ ਲੰਬੇ ਸਮੇਂ ਬਾਅਦ ਬਣਾਇਆ ਗਿਆ ਹੈ। ਇਸ ਤੋਂ ਪਹਿਲਾਂ ਅਦਾਲਤ ਨੇ 16 ਅਕਤੂਬਰ ਨੂੰ ਇਸ ਮਾਮਲੇ ਦੀ ਅੰਤਿਮ ਸੁਣਵਾਈ ਸ਼ੁਰੂ ਕੀਤੀ ਸੀ।

ਬੈਂਚ ਨੇ ਪੁੱਛਿਆ ਕਿ ਕੇਂਦਰ ਉਹੀ ਟ੍ਰਿਬਿਊਨਲ ਸੁਧਾਰ ਕਾਨੂੰਨ ਕਿਵੇਂ ਲਿਆ ਸਕਦਾ ਹੈ, ਜਿਸ ਦੀਆਂ ਕਈ ਵਿਵਸਥਾਵਾਂ ਪਹਿਲਾਂ ਰੱਦ ਕਰ ਦਿੱਤੀਆਂ ਗਈਆਂ ਸਨ। ਟ੍ਰਿਬਿਊਨਲ ਸੁਧਾਰ ਐਕਟ, 2021 ਨੇ ਪਹਿਲਾਂ ਦੇ ਟ੍ਰਿਬਿਊਨਲ ਸੁਧਾਰ (ਤਰਕਸੰਗਤੀਕਰਨ ਅਤੇ ਸੇਵਾ ਦੀਆਂ ਸ਼ਰਤਾਂ) ਆਰਡੀਨੈਂਸ, 2021 ਦੀ ਥਾਂ ਲੈ ਲਈ, ਜਿਸ ਨੇ ਸਮਾਨ ਸੰਵਿਧਾਨਕ ਚੁਣੌਤੀਆਂ ਦਾ ਸਾਹਮਣਾ ਕੀਤਾ ਸੀ। ਸਿਖਰਲੀ ਅਦਾਲਤ ਨੇ ਆਰਡੀਨੈਂਸ ਦੇ ਉਸ ਉਪਬੰਧ ਨੂੰ ਰੱਦ ਕਰ ਦਿੱਤਾ ਸੀ ਜਿਸ ਨੇ ਟ੍ਰਿਬਿਊਨਲ ਦੇ ਮੈਂਬਰਾਂ ਅਤੇ ਚੇਅਰਪਰਸਨਾਂ ਦੇ ਕਾਰਜਕਾਲ ਨੂੰ ਘਟਾ ਕੇ ਚਾਰ ਸਾਲ ਕਰ ਦਿੱਤਾ ਸੀ। ਉਨ੍ਹਾਂ ਕਿਹਾ ਸੀ ਕਿ ਸੇਵਾ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਕਾਰਜਕਾਲ ਪੰਜ ਸਾਲ ਹੋਣਾ ਚਾਹੀਦਾ ਹੈ ਜਿਸ ਵਿੱਚ ਚੇਅਰਪਰਸਨਾਂ ਲਈ ਵੱਧ ਤੋਂ ਵੱਧ ਉਮਰ 70 ਸਾਲ ਅਤੇ ਮੈਂਬਰਾਂ ਲਈ 67 ਸਾਲ ਹੋਣੀ ਚਾਹੀਦੀ ਹੈ। ਬੈਂਚ ਨੇ ਟ੍ਰਿਬਿਊਨਲਾਂ ਵਿੱਚ ਨਿਯੁਕਤੀਆਂ ਲਈ ਘੱਟੋ-ਘੱਟ 50 ਸਾਲ ਦੀ ਉਮਰ ਨੂੰ ਵੀ ਰੱਦ ਕਰ ਦਿੱਤਾ ਸੀ।

# ਦਿੱਲੀ ਬੰਬ ਬਲਾਸਟ ਦੇ 12 ਮ੍ਰਿਤਕਾਂ ਵਿੱਚੋਂ 3 ਦੀ ਪਛਾਣ ਹੋਈ



**ਨਵੀਂ ਦਿੱਲੀ, 12 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਉੱਤਰ ਪ੍ਰਦੇਸ਼ ਦੇ ਸ਼ਾਮਲੀ ਜ਼ਿਲ੍ਹੇ ਦਾ 18 ਸਾਲਾ ਨੌਮਾਨ ਅੰਸਾਰੀ ਆਪਣੀ ਦੁਕਾਨ ਲਈ ਕਾਸਮੈਟਿਕਸ ਖਰੀਦਣ ਦਿੱਲੀ ਆਇਆ ਸੀ। ਪਰ ਦਿੱਲੀ ਦੇ ਲਾਲ ਕਿਲ੍ਹੇ ਨੇੜੇ ਹੋਏ ਜਬਰਦਸਤ ਧਮਾਕੇ ਨੇ ਉਸ ਦੀ ਜਾਨ ਲੈ ਲਈ।

ਨੌਮਾਨ ਦੇ ਚਾਚਾ ਫੁਰਕਾਨ ਨੇ ਦੱਸਿਆ, ਨੌਮਾਨ ਦੀ ਮੌਕੇ 'ਤੇ ਹੀ ਮੌਤ ਹੋ ਗਈ ਜਦੋਂ ਕਿ ਉਸ ਦਾ ਚਚੇਰਾ ਭਰਾ ਅਮਨ ਜ਼ਖਮੀ ਹੋ ਗਿਆ ਅਤੇ ਦਿੱਲੀ ਦੇ ਲੋਕ ਨਾਇਕ ਹਸਪਤਾਲ ਵਿੱਚ ਜ਼ੇਰੇ ਇਲਾਜ ਹੈ। ਫੁਰਕਾਨ ਨੇ ਦੱਸਿਆ ਕਿ ਪਰਿਵਾਰ ਨੌਮਾਨ ਦੀ ਮ੍ਰਿਤਕ ਦੇਹ ਨੂੰ ਦਫ਼ਨਾਉਣ ਲਈ ਵਾਪਸ ਲਿਆਉਣ ਦੇ ਪ੍ਰਬੰਧ ਕਰ ਰਿਹਾ ਹੈ। ਪੀੜਤ ਦੇ ਰਿਸ਼ਤੇਦਾਰ ਸੋਨੂੰ, ਜੋ ਨਵੀਂ ਦਿੱਲੀ ਰੇਲਵੇ ਸਟੇਸ਼ਨ ਨੇੜੇ ਇੱਕ ਦੁਕਾਨ ਵਿੱਚ ਕੰਮ ਕਰਦਾ ਹੈ, ਨੇ ਦੱਸਿਆ, ਅੱਜ ਸਵੇਰੇ, ਮੈਨੂੰ ਮੇਰੇ ਚਾਚੇ ਦਾ ਫੋਨ ਆਇਆ ਕਿ ਨੌਮਾਨ ਹੁਣ ਨਹੀਂ ਰਿਹਾ ਅਤੇ ਮੈਨੂੰ ਐਲ.ਐਨ.ਜੇ.ਪੀ. ਹਸਪਤਾਲ ਪਹੁੰਚਣ ਲਈ ਕਿਹਾ। ਮਾਰੇ ਗਏ ਲੋਕਾਂ ਵਿੱਚੋਂ ਇੱਕ ਡੀ.ਟੀ.ਸੀ. ਕੰਡਕਟਰ ਅਸ਼ੋਕ ਕੁਮਾਰ (34) ਵੀ ਸ਼ਾਮਲ ਹੈ, ਜੋ ਅਮਰੋਹਾ ਜ਼ਿਲ੍ਹੇ ਦਾ ਰਹਿਣ ਵਾਲਾ ਸੀ। ਇੱਕ ਹੋਰ ਮ੍ਰਿਤਕ ਦੀ ਪਛਾਣ 22 ਸਾਲਾ ਪੰਕਜ ਸਾਹਨੀ ਵਜੋਂ ਹੋਈ ਹੈ, ਜੋ ਟੈਕਸੀ ਚਲਾਉਂਦਾ ਸੀ। ਉਸ ਦੇ ਰਿਸ਼ਤੇਦਾਰ ਰਾਮਦੇਵ ਸਾਹਨੀ ਨੇ ਦੱਸਿਆ ਕਿ ਸੋਮਵਾਰ ਸ਼ਾਮ ਨੂੰ ਹੋਏ ਧਮਾਕੇ ਵਿੱਚ ਉਸ ਦੇ ਭਤੀਜੇ ਦੀ ਮੌਤ ਬਾਰੇ ਦਿੱਲੀ ਦੇ ਕੋਤਵਾਲੀ ਥਾਣੇ ਤੋਂ ਇੱਕ ਫੋਨ ਕਾਲ ਪ੍ਰਾਪਤ ਹੋਈ। ਉਹ ਆਪਣੇ ਭਤੀਜੇ ਦੀ ਲਾਸ਼ ਲੈਣ ਲਈ ਮੁਰਦਾਘਰ ਦੇ ਬਾਹਰ ਇੰਤਜ਼ਾਰ ਕਰ ਰਿਹਾ ਸੀ ਜਦੋਂ ਕਿ ਉਸਦਾ ਭਰਾ ਅਤੇ ਪੀੜਤ ਦਾ ਪਿਤਾ ਕਾਗਜ਼ੀ ਕਾਰਵਾਈ ਪੂਰੀ ਕਰਨ ਲਈ ਅੰਦਰ ਸਨ। ਸਾਹਨੀ ਨੇ ਕਿਹਾ, ÷ਉਹ ਤਿੰਨ ਸਾਲਾਂ ਤੋਂ ਟੈਕਸੀ ਚਲਾਉਂਦਾ ਸੀ। ਸਾਨੂੰ ਦੱਸਿਆ ਗਿਆ ਕਿ ਉਸ ਦੇ ਸਿਰ ਦਾ ਪਿਛਲਾ ਹਿੱਸਾ ਉੱਡ ਗਿਆ ਸੀ। ਕਾਰ, ਇੱਕ ਵੈਗਨਆਰ ਪੂਰੀ ਤਰ੍ਹਾਂ ਨੁਕਸਾਨੀ ਗਈ ਸੀ। ਦਿੱਲੀ ਪੁਲਿਸ ਅਨੁਸਾਰ ਮੰਗਲਵਾਰ ਨੂੰ ਤਿੰਨ ਹੋਰ ਲੋਕਾਂ ਦੇ ਜ਼ਖਮਾਂ ਦੀ ਤਾਬ ਨਾ ਝੱਲਦੇ ਹੋਏ ਮਰਨ ਵਾਲਿਆਂ ਦੀ ਗਿਣਤੀ 12 ਹੋ ਗਈ ਹੈ।

# Ray-Ban Meta Gen A ਗਲਾਸ ਜਲਦੀ ਹੀ ਐਮਾਜ਼ਾਨ, ਫਲਿੱਪਕਾਰਟ ਅਤੇ ਰਿਲਾਇੰਸ ਡਿਜੀਟਲ 'ਤੇ ਆ ਰਹੇ ਹਨ

**ਚੰਡੀਗੜ੍ਹ, 12 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



Ray-Ban Meta Gen A ਗਲਾਸ 21 ਨਵੰਬਰ ਨੂੰ Amazon, Flipkart, ਅਤੇ Reliancedigital.in 'ਤੇ ਲਾਂਚ ਹੋਣ ਲਈ ਤਿਆਰ ਹਨ, ਜੋ ਕਿ Meta ਦੀ ਨਵੀਨਤਾਕਾਰੀ ਪਹਿਨਣਯੋਗ ਤਕਨਾਲੋਜੀ ਦੀ ਉਪਲਬਧਤਾ ਨੂੰ ਭਾਰਤ ਭਰ ਦੇ ਵਧੇਰੇ ਖਪਤਕਾਰਾਂ ਤੱਕ ਵਧਾਏਗਾ। 6 ਨਵੰਬਰ ਤੋਂ, ਲੋਕ ÷ਨੋਟੀਫਾਈ ਮੀ÷ ਅਲਰਟ ਲਈ ਸਾਈਨ ਅੱਪ ਕਰ ਸਕਦੇ ਹਨ ਤਾਂ ਜੋ ਇਹਨਾਂ ਰਿਟੇਲਰਾਂ ਤੋਂ ਰੇ-ਬੈਨ ਮੈਟਾ ਜੇਨ 1 ਰੇਂਜ ਨੂੰ ਔਨਲਾਈਨ ਖਰੀਦਦਾਰੀ ਕਰਨ ਵਾਲੇ ਪਹਿਲੇ ਲੋਕਾਂ ਵਿੱਚ ਸ਼ਾਮਲ ਹੋ ਸਕਣ - ਰੋਜ਼ਾਨਾ ਪ੍ਰਗਟਾਵੇ ਅਤੇ ਸੰਪਰਕ ਲਈ ਪ੍ਰਤੀਕ ਰੇ-ਬੈਨ ਸ਼ੈਲੀ ਅਤੇ ਮੈਟਾ ਦੀ ਉੱਨਤ ਹੈਂਡਸ-ਫ੍ਰੀ ਤਕਨਾਲੋਜੀ ਨੂੰ ਇਕੱਠਾ ਕੀਤਾ ਜਾ ਸਕੇ। ਸੰਧਿਆ ਦੇਵਨਾਥਨ, ਵੀਪੀ, ਭਾਰਤ ਅਤੇ ਦੱਖਣ-ਪੂਰਬੀ ਏਸ਼ੀਆ, Meta ਨੇ ਕਿਹਾ, meta ਵਿਖੇ, ਸਾਡਾ ਮੰਨਣਾ ਹੈ ਕਿ ਕੰਪਿਊਟਿੰਗ ਦਾ ਭਵਿੱਖ ਡੂੰਘਾਈ ਨਾਲ ਨਿੱਜੀ, ਸਹਿਜ ਰੂਪ ਵਿੱਚ ਏਕੀਕ੍ਰਿਤ, ਅਤੇ ਡੂੰਘਾਈ ਨਾਲ ਸਸ਼ਕਤੀਕਰਨ ਵਾਲਾ ਹੋਵੇਗਾ। ਅਸੀਂ ਰੋਜ਼ਾਨਾ ਜੀਵਨ ਵਿੱਚ ਆਸਾਨੀ ਨਾਲ ਮਿਲਾਉਣ ਵਾਲੇ ਡਿਵਾਈਸਾਂ ਰਾਹੀਂ, ਹਰ ਕਿਸੇ ਲਈ ਨਿੱਜੀ ਸੁਪਰਇੰਟੈਲੀਜੈਂਸ ਲਿਆਉਣ ਦੇ ਮਿਸ਼ਨ 'ਤੇ ਹਾਂ - ਏਆਈ ਗਲਾਸ ਜੋ ਨਾ ਸਿਰਫ਼ ਵਧੀਆ ਦਿਖਾਈ ਦਿੰਦੇ ਹਨ, ਸਗੋਂ ਤੁਹਾਨੂੰ ਮੌਜੂਦ ਰਹਿਣ, ਬਿਹਤਰ ਸੰਚਾਰ ਕਰਨ ਅਤੇ ਤੁਹਾਡੀਆਂ ਇੰਦਰੀਆਂ ਨੂੰ ਵਧਾਉਣ ਵਿੱਚ ਮਦਦ ਕਰਨ ਲਈ ਤਿਆਰ ਕੀਤੇ ਗਏ ਸ਼ਕਤੀਸ਼ਾਲੀ ਏਆਈ ਟੂਲ ਪ੍ਰਦਾਨ ਕਰਦੇ ਹਨ। ਰੇ-ਬੈਨ ਮੈਟਾ ਗਲਾਸ ਪਹਿਨਣਯੋਗ ਤਕਨਾਲੋਜੀ ਦੇ ਅਗਲੇ ਅਧਿਆਏ ਦੀ ਅਗਵਾਈ ਕਰਨ ਦੀ ਸਾਡੀ ਵਚਨਬੱਧਤਾ ਨੂੰ ਦਰਸਾਉਂਦੇ ਹਨ, ਭਾਰਤ ਉਸ ਯਾਤਰਾ ਦੇ ਇੱਕ ਮੁੱਖ ਹਿੱਸੇ ਵਜੋਂ - ਸਮਾਰਟਫੋਨ ਤੋਂ ਪਰੇ ਕੰਪਿਊਟਿੰਗ ਪਲੇਟਫਾਰਮਾਂ ਵਿੱਚ ਅਗਲੀ ਲਹਿਰ ਨੂੰ ਦਰਸਾਉਂਦੇ ਹੋਏ। ਰੇ-ਬੈਨ ਮੈਟਾ ਜਨਰਲ 1 ਸੰਗ੍ਰਹਿ ਜੋ ਉਪਲਬਧ ਹੋਵੇਗਾ, ਵਿੱਚ ਕਈ ਫਰੇਮ ਅਤੇ ਲੈਂਸ ਰੂਪ ਹੋਣਗੇ। ਮੈਟਾ ਏਆਈ ਬਿਲਟ-ਇਨ ਦੇ ਨਾਲ, ਤੁਸੀਂ ਸਵਾਲ ਪੁੱਛਣ, ਜਾਣਕਾਰੀ ਪ੍ਰਾਪਤ ਕਰਨ, ਜਾਂ ਆਪਣੇ ਐਨਕਾਂ ਨੂੰ ਹੈਂਡਸ-ਫ੍ਰੀ ਕੰਟਰੋਲ ਕਰਨ ਲਈ ਬਸ ÷ ਹੇ ਮੈਟਾ ÷ ਕਹਿ ਸਕਦੇ ਹੋ। ਸੰਗ੍ਰਹਿ ਕਲਾਸਿਕ ਰੇ-ਬੈਨ ਫਰੇਮ ਪੇਸ਼ ਕਰਦਾ ਹੈ, ਜਿਸ ਵਿੱਚ ਪ੍ਰਿਸਕ੍ਰਿਪਸ਼ਨ, ਸਨ, ਪੋਲਰਾਈਜ਼ਡ, ਅਤੇ ਟ੍ਰਾਂਜਿਸ਼ਨ ਲੈਂਸ ਸ਼ਾਮਲ ਹਨ, ਇੱਕ ਚਾਰਜਿੰਗ ਕੇਸ ਨਾਲ ਜੋੜਾਬੱਧ ਕੀਤਾ ਗਿਆ ਹੈ ਜੋ ਤੁਹਾਡੀ ਜੇਬ ਵਿੱਚ ਆਸਾਨੀ ਨਾਲ ਫਿੱਟ ਹੋ ਜਾਂਦਾ ਹੈ। ਇੱਕ ਦ੍ਰਿਸ਼ਮਾਨ ਕੈਪਚਰ ∗54 ਸੂਚਕ ਕੈਮਰਾ ਕਿਰਿਆਸ਼ੀਲ ਹੋਣ 'ਤੇ ਰੋਸ਼ਨੀ ਕਰਕੇ ਪਾਰਦਰਸ਼ਤਾ ਨੂੰ ਯਕੀਨੀ ਬਣਾਉਂਦਾ ਹੈ - ਗੋਪਨੀਯਤਾ ਅਤੇ ਸ਼ੈਲੀ ਨੂੰ ਬਰਾਬਰ ਅੱਗੇ ਅਤੇ ਕੇਂਦਰ ਵਿੱਚ ਰੱਖਦਾ ਹੈ।

## ਇਸਲਾਮਾਬਾਦ ਦੀ ਅਦਾਲਤ ਦੇ ਬਾਹਰ ਧਮਾਕਾ; 12 ਹਲਾਕ

**ਇਸਲਾਮਾਬਾਦ, 12 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਾਕਿਸਤਾਨ ਦੀ ਰਾਜਧਾਨੀ ਇਸਲਾਮਾਬਾਦ ਵਿਚ ਇੱਕ ਸਥਾਨਕ ਅਦਾਲਤ ਦੇ ਬਾਹਰ ਆਤਮਘਾਤੀ ਬੰਬ ਧਮਾਕਾ ਹੋਇਆ ਜਿਸ ਵਿੱਚ 12 ਜਣਿਆਂ ਦੀ ਮੌਤ ਹੋ ਗਈ।

ਜਾਣਕਾਰੀ ਅਨੁਸਾਰ ਇਹ ਧਮਾਕਾ ਇਸਲਾਮਾਬਾਦ ਜ਼ਿਲ੍ਹਾ ਅਦਾਲਤ ਦੇ ਐਂਟਰੀ ਪੁਆਇੰਟ ਨੇੜੇ ਹੋਇਆ, ਜਿੱਥੇ ਆਮ ਤੌਰ 'ਤੇ ਵੱਡੀ ਗਿਣਤੀ ਵਿੱਚ ਲੋਕਾਂ ਦੀ ਭੀੜ ਰਹਿੰਦੀ ਹੈ। ਸਥਾਨਕ ਮੀਡੀਆ ਨੇ ਘਟਨਾ ਸਥਾਨ ਦੀਆਂ ਕੁਝ ਤਸਵੀਰਾਂ ਵੀ ਨਸ਼ਰ ਕੀਤੀਆਂ ਹਨ ਜਿਸ ਵਿਚ ਇੱਕ ਪੁਲੀਸ ਵੈਨ ਨੇੜੇ ਕਈ ਜਣੇ ਜ਼ਖਮੀ ਹੋਏ ਦਿਖਾਈ ਦੇ ਰਹੇ ਹਨ।

# ਹਰਚਰਨ ਭੁੱਲਰ ਦੀ ਨਿਆਂਇਕ ਹਿਰਾਸਤ ਮੁੜ ਵਧਾਈ



**ਚੰਡੀਗੜ੍ਹ, 12 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੀਬੀਆਈ ਵੱਲੋਂ ਪੰਜਾਬ ਪੁਲੀਸ ਦੇ ਮੁਅੱਤਲ ਡੀਆਈਜੀ ਹਰਚਰਨ ਸਿੰਘ ਭੁੱਲਰ ਨੂੰ ਅੱਜ ਪੰਜ ਦਿਨਾਂ ਦੇ ਰਿਮਾਂਡ ਤੋਂ ਬਾਅਦ ਮੁੜ ਚੰਡੀਗੜ੍ਹ ਸਥਿਤ ਸੀਬੀਆਈ ਦੀ ਵਿਸ਼ੇਸ਼ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਇਸ ਦੌਰਾਨ ਅਦਾਲਤ ਨੇ ਹਰਚਰਨ ਭੁੱਲਰ ਨੂੰ 20 ਨਵੰਬਰ ਤੱਕ ਨਿਆਂਇਕ ਹਿਰਾਸਤ ਵਿੱਚ ਭੇਜ ਦਿੱਤਾ ਹੈ। ਜਾਣਕਾਰੀ ਅਨੁਸਾਰ ਅੱਜ ਸੀਬੀਆਈ ਦੇ ਵਕੀਲ ਨੇ ਅਦਾਲਤ ਵਿੱਚ ਕਿਹਾ ਕਿ ਹਰਚਰਨ ਭੁੱਲਰ ਵੱਲੋਂ ਰਿਮਾਂਡ ਦੌਰਾਨ ਸੀਬੀਆਈ ਨੂੰ ਸਹਿਯੋਗ ਨਹੀਂ ਦਿੱਤਾ ਗਿਆ। ਦੂਜੇ ਪਾਸੇ ਭੁੱਲਰ ਦੇ ਵਕੀਲ ਐਚ ਐਸ ਧਨੋਆ ਅਤੇ ਆਰਪੀਐਸ ਬਰਾੜ ਵੱਲੋਂ ਅਦਾਲਤ ਤੋਂ ਹਰਚਰਨ ਭੁੱਲਰ ਨੂੰ ਜੇਲ੍ਹ ਵਿੱਚ ਪੁਖਤਾ ਮੈਡੀਕਲ ਸਹੂਲਤ ਦੇਣ ਦੀ ਅਪੀਲ ਕੀਤੀ ਗਈ। ਅਦਾਲਤ ਨੇ ਇਸ ਬਾਰੇ ਜੇਲ੍ਹ ਵਿੱਚ ਅਰਜ਼ੀ ਲਗਾਉਣ ਦੇ ਨਿਰਦੇਸ਼ ਦਿੱਤੇ ਹਨ।

## ਸੁਰੱਖਿਆ ਬਾਰੇ ਕੈਬਨਿਟ ਕਮੇਟੀ ਦੀ ਮੀਟਿੰਗ ਅੱਜ

**ਨਵੀਂ ਦਿੱਲੀ, 12 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੁਰੱਖਿਆ ਬਾਰੇ ਕੈਬਨਿਟ ਕਮੇਟੀ ਦੀ ਮੀਟਿੰਗ ਬੁੱਧਵਾਰ ਨੂੰ ਹੋਵੇਗੀ, ਜਿਸ ਵਿਚ ਦਿੱਲੀ 'ਚ ਹੋਏ ਧਮਾਕੇ ਮਗਰੋਂ ਮੌਜੂਦਾ ਹਾਲਾਤ ਦੀ ਸਮੀਖਿਆ ਕੀਤੀ ਜਾਵੇਗੀ। ਇਸ ਬੈਠਕ ਦੀ ਪ੍ਰਧਾਨਗੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕਰਨਗੇ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਇਸ ਵੇਲੇ ਸੁਰੱਖਿਆ ਏਜੰਸੀ ਦੇ ਉੱਚ ਆਗੂਆਂ ਨਾਲ ਮਾਮਲੇ ਦੀ ਸਮੀਖਿਆ ਕਰ ਰਹੇ ਹਨ। ਸ਼ਾਹ ਭਲਕੇ ਸੀਸੀਐੱਸ ਦੀ ਬੈਠਕ ਵਿਚ ਆਪਣੀ ਰਿਪੋਰਟ ਪੇਸ਼ ਕਰਨਗੇ। ਸੀਸੀਐੱਸ ਵਿੱਚ ਰੱਖਿਆ ਮੰਤਰੀ ਰਾਜਨਾਥ ਸਿੰਘ, ਵਿੱਤ ਮੰਤਰੀ ਨਿਰਮਲਾ ਸੀਤਾਰਮਨ ਅਤੇ ਵਿਦੇਸ਼ ਮੰਤਰੀ ਐਸ ਜੈਸ਼ੰਕਰ ਵੀ ਸ਼ਾਮਲ ਹਨ। ਹਾਲ ਦੀ ਘੜੀ ਜਾਂਚ ਏਜੰਸੀਆਂ ਵੱਲੋਂ ਦਿੱਲੀ ਧਮਾਕੇ ਦੇ ਸਾਰੇ ਪਹਿਲੂਆਂ ਦਾ ਅਧਿਐਨ ਕੀਤਾ ਜਾ ਰਿਹਾ ਹੈ। ਅਜੇ ਤੱਕ ਕੋਈ ਵੀ ਦਹਿਸ਼ਤੀ ਸੰਗਠਨ ਹਮਲੇ ਦੀ ਜ਼ਿੰਮੇਵਾਰੀ ਲੈਣ ਲਈ ਅੱਗੇ ਨਹੀਂ ਆਇਆ ਹੈ। ਉਂਝ ਜੇਕਰ ਇਹ ਦਹਿਸ਼ਤੀ ਹਮਲਾ ਨਿਕਲਦਾ ਹੈ ਤਾਂ ਸੀਸੀਐਸ ਨੂੰ ਹਾਲਾਤ ਦਾ ਜਾਇਜ਼ਾ ਲੈਣ ਦੀ ਲੋੜ ਪਏਗੀ ਕਿਉਂਕਿ ਭਾਰਤ ਦੇ ਨਵੇਂ ਜੰਗੀ ਸਿਧਾਂਤ ਮੁਤਾਬਕ ਉਸ ਦੀ ਧਰਤੀ 'ਤੇ ਹੋਣ ਵਾਲੇ ਕਿਸੇ ਵੀ ਦਹਿਸ਼ਤੀ ਹਮਲੇ ਨੂੰ ਜੰਗ ਦੀ ਕਾਰਵਾਈ ਮੰਨਿਆ ਜਾਵੇਗਾ।

# ਹੜ੍ਹਾਂ ਦੇ ਬਾਵਜੂਦ, ਸੂਬੇ ਭਰ ਦੀਆਂ ਮੰਡੀਆਂ ਵਿੱਚਲੇ ਬਿਹਤਰ ਬੁਨਿਆਦੀ ਢਾਂਚੇ ਸਦਕਾ ਝੋਨੇ ਦੀ ਆਮਦ ਅਤੇ ਖਰੀਦ 150 ਲੱਖ ਮੀਟਰਕ ਟਨ ਤੋਂ ਪਾਰ

**ਚੰਡੀਗੜ੍ਹ, 12 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਬੇ ਵਿੱਚ ਹਾਲ ਹੀ 'ਚ ਆਏ ਹੜ੍ਹਾਂ ਕਾਰਨ ਪੈਦਾ ਹੋਈਆਂ ਮੁਸ਼ਕਲਾਂ ਦੇ ਬਾਵਜੂਦ ਪੰਜਾਬ ਦੀਆਂ ਮੰਡੀਆਂ ਵਿੱਚ ਕੀਤੇ ਗਏ ਪੁਖ਼ਤਾ ਪ੍ਰਬੰਧਾਂ ਅਤੇ ਬਿਹਤਰ ਬੁਨਿਆਦੀ ਢਾਂਚੇ ਸਦਕਾ ਝੋਨੇ ਦੀ ਆਮਦ ਅਤੇ ਖਰੀਦ 150 ਲੱਖ ਮੀਟਰਕ ਟਨ (ਐਲ.ਐਮ.ਟੀ.) ਦੇ ਅੰਕੜੇ ਨੂੰ ਪਾਰ ਕਰਨ ਵਿੱਚ ਸਫਲ ਹੋਈ ਹੈ।

ਝੋਨੇ ਦੇ ਖਰੀਦ ਸੀਜ਼ਨ ਨੂੰ ਨਿਰਵਿਘਨ ਅਤੇ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ ਕੋਈ ਕਸਰ ਬਾਕੀ ਨਾ ਛੱਡਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਦੂਰਦਰਸ਼ੀ ਅਗਵਾਈ ਹੇਠ ਪੰਜਾਬ ਸਰਕਾਰ ਦੀ ਸਰਗਰਮ ਪਹੁੰਚ ਸਦਕਾ 10 ਨਵੰਬਰ ਤੱਕ 11 ਲੱਖ ਤੋਂ ਵੱਧ ਕਿਸਾਨਾਂ ਨੂੰ ਘੱਟੋ-ਘੱਟ ਸਮਰਥਨ ਮੁੱਲ (ਐੱਮਐੱਸਪੀ) ਦਾ ਲਾਭ ਦਿੱਤਾ ਗਿਆ ਹੈ।

ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਮੰਤਰੀ ਸ੍ਰੀ ਲਾਲ ਚੰਦ ਕਟਾਰੂਚੱਕ ਦੀ ਅਗਵਾਈ ਹੇਠ, ਝੋਨੇ ਦੀ ਖਰੀਦ, ਲਿਫਟਿੰਗ ਅਤੇ ਅਦਾਇਗੀ ਪੂਰੇ ਜੋਰਾਂ-ਸ਼ੋਰਾਂ ਨਾਲ ਚੱਲ ਰਹੀ ਹੈ। ਪਟਿਆਲਾ ਜ਼ਿਲ੍ਹਾ ਹੁਣ ਤੱਕ 96852 ਕਿਸਾਨਾਂ ਨੂੰ ਘੱਟੋ-ਘੱਟ ਸਮਰਥਨ ਮੁੱਲ ਦਾ ਲਾਭ ਪ੍ਰਦਾਨ ਕਰਕੇ ਸਭ ਤੋਂ ਅੱਗੇ ਹੈ।

ਝੋਨੇ ਦੀ ਆਮਦ ਦੇ ਸੰਬੰਧ ਵਿੱਚ, 10 ਨਵੰਬਰ ਸ਼ਾਮ ਤੱਕ ਸੂਬੇ ਭਰ ਦੀਆਂ ਮੰਡੀਆਂ ਵਿੱਚ ਕੁੱਲ 15180075.88 ਮੀਟਰਕ ਟਨ ਝੋਨੇ ਦੀ ਆਮਦ ਹੋਈ ਹੈ। ਇਸ ਵਿੱਚੋਂ 15035129.93 ਮੀਟਰਕ ਟਨ ਝੋਨਾ ਖਰੀਦਿਆ ਜਾ ਚੁੱਕਾ ਹੈ ਜੋ ਕਿ 99 ਫ਼ੀਸਦ ਬਣਦਾ ਹੈ। ਕੁੱਲ 13567492.78 ਮੀਟਰਕ ਟਨ ਝੋਨੇ ਦੀ ਲਿਫਟਿੰਗ ਹੋ ਚੁੱਕੀ ਹੈ ਜੋ ਹੁਣ ਤੱਕ ਖਰੀਦੀ ਗਈ ਕੁੱਲ ਫਸਲ ਦਾ 90 ਫ਼ੀਸਦ ਦੇ ਕਰੀਬ ਬਣਦਾ ਹੈ। ਅਦਾਇਗੀਆਂ ਦੇ ਸਬੰਧ ਵਿੱਚ ਕਿਸਾਨਾਂ ਨੂੰ 34000 ਕਰੋੜ ਰੁਪਏ ਤੋਂ ਵੱਧ ਦੀ ਅਦਾਇਗੀ ਕੀਤੀ ਜਾ ਚੁੱਕੀ ਹੈ।

# ਜੰਮੂ ਕਸ਼ਮੀਰ ਪੁਲੀਸ ਨੇ ਚਾਰ ਜਣੇ ਹਿਰਾਸਤ 'ਚ ਲਏ

## ਜੰਮੂ ਕਸ਼ਮੀਰ ਵੱਲੋਂ ਬੇਪਰਦ ਕੀਤੇ ਦਹਿਸ਼ਤੀ ਮੌਡਿਊਲ ਦਾ ਦਿੱਲੀ ਧਮਾਕੇ ਨਾਲ ਕੋਈ ਸਬੰਧ ਹੋਣ ਦਾ ਦਾਅਵਾ

**ਸ੍ਰੀਨਗਰ, 12 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿੱਲੀ ਦੇ ਲਾਲ ਕਿਲਾ ਮੈਟਰੋ ਸਟੇਸ਼ਨ ਦੇ ਬਾਹਰ ਹੋਏ ਧਮਾਕੇ ਤੋਂ ਇੱਕ ਦਿਨ ਬਾਅਦ, ਜੰਮੂ-ਕਸ਼ਮੀਰ ਪੁਲੀਸ ਨੇ ਪੁੱਛਗਿੱਛ ਲਈ ਚਾਰ ਲੋਕਾਂ ਨੂੰ ਹਿਰਾਸਤ ਵਿੱਚ ਲਿਆ ਹੈ। ਜੰਮੂ-ਕਸ਼ਮੀਰ ਪੁਲੀਸ ਦੇ ਸੂਤਰਾਂ ਨੇ ਦ ਟ੍ਰਿਬਿਊਨ ਨੂੰ ਦੱਸਿਆ ਕਿ ਹਿਰਾਸਤ ਵਿੱਚ ਲਏ ਗਏ ਲੋਕਾਂ ਵਿੱਚ ਡਾਕਟਰ ਉਮਰ ਨਬੀ ਦਾ ਭਰਾ ਵੀ ਸ਼ਾਮਲ ਹਨ, ਜੋ ਜੰਮੂ ਕਸ਼ਮੀਰ ਪੁਲੀਸ ਵੱਲੋਂ ਫਰੀਦਾਬਾਦ ਵਿੱਚ ਉਸੇ ਅਲ-ਫਲਾਹ ਯੂਨੀਵਰਸਿਟੀ ਵਿੱਚ ਕੰਮ ਕਰਨ ਵਾਲੇ ਇੱਕ ਹੋਰ ਡਾਕਟਰ ਨੂੰ ਫੜਨ ਅਤੇ ਇੱਕ ਅਤਿਵਾਦੀ ਮਾਡਿਊਲ ਦਾ ਪਰਦਾਫਾਸ਼ ਕਰਨ ਤੋਂ ਬਾਅਦ ਫਰਾਰ ਹੋ ਗਿਆ ਸੀ। ਨਬੀ ਵੀ ਅਲ-ਫਲਾਹ ਵਿੱਚ ਕੰਮ ਕਰ ਰਿਹਾ ਸੀ।

ਜੰਮੂ-ਕਸ਼ਮੀਰ ਪੁਲੀਸ ਨੇ ਸੋਮਵਾਰ ਨੂੰ ਕਿਹਾ ਕਿ ਉਸ ਨੇ ਇੱਕ ÷ਵ੍ਹਾਈਟ ਕਾਲਰ÷ ਅੰਤਰ-ਰਾਜੀ ਅਤਿਵਾਦੀ ਮਾਡਿਊਲ ਦਾ ਪਰਦਾਫਾਸ਼ ਕੀਤਾ ਹੈ। ਪੁਲੀਸ ਨੇ ਤਿੰਨ ਡਾਕਟਰਾਂ ਸਮੇਤ ਅੱਠ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ ਅਤੇ ਇੰਪ੍ਰੋਵਾਈਜ਼ਡ ਐਕਸਪਲੋਸਿਵ ਡਿਵਾਈਸ (954) ਬਣਾਉਣ ਲਈ ਵਰਤੀ ਜਾਣ ਵਾਲੀ 2,900 ਕਿਲੋਗ੍ਰਾਮ ਤੋਂ ਵੱਧ ਸਮੱਗਰੀ ਜ਼ਬਤ ਕੀਤੀ ਹੈ। ਸੂਤਰਾਂ ਨੇ ਕਿਹਾ ਕਿ ਦਿੱਲੀ ਵਿਚ ਸੋਮਵਾਰ ਨੂੰ ਹੋਏ ਧਮਾਕੇ ਨੂੰ ਜੰਮੂ-ਕਸ਼ਮੀਰ ਪੁਲੀਸ ਵੱਲੋਂ ਬੇਨਕਾਬ ਕੀਤੇ ਗਏ ਅਤਿਵਾਦੀ ਮਾਡਿਊਲ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ, ਜਿਸ ਵਿੱਚ ਤਿੰਨ ਡਾਕਟਰਾਂ ਸਮੇਤ ਅੱਠ ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਵਿੱਚ ਡਾਕਟਰ ਮੁਜ਼ਾਮਿਲ ਅਹਿਮਦ ਗਨਾਈ ਉਰਫ਼ ਮੁਸਾਇਬ ਵੀ ਸ਼ਾਮਲ ਹੈ, ਜੋ ਪੁਲਵਾਮਾ ਦੇ ਕੋਇਲ ਦਾ ਰਹਿਣ ਵਾਲਾ ਸੀ ਅਤੇ ਪਿਛਲੇ ਸਾਢੇ ਤਿੰਨ ਸਾਲਾਂ ਤੋਂ ਫਰੀਦਾਬਾਦ ਦੇ ਧੌਜ ਵਿੱਚ ਯੂਜੀਸੀ-ਮਾਨਤਾ ਪ੍ਰਾਪਤ ਅਲ-ਫਲਾਹ ਯੂਨੀਵਰਸਿਟੀ ਵਿੱਚ ਕੰਮ ਕਰ ਰਿਹਾ ਸੀ। ਯੂਪੀ ਦੀ ਇੱਕ ਮਹਿਲਾ ਡਾਕਟਰ ਅਤੇ ਯੂਨੀਵਰਸਿਟੀ ਦੇ ਹਸਪਤਾਲ ਵਿੱਚ ਕੰਮ ਕਰਨ ਵਾਲੀ ਸ਼ਾਹੀਨ ਸ਼ਾਹਿਦ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਹੈ। ਪੁਲੀਸ ਸੂਤਰਾਂ ਨੇ ਮੰਗਲਵਾਰ ਨੂੰ ਕਿਹਾ ਕਿ ਇਸ ਗੱਲ ਦੀ ਸੰਭਾਵਨਾ ਹੈ ਕਿ ਉਮਰ ਹੀ ਸੋਮਵਾਰ ਸ਼ਾਮ ਨੂੰ ਆਈ-20 ਕਾਰ ਚਲਾ ਰਿਹਾ ਸੀ। ਇੱਕ ਅਧਿਕਾਰੀ ਨੇ ਕਿਹਾ, ਉਮਰ ਦੀ ਭੂਮਿਕਾ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰਨ ਲਈ ਜਾਂਚ ਜਾਰੀ ਹੈ। ਅਧਿਕਾਰੀਆਂ ਨੇ ਕਿਹਾ ਕਿ ਜੰਮੂ-ਕਸ਼ਮੀਰ ਪੁਲੀਸ ਵੱਲੋਂ ਮੁਜ਼ਾਮਿਲ ਨੂੰ ਗ੍ਰਿਫ਼ਤਾਰ ਕਰਨ ਤੋਂ ਬਾਅਦ, ਉਮਰ ਫਰਾਰ ਹੈ। ਅਧਿਕਾਰੀ ਨੇ ਕਿਹਾ, "ਅਸੀਂ ਇੰਨੇ ਦਿਨਾਂ ਤੋਂ ਉਸ ਦਾ ਪਤਾ ਲਗਾ ਰਹੇ ਹਾਂ।" ਜੰਮੂ-ਕਸ਼ਮੀਰ ਦੇ ਪੁਲੀਸ ਅਧਿਕਾਰੀਆਂ ਨੇ ਕਿਹਾ ਕਿ ਸੋਮਵਾਰ ਨੂੰ ਦਿੱਲੀ ਵਿਚ ਧਮਾਕੇ ਲਈ ਵਰਤੀ ਗਈ ਕਾਰ ਦੀ ਮਾਲਕੀ ਦਾ ਪਤਾ ਲਗਾਉਂਦੇ ਹੋਏ ਦੱਖਣੀ ਕਸ਼ਮੀਰ ਵਿੱਚ ਉਪਰੋਕਤ ਵਿਅਕਤੀਆਂ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ। ਇੱਕ ਪੁਲੀਸ ਅਧਿਕਾਰੀ ਨੇ ਕਿਹਾ ਕਿ ਦੱਖਣੀ ਕਸ਼ਮੀਰ ਦੇ ਪੁਲਵਾਮਾ ਜ਼ਿਲ੍ਹੇ ਦੇ ਅਮੀਰ ਰਸ਼ੀਦ, ਜਿਸ ਦੇ ਆਧਾਰ ਕਾਰਡ ਨੂੰ ਕਾਰ ਖਰੀਦਣ ਵੇਲੇ ਵਰਤਿਆ ਗਿਆ ਸੀ, ਤੋਂ ਵੀ ਪੁੱਛਗਿੱਛ ਕੀਤੀ ਜਾ ਰਹੀ ਹੈ। ਇੱਕ ਅਧਿਕਾਰੀ ਨੇ ਕਿਹਾ, ਹਿਰਾਸਤ ਵਿੱਚ ਲਏ ਗਏ ਲੋਕਾਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ।

# ਧਰਮਿੰਦਰ ਦੀ ਹਾਲਤ ਸਥਿਰ ਤੇ ਠੀਕ, ਧੀ ਈਸ਼ਾ ਦਿਓਲ ਨੇ ਦੇਹਾਂਤ ਦੀਆਂ ਖ਼ਬਰਾਂ ਨੂੰ ਖਾਰਜ ਕੀਤਾ

**ਚੰਡੀਗੜ੍ਹ, 12 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਬੌਲੀਵੁੱਡ ਅਦਾਕਾਰਾ ਈਸ਼ਾ ਦਿਓਲ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਦੇ ਪਿਤਾ ਤੇ ਬਜ਼ੁਰਗ ਅਦਾਕਾਰ ਧਰਮਿੰਦਰ (89) ਦੀ ਹਾਲਤ ਸਥਿਰ ਹੈ ਤੇ ਉਨ੍ਹਾਂ ਦੇ ਦੇਹਾਂਤ ਦੀਆਂ ਖ਼ਬਰਾਂ ਬੇਬੁਨਿਆਦ ਹਨ। ਅਦਾਕਾਰ ਪਿਛਲੇ ਕਈ ਦਿਨਾਂ ਤੋਂ ਦੱਖਣੀ ਮੁੰਬਈ ਦੇ ਬ੍ਰੀਚ ਕੈਂਡੀ ਹਸਪਤਾਲ ਵਿੱਚ ਜ਼ੇਰੇ ਇਲਾਜ ਹੈ। ਅਦਾਕਾਰ ਨੂੰ ਸੋਮਵਾਰ ਨੂੰ ਸਾਹ ਲੈਣ ਵਿੱਚ ਤਕਲੀਫ਼ ਕਾਰਨ ਬ੍ਰੀਚ ਕੈਂਡੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਸੀ। ਅਦਾਕਾਰ ਦੀ ਪਤਨੀ ਹੇਮਾ ਮਾਲਿਨੀ, ਪੁੱਤਰ ਸੰਨੀ ਦਿਓਲ ਤੇ ਬੌਬੀ ਦਿਓਲ, ਧੀ ਈਸ਼ਾ ਦਿਓਲ ਸਣੇ ਹੋਰ ਸਕੇ ਸਬੰਧੀ ਹਸਪਤਾਲ ਵਿਚ ਮੌਜੂਦ ਹਨ।

ਅਦਾਕਾਰ ਦੇ ਪਰਿਵਾਰ ਨੇ ਕਿਹਾ ਕਿ ਧਰਮਿੰਦਰ 'ਸਥਿਰ ਅਤੇ ਠੀਕ ਹੋ ਰਹੇ ਹਨ'। ਪਰਿਵਾਰ ਨੇ ਮੀਡੀਆ ਨੂੰ ਅਪੀਲ ਕੀਤੀ ਕਿ ਉਨ੍ਹਾਂ ਦੀ ਸਿਹਤ ਬਾਰੇ ਝੂਠੀਆਂ ਖ਼ਬਰਾਂ ਨਾ ਫੈਲਾਈਆਂ ਜਾਣ। 89 ਸਾਲਾ ਸਟਾਰ ਅਜੇ ਵੀ ਮੁੰਬਈ ਦੇ ਇੱਕ ਹਸਪਤਾਲ ਵਿੱਚ ਨਿਗਰਾਨੀ ਹੇਠ ਹੈ। ਕਾਬਿਲੇਗੌਰ ਹੈ ਕਿ ਅੱਜ ਸਵੇਰੇ ਮੀਡੀਆ ਦੇ ਇਕ ਹਿੱਸੇ ਵਿਚ ਬਜ਼ੁਰਗ ਅਦਾਕਾਰ ਧਰਮਿੰਦਰ ਦੀ ਮੌਤ ਬਾਰੇ ਕਈ ਖ਼ਬਰਾਂ ਆਈਆਂ ਸਨ ਪਰ ਧੀ ਈਸ਼ਾ ਦਿਓਲ ਨੇ ਇੰਸਟਾਗ੍ਰਾਮ 'ਤੇ ਇੱਕ ਪੋਸਟ ਵਿੱਚ ਉਨ੍ਹਾਂ ਨੂੰ ਖਾਰਜ ਕਰ ਦਿੱਤਾ। ਈਸ਼ਾ ਨੇ ਕਿਹਾ, "ਮੀਡੀਆ ਪੂਰੀ ਤਰ੍ਹਾਂ ਝੂਠੀਆਂ ਖ਼ਬਰਾਂ ਫੈਲਾ ਰਿਹਾ ਹੈ। ਪਾਪਾ ਦੀ ਹਾਲਤ ਸਥਿਰ ਹੈ ਅਤੇ ਉਹ ਠੀਕ ਹੋ ਰਹੇ ਹਨ। ਅਸੀਂ ਸਾਰਿਆਂ ਨੂੰ ਬੇਨਤੀ ਕਰਦੇ ਹਾਂ ਕਿ ਉਹ ਸਾਡੇ ਪਰਿਵਾਰ ਦੀ ਨਿੱਜਤਾ ਦਾ ਸਤਿਕਾਰ ਕਰਨ। ਪਾਪਾ ਦੀ ਜਲਦੀ ਸਿਹਤਯਾਬੀ ਲਈ ਤੁਹਾਡੀਆਂ ਪ੍ਰਾਰਥਨਾਵਾਂ ਲਈ ਧੰਨਵਾਦ।"

# ਪੰਜਾਬ ਯੂਨੀਵਰਸਿਟੀ ਦੇ ਕਾਲਜਾਂ 'ਚ ਠੇਕਾ ਅਧਾਰ 'ਤੇ ਕੰਮ ਕਰਦੇ ਸਹਾਇਕ ਪ੍ਰੋਫੈਸਰਾਂ ਨੂੰ ਰੈਗੂਲਰ ਕਰਨ ਦੇ ਹੁਕਮ

**ਚੰਡੀਗੜ੍ਹ, 12 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਯੂਨੀਵਰਸਿਟੀ ਦੇ ਕਾਂਸਟੀਚਿਊਟ ਕਾਲਜਾਂ ਵਿੱਚ 12 ਸਾਲਾਂ ਤੋਂ ਵੱਧ ਸਮੇਂ ਤੋਂ ਸੇਵਾ ਨਿਭਾ ਰਹੇ ਠੇਕੇ 'ਤੇ ਰੱਖੇ ਸਹਾਇਕ ਪ੍ਰੋਫੈਸਰਾਂ ਨੂੰ ਨਿਯਮਤ ਕਰਨ ਦਾ ਹੁਕਮ ਦਿੱਤਾ ਹੈ। ਹਾਈ ਕੋਰਟ ਨੇ ਕਿਹਾ ਕਿ ਰਾਜ ਅਤੇ ਇਸ ਦੀਆਂ ਸੰਸਥਾਵਾਂ "ਨਾਗਰਿਕਾਂ ਦਾ ਸ਼ੋਸ਼ਣ ਨਹੀਂ ਕਰ ਸਕਦੀਆਂ ਅਤੇ ਨਾ ਹੀ ਵੱਡੇ ਪੱਧਰ 'ਤੇ ਬੇਰੁਜ਼ਗਾਰੀ ਦਾ ਫਾਇਦਾ ਉਠਾ ਸਕਦੀਆਂ ਹਨ।"

ਜਸਟਿਸ ਜਗਮੋਹਨ ਬਾਂਸਲ ਨੇ ਫੈਸਲਾ ਸੁਣਾਉਂਦਿਆਂ ਕਿਹਾ ਕਿ ਪਟੀਸ਼ਨਰ, ਜਿਨ੍ਹਾਂ ਨੂੰ 2012 ਵਿੱਚ ਮਨਜ਼ੂਰਸ਼ੁਦਾ ਅਸਾਮੀਆਂ ਲਈ ਇੱਕ ਵਾਜਬ ਚੋਣ ਅਮਲ ਵਿੱਚੋਂ ਲੰਘਣ ਤੋਂ ਬਾਅਦ ਨਿਯੁਕਤ ਕੀਤਾ ਗਿਆ ਸੀ, 'ਪਿਛਲੇ ਦਰਵਾਜ਼ਿਓਂ ਦਾਖ਼ਲ' ਉਮੀਦਵਾਰ ਨਹੀਂ ਸਨ।

ਹਾਈ ਕੋਰਟ ਨੇ ਕਿਹਾ ਕਿ ਉਨ੍ਹਾਂ ਨੂੰ ਸਿਰਫ਼ ਇਸ ਲਈ ਨਿਯਮਤ ਕਰਨ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿਉਂਕਿ ਉਨ੍ਹਾਂ ਨੂੰ ਸ਼ੁਰੂ ਵਿੱਚ ਠੇਕਾ ਆਧਾਰ 'ਤੇ ਨਿਯੁਕਤ ਕੀਤਾ ਗਿਆ ਸੀ। ਬੈਂਚ ਨੇ ਕਿਹਾ, "ਪਟੀਸ਼ਨਰਾਂ ਨੂੰ ਢੁਕਵੇਂ ਅਮਲ ਦੀ ਪਾਲਣਾ ਕਰਨ ਤੋਂ ਬਾਅਦ ਨਿਯੁਕਤ ਕੀਤਾ ਗਿਆ ਸੀ। ਉਹ ਪੂਰੀ ਤਰ੍ਹਾਂ ਯੋਗ ਹਨ। ਉਹ 2012 ਤੋਂ ਯੂਨੀਵਰਸਿਟੀ ਨਾਲ ਕੰਮ ਕਰ ਰਹੇ ਹਨ ਅਤੇ ਉਹ ਵੀ ਇਸ ਅਦਾਲਤ ਜਾਂ ਕਿਸੇ ਹੋਰ ਅਦਾਲਤ ਦੀ ਸੁਰੱਖਿਆ ਤੋਂ ਬਗੈਰ।

ਉਨ੍ਹਾਂ ਨੂੰ ਮਨਜ਼ੂਰਸ਼ੁਦਾ ਅਹੁਦਿਆਂ 'ਤੇ ਚੁਣਿਆ ਗਿਆ ਸੀ।" ਬੈਂਚ ਨੇ ਪੰਜਾਬ ਯੂਨੀਵਰਸਿਟੀ ਨੂੰ ਛੇ ਹਫ਼ਤਿਆਂ ਅੰਦਰ ਉਨ੍ਹਾਂ ਦੀਆਂ ਸੇਵਾਵਾਂ ਨਿਯਮਤ ਕਰਨ ਦਾ ਨਿਰਦੇਸ਼ ਦਿੱਤਾ। ਪਟੀਸ਼ਨਰਾਂ ਦੀ ਨੁਮਾਇੰਦਗੀ ਵਕੀਲ ਸਾਰਥਕ ਗੁਪਤਾ ਨੇ ਕੀਤੀ।

# ਦੂਜੇ ਫੈਡਰੇਸ਼ਨ ਗੱਤਕਾ ਕੱਪ 'ਤੇ ਪੰਜਾਬ ਦੇ ਗੱਤਕੇਬਾਜ਼ ਕਾਬਜ ; ਹਰਿਆਣਵੀ ਗੱਤਕਈ ਰਹੇ ਰੱਨਰਜ ਅੱਪ

**ਚੰਡੀਗੜ੍ਹ, 12 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਗੱਤਕੇਬਾਜ਼ਾਂ ਨੇ ਜੰਗਜੂ ਕਲਾ ਦੇ ਸ਼ਾਨਦਾਰ ਹੁਨਰ ਸਦਕਾ ਗੱਤਕਾ-ਸੋਟੀ ਦੇ ਜ਼ੋਰਦਾਰ ਵਾਰ ਕਰਦਿਆਂ ਵੱਕਾਰੀ ਦੂਜੇ ਫੈਡਰੇਸ਼ਨ ਗੱਤਕਾ ਕੱਪ ਦੀ ਸਮੁੱਚੀ ਚੈਂਪੀਅਨਸ਼ਿਪ ਦਾ ਖਿਤਾਬ ਆਪਣੇ ਨਾਮ ਕਰ ਲਿਆ। ਰਵਾਇਤੀ ਕਲਾ ਦੇ ਸ਼ਾਨਦਾਰ ਪੰਜਾਬ ਦੀ ਟੀਮ ਨੇ ਪ੍ਰਦਰਸ਼ਨ ਦੌਰਾਨ ਬੰਗਲੁਰੂ ਸਿਟੀ ਯੂਨੀਵਰਸਿਟੀ ਕੈਂਪਸ ਵਿੱਚ ਆਯੋਜਿਤ ਇਸ ਸਲਾਨਾ ਟੂਰਨਾਮੈਂਟ 'ਤੇ ਇੱਕ ਅਮਿੱਟ ਛਾਪ ਛੱਡੀ। ਹਰਿਆਣਾ ਦੇ ਤੇਜ਼-ਤਰਾਰ ਗੱਤਕੇਬਾਜ਼ਾਂ ਨੇ ਜ਼ਬਰਦਸਤ ਖੇਡ ਦਾ ਪ੍ਰਦਰਸ਼ਨ ਕਰਦਿਆਂ ਇਨਾਂ ਮੁਕਾਬਲਿਆਂ ਵਿੱਚ ਸਮੁੱਚੇ ਤੌਰ 'ਤੇ ਉਪ-ਜੇਤੂ ਵਜੋਂ ਪ੍ਰਸ਼ੰਸਾਯੋਗ ਸਥਾਨ ਪ੍ਰਾਪਤ ਕੀਤਾ। ਪੰਜਾਬ ਤੇ ਹਰਿਆਣਾ ਵਿਚਕਾਰ ਖੇਡਿਆ ਗਿਆ ਗੱਤਕਾ-ਸੋਟੀ (ਵਿਅਕਤੀਗਤ) ਦਾ ਫਾਈਨਲ ਮੁਕਾਬਲਾ ਤਾਂ ਐਨਾ ਦਿਲਚਸਪ ਰਿਹਾ ਕਿ ਵਾਧੂ ਸਮੇਂ ਦੌਰਾਨ ਵੀ ਖਿਡਾਰੀਆਂ ਦੇ ਬਰਾਬਰੀ ਤੇ ਰਹਿਣ ਉਪਰੰਤ 'ਸਡਨ ਡੈਥ' ਨਿਯਮ ਨਾਲ ਫੈਸਲਾ ਕਰਨਾ ਪਿਆ। ਦੋ ਦਿਨ ਚੱਲੇ ਇਹ ਮੁਕਾਬਲੇ ਦੂਜੀਆਂ ਰਾਸ਼ਟਰੀ ਸੱਭਿਆਚਾਰਕ ਪਾਈਥੀਅਨ ਖੇਡਾਂ ਦੇ ਨਾਲ ਹੀ ਕਰਵਾਏ ਗਏ। ਗੱਤਕਈਆਂ ਨੇ ਹਰ ਮੈਚ ਵਿੱਚ ਅੰਕ ਪ੍ਰਾਪਤ ਕਰਨ ਲਈ ਲਗਾਤਾਰ ਟਿਕਟਿਕੀ ਲਾਈ ਰੱਖੀ ਅਤੇ ਨਿਪੁੰਨ ਗੱਤਕਾ ਤਕਨੀਕਾਂ ਨਾਲ ਆਪਣੇ ਵਿਰੋਧੀ ਖਿਡਾਰੀ ਉੱਤੇ ਹਮਲਾ ਕਰਨ ਦੀ ਕੋਈ ਚੂਕ ਨਹੀਂ ਸੀ ਕਰ ਰਹੇ।

ਪੰਜਾਬ ਦੇ ਗੱਤਕੇਬਾਜ਼ਾਂ ਨੇ ਲੜਕਿਆਂ ਦੇ ਵਰਗ ਵਿੱਚ ਸਿਖਰਲਾ ਸਨਮਾਨ ਹਾਸਲ ਕਰਨ ਲਈ ਪੂਰੀ ਦਬਦਬਾ ਕਾਇਮ ਰੱਖਿਆ। ਉਧਰ ਹਰਿਆਣਾ ਦੀਆਂ ਕੁੜੀਆਂ ਨੇ ਗੱਤਕਾ-ਸੋਟੀ ਦੇ ਹੁਨਰ ਨਾਲ ਅਤੇ ਜੇਤੂ ਹੋਣ ਲਈ ਜੁਟਾਏ ਸਮਾਨਾਂਤਰ ਜੋਸ਼ ਨਾਲ ਆਪਣੇ ਵਰਗ ਦੀ ਚੈਂਪੀਅਨਸ਼ਿਪ ਦਾ ਖਿਤਾਬ ਜਿੱਤ ਕੇ ਪੰਜਾਬ ਦੀਆਂ ਲੜਕੀਆਂ ਨੂੰ ਮਾਤ ਦਿੱਤੀ। ਚੈਂਪੀਅਨਸ਼ਿਪ ਦੌਰਾਨ ਬਾਕੀ ਸਥਾਨਾਂ ਲਈ ਵੀ ਬਹੁਤ ਤਿੱਖੇ ਅਤੇ ਤੇਜ਼ ਮੁਕਾਬਲੇ ਦੇਖਣ ਨੂੰ ਮਿਲੇ। ਹਰਿਆਣਾ ਦੇ ਮੁੰਡੇ ਅਤੇ ਪੰਜਾਬ ਦੀਆਂ ਕੁੜੀਆਂ ਆਪੋ-ਆਪਣੇ ਵਰਗਾਂ ਵਿੱਚ ਉਪ ਜੇਤੂ ਰਹੀਆਂ। ਉਤਰਾਖੰਡ ਅਤੇ ਛੱਤੀਸਗੜ੍ਹ ਦੇ ਨੌਜਵਾਨਾਂ ਨੇ ਤੀਜੇ ਸਥਾਨ 'ਤੇ ਸਬਰ ਕਰਦਿਆਂ ਕਾਂਸੀ ਦੇ ਤਗਮੇ ਸਾਂਝੇ ਕੀਤੇ। ਇਸੇ ਤਰ੍ਹਾਂ ਚੰਡੀਗੜ੍ਹ ਅਤੇ ਆਂਧਰਾ ਪ੍ਰਦੇਸ਼ ਦੀਆਂ ਨੇ ਕੁੜੀਆਂ ਨੇ ਵੀ ਸਾਂਝੇ ਤੌਰ 'ਤੇ ਤੀਜਾ ਸਥਾਨ ਪ੍ਰਾਪਤ ਕੀਤਾ।

ਚੈਂਪੀਅਨਸ਼ਿਪ ਦਾ ਉਦਘਾਟਨ ਪਾਈਥੀਅਨ ਕੌਂਸਲ ਆਫ਼ ਇੰਡੀਆ ਦੇ ਚੇਅਰਮੈਨ ਬਿਜੇਂਦਰ ਗੋਇਲ ਨੇ ਕੀਤਾ। ਸੈਮੀਫਾਈਨਲ ਮੁਕਾਬਲੇ ਪਾਈਥੀਅਨ ਖੇਡਾਂ ਦੀ ਪ੍ਰਬੰਧਕੀ ਕਮੇਟੀ ਦੇ ਚੇਅਰਮੈਨ ਬੀ.ਐਚ. ਅਨਿਲ ਕੁਮਾਰ, ਆਈਏਐਸ ਨੇ ਸ਼ੁਰੂ ਕਰਵਾਏ। ਅੰਤਿਮ ਦਿਨ ਟੀਸੀ ਦੇ ਗੱਤਕੇਬਾਜ਼ਾਂ ਦੀਆਂ ਫਾਈਟਾਂ ਦੀ ਸ਼ੁਰੂਆਤ ਨੈਸ਼ਨਲ ਗੱਤਕਾ ਐਸੋਸੀਏਸ਼ਨ ਆਫ਼ ਇੰਡੀਆ ਦੇ ਪ੍ਰਧਾਨ ਐਡਵੋਕੇਟ ਹਰਜੀਤ ਸਿੰਘ ਗਰੇਵਾਲ, ਸਾਬਕਾ ਵਧੀਕ ਡਾਇਰੈਕਟਰ, ਨੇ ਕੀਤੀ।

ਇਨਾਂ ਮੁਕਾਬਲਿਆਂ ਮੌਕੇ ਕੌਮਾਂਤਰੀ ਸਿੱਖ ਸ਼ਸ਼ਤਰ ਕਲਾ ਕੌਂਸਲ ਦੇ ਉਪ-ਚੇਅਰਮੈਨ ਸੁਖਚੈਨ ਸਿੰਘ ਕਲਸਾਨੀ, ਜਸਪ੍ਰੀਤ ਸਿੰਘ ਸੈਣੀ, ਜਗਦੀਸ਼ ਸਿੰਘ, ਆਰਥੀ ਦੀਵਾਨ, ਸ੍ਰੀਜੀਤ ਸੁਰੇਂਦਰ ਅਤੇ ਕੋਚ ਵੇਣੂਗੋਪਾਲ ਵੇਲੋਲੀ (ਬੰਗਲੂਰੂ) ਹਾਜ਼ਰ ਸਨ। ਸਮੁੱਚੀ ਚੈਂਪੀਅਨਸ਼ਿਪ ਦੌਰਾਨ ਹਰਨਾਮ ਸਿੰਘ, ਹਰਸਿਮਰਨ ਸਿੰਘ, ਅੰਮ੍ਰਿਤਪਾਲ ਸਿੰਘ, ਜਸ਼ਨਪ੍ਰੀਤ ਸਿੰਘ, ਸ਼ੈਰੀ ਸਿੰਘ, ਨਰਿੰਦਰਪਾਲ ਸਿੰਘ ਨੇ ਪ੍ਰਸ਼ੰਸਾ ਕੀਤੀ।

# ਸਿਹਤ ਮੰਤਰੀ ਕੁਮਾਰੀ ਆਰਤੀ ਸਿੰਘ ਰਾਓ ਨੇ ਕੀਤੀ ਜਨਤਾ ਨੂੰ ਚੌਕਸ ਰਹਿਣ ਦੀ ਅਪੀਲ

**ਚੰਡੀਗੜ੍ਹ, 12 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੀ ਸਿਹਤ ਮੰਤਰੀ ਕੁਮਾਰੀ ਆਰਤੀ ਸਿੰਘ ਰਾਓ ਨੇ ਸੂਬਾਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਪਲਾਨੋਕੁਫ ਡੀ ਕਫ ਸਿਰਪ ਦੀ ਵਰਤੋ ਨਾ ਕਰਨ, ਕਿਉਂਕਿ ਇਸ ਦਵਾਈ ਵਿੱਚ ਡਾਇਏਥਿਲੀਨ ਗਲਾਈਕੋਜ (457) ਨਾਮਕ ਰਸਾਇਨਿਕ ਦੀ ਗਿਣਤੀ ਤੈਅ ਸੀਮਾ ਤੋਂ ਵੱਧ ਪਾਈ ਗਈ ਹੈ, ਜੋ ਮਨੁੱਖ ਸ਼ਰੀਰ ਦੇ ਲਈ ਬਹੁਤ ਵਿਸ਼ਲੀ ਅਤੇ ਘਾਤਕ ਸਾਬਤ ਹੋ ਸਕਦੀ ਹੈ।



ਸਿਤਹ ਮੰਤਰੀ ਨੇ ਦਸਿਆ ਕਿ CDSCO (ਕੇਂਦਰੀ ਔਸ਼ਧੀ ਮਾਨਕ ਕੰਟਰੋਲ ਸੰਗਠਨ), ਗੁਹਾਟੀ ਤੋਂ ਪ੍ਰਾਪਤ ਅਧਿਕਾਰਕ ਰਿਪੋਰਟ ਅਨੁਸਾਰ ਉਕਤ ਸਿਰਪ ਦੇ ਕੁੱਝ ਬੈਂਚਾਂ ਵਿੱਚ ਡਾਇਏਥਿਲੀਨ ਗਲਾਈਕੋਜ ਦੀ ਗਿਣਤੀ ਸੀਮਾ ਤੋਂ ਵੱਧ ਪਾਈ ਗਈ ਹੈ। ਇਹ ਰਸਾਇਨਿਕ ਤੱਤ ਗੰਭੀਰ ਸਿਹਤ ਹਾਨੀ ਪਹੁੰਚਾਉਣ ਵਾਲਾ ਹੈ, ਜਿਸ ਨਾਲ ਗੁਰਦਾ ਦੀ ਵਿਫਲਤਾ, ਤੰਤਰਿਕਾ ਤੰਤਰ ਵਿੱਚ ਦਿਵਕਾਸ (Neurological complications) ਅਤੇ ਇੱਕੇ ਤੱਕ ਕਿ ਮੌਤ ਤੱਕ ਦੀ ਸੰਭਾਵਨਾ ਉਤਪਨ ਹੋ ਸਕਦੀ ਹੈ, ਵਿਸ਼ੇਸ਼ ਰੂਪ ਨਾਲ ਬੱਚਿਆਂ ਵਿੱਚ।

ਉਨ੍ਹਾਂ ਨੇ ਦਸਿਆ ਕਿ ਸਬੰਧਿਤ ਦਵਾਈ ਦਾ ਨਾਮ: ਪਲਾਨੋਕੁਫ ਡੀ (ਸੇਟਿਰਿਜਿਨ ਹਾਇਡਰੋਕਲੋਰਾਇਡ, ਫਿਨਾਈਲੇਫ੍ਰਾਇਨ ਹਾਈਡਰੋਕਲੋਰਾਇਡ ਅਤੇ ਡਿਵੇਸਟ੍ਰੋਮੇਥੋਫੇਨ ਹਾਈਡਰੋਬ੍ਰੋਕਾਇਡ ਸਿਰਪ)
ਬੈਚ ਗਿਣਤੀ: R25053101
ਨਿਰਮਾਣ ਮਿੱਤੀ: ਫਰਵਰੀ 2025
ਸਮਾਪਤ ਮਿੱਤੀ:ਜਨਵਰੀ 2027
ਨਿਰਮਾਤਾ: ਮੇਸਰਸ ਸ਼੍ਰੇਆ ਲਾਇਫਸਾਇੰਨੇਜ ਪ੍ਰਾਈਵੇਟ ਲਿਮੀਟੇਡ 13-15 ਰਾਏਪੁਰ, ਭਗਵਾਨਪੁਰ ਰੁੜਕੀ (ਯੂਕੇ ) ਹੈ।

ਸਿਹਤ ਮੰਤਰੀ ਕੁਮਾਰੀ ਆਰਤੀ ਸਿੰਘ ਰਾਓ ਨੇ ਕਿਹਾ ਕਿ ਇਸ ਸਿਰਪ ਨੂੰ Adulterated and Not of Standard Qualit ਐਲਾਨ ਕੀਤਾ ਗਿਆ ਹੈ। ਆਖੀਰ ਸੂਬੇ ਵਿੱਚ ਇਸ ਦੇ ਵਿਰਕੀ ਵੰਡ ਜਾਂ ਵਰਤੋ 'ਤੇ ਤੁਰੰਤ ਪ੍ਰਭਾਵ ਨਾਲ ਰੋਕ ਲਗਾ ਦਿੱਤੀ ਗਈ ਹੈ।

ਉਨ੍ਹਾਂ ਨੇ ਕਿਹਾ ਕਿ ਜਨਤਾ ਦੀ ਸੁਰੱਖਿਆ ਸਡਾਗੀ ਸਸਰਵੋਚ ਪ੍ਰਾਥਮਿਕਤਾ ਹੈ। ਇਸ ਲਈ ਸਿਹਤ ਵਿਭਾਗ ਨੇ ਇਸ ਖਤਰਨਾਕ ਸਿਰਪ ਦੇ ਸਾਰੇ ਬੈਚਾਂ ਨੂੰ ਤੁਰੰਤ ਬਾਜਾਰ ਤੋਂ ਹਟਾਉਣ ਦੇ ਨਿਰਦੇਸ਼ ਦਿੱਤੇ ਹਨ। ਨਾਲ ਹੀ ਦਵਾਈ ਵਿਕਰੇਤਾਵਾਂ, ਵਿਤਰਕਾਂ, ਹਸਪਤਾਲਾਂ ਅਤੇ ਡਾਕਟਰਾਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਇੰਨ੍ਹਾਂ ਬੈਚਾਂ ਨੂੰ ਕਿਸੇ ਵੀ ਸਥਿਤੀ ਵਿੱਚ ਨਾ ਵੇਚਣ, ਨਾ ਵੰਡ ਕਰਨ ਅਤੇ ਨਾ ਹੀ ਵਰਤੋ ਕਰਨ।

ਕੁਮਾਰੀ ਆਰਤੀ ਸਿੰਘ ਰਾਓ ਨੇ ਨਾਗਰਿਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਘਰਾਂ ਵਿੱਚ ਮੌਜੂਦ ਦਵਾਈਆਂ ਦੀ ਜਾਂਚ ਕਰਨ ਅਤੇ ਜੇਕਰ ਪਲਾਨੋਕੁਫ ਡੀ ਸਿਰਪ ਦਾ ਇਹ ਬੈਚ ਮੌਜੂਦ ਹੈ ਤਾਂ ਉਸ ਨੂੰ ਤੁਰੰਤ ਵਰਤੋ ਵਿੱਚ ਨਾ ਲਿਆਉਣ ਅਤੇ ਨੇੜੇ ਸਿਹਤ ਵਿਭਾਗ ਅਤੇ ਦਵਾਹੀ ਕੰਟਰੋਲ ਅਧਿਕਾਰੀ ਨੂੰ ਇਸਦੀ ਸੂਚਨਾ ਦੇਣ।

ਉਨ੍ਹਾਂ ਨੇ ਕਿਹਾ ਕਿ ਸੂਬਾ ਸਰਕਾਰ ਅਤੇ ਸਿਹਤ ਵਿਭਾਗ ਇਸ ਨੂੰ ਪੂਰੇ ਮਾਮਲੇ ਦੀ ਚੌਕਸੀ ਅਤੇ ਪਾਰਦਰਸ਼ਿਤਾ ਦੇ ਨਾਲ ਨਿਗਰਾਨੀ ਕਰ ਰਹੇ ਹਨ ਤਾਂ ਜੋ ਕਿਸੇ ਵੀ ਨਾਗਰਿਕ ਨੂੰ ਨੁਕਸਾਨ ਨਾ ਪਹੁੰਚਣ। ਮੰਤਰੀ ਨੇ ਕਿਹਾ ਕਿ ਹਰਿਆਣਾ ਸਰਕਾਰ ਜਨਤਾ ਦੀ ਸੁਰੱਖਿਆ ਦੇ ਲਈ ਪੂਰੀ ਤਰ੍ਹਾ ਪ੍ਰਤੀਬੱਧ ਹੈ। ਅਸੀਂ ਸਾਰੇ ਮਿਲ ਕੇ ਅਜਿਹੀ ਦਵਾਈਆਂ ਦੇ ਗਲਤ ਪ੍ਰਭਾਵਾਂ ਤੋਂ ਆਪਣੇ ਬੱਚਿਆਂ ਅਤੇ ਪਰਿਵਾਰਾਂ ਨੂੰ ਸੁਰੱਖਿਅਤ ਰੱਖਾਂਗੇ।

# ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਜੀ ਦੀ ਅਗਵਾਈ ਹੇਠ ਭਾਰਤ ਦੇ ਵਿਕਾਸ ਨੂੰ ਗਤੀ ਮਿਲੀ - ਅਨਿਲ ਵਿਜ

**ਚੰਡੀਗੜ੍ਹ, 12 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਊਰਜਾ, ਟ੍ਰਾਂਸਪੋਰਟ ਅਤੇ ਕਿਰਤ ਮੰਤਰੀ ਸ੍ਰੀ ਅਨਿਲ ਵਿਜ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਜੀ ਦੀ ਅਗਵਾਈ ਹੇਠ ਭਾਰਤ ਦੇ ਵਿਕਾਸ ਨੂੰ ਗਤੀ ਮਿਲੀ ਹੈ ਅਤੇ ਪੂਰਾ ਰਾਸ਼ਟਰ ਦਿੱਲ ਤੋਂ ਉਨ੍ਹਾਂ ਨੂੰ ਆਸ਼ੀਰਵਾਦ ਦੇ ਰਿਹਾ ਹੈ। ਉਨ੍ਹਾਂ ਨੇ ਦਸਿਆ ਕਿ ਪ੍ਰਧਾਨ ਮੰਤਰੀ ਜੀ ਨੇ ਅੱਜ ਚਾਰ ਵੰਦੇ ਭਾਰਤ ਟ੍ਰੇਨਾਂ ਸ਼ੁਰੂ ਕੀਤੀਆਂ ਹਨ, ਜਿਨ੍ਹਾਂ ਵਿੱਚ ਇੱਕ ਫਿਰੋਜਪੁਰ ਤੋਂ ਅੰਬਾਲਾ ਕੈਂਟ ਹੁੰਦੇ ਹੋਏ ਦਿੱਲੀ ਜਾਵੇਗੀ, ਜਿਸ ਨਾਲ ਯਾਤਰੀਆਂ ਦਾ ਸਮੇਂ ਬਚੇਗਾ।



ਸ੍ਰੀ ਵਿਜ ਨੇ ਅੱਜ ਰਾਜਸਭਾ ਸਾਂਸਦ ਕਾਰਤੀਕੇਯ ਸ਼ਰਮਾ ਅਤੇ ਮੇਅਰ ਸ਼ੈਲਜਾ ਸਚਦੇਵਾ ਦੇ ਨਾਲ ਅੰਬਾਲਾ ਕੈਂਟ ਸਟੇਸ਼ਨ 'ਤੇ ਵੰਦੇ ਭਾਰਤ ਐਕਸਪ੍ਰੈਸ ਦਾ ਸਵਾਗਤ ਕੀਤਾ ਅਤੇ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਇਸ ਦੌਰਾਨ ਉਨ੍ਹਾਂ ਨੇ ਟ੍ਰੇਨ ਵਿੱਚ ਸਵਾਰ ਯਾਤਰੀਆਂ ਦਾ ਗੁਲਾਬ ਦੇ ਫੁੱਲਾਂ ਨਾਲ ਸਵਾਗਤ ਕੀਤਾ।ਉਨ੍ਹਾਂ ਨੇ ਕਿਹਾ ਕਿ ਇੱਕ ਸਮੇਂ ਸੀ ਜਦੋਂ ਕੋਇਲੇ ਨਾਲ ਚੱਲਣ ਵਾਲੀ ਗੱਡੀਆਂ ਦੇਸ਼ ਦੀ ਪਹਿਚਾਣ ਸੀ। ਉਨ੍ਹਾਂ ਨੇ ਕਿਹਾ ਕਿ ਉਹ ਖੁਦ ਰੇਲਵੇ ਕਲੋਨੀ ਵਿੱਚ ਵੱਡੇ ਹੋਏ ਹਨ ਅਤੇ ਉਨ੍ਹਾਂ ਨੇ ਰੇਲਵੇ ਦੇ ਬਦਲਦੇ ਸਵਰੂਪ ਨੂੰ ਕਬੀਬ ਨਾਲ ਦੇਖਿਆ ਹੈ। ਉਨ੍ਹਾਂ ਨੇ ਦਸਿਆ ਕਿ ਹੁਣ ਪਾਣੀਪਤ ਤੋਂ ਲੁਧਿਆਣਾ ਲਈ ਪੀਐਲ-1 ਅਤੇ ਪੀਐਲ-2 ਗੱਡੀਆਂ ਚਲਦੀਆਂ ਸਨ, ਤਾਂ ਸਫਰ ਦੇ ਆਖੀਰ ਤੱਕ ਚਿਹਰੇ ਕੋਹਿਲੇ ਦੀ ਧੂਲ ਨਾਲ ਕਾਲੇ ਪੈ ਜਾਂਦੇ ਸਨ। ਮਗਰ ਹੁਣ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਵੰਦੇ ਭਾਰਤ ਵਰਗੀ ਆਧੁਨਿਕ ਟ੍ਰੇਨਾਂ ਰਾਹੀਂ ਭਾਂਰਤੀ ਰੇਲ ਨੂੰ ਕੌਮਾਂਤਰੀ ਪੱਧਰ ਦਾ ਬਣਾ ਦਿੱਤਾ ਹੈ।

ਟ੍ਰਾਂਸਪੋਰਟ ਮੰਤਰੀ ਨੇ ਦਸਿਆ ਕਿ ਇਹ ਟ੍ਰੇਨ 160 ਕਿਲੋਮੀਟਰ ਪ੍ਰਤੀ ਘੰਟਾ ਰਫਤਾਰ ਨਾਲ ਚਲਦੀ ਹੈ ਅਤੇ ਉਨ੍ਹਾਂ ਨੇ ਖੁਦ ਤਜਰਬਾ ਕੀਤਾ ਕਿ ਇੰਨੀ ਤੇਜ ਰਫਤਾਰ ਦੇ ਬਾਵਜੂਦ ਟ੍ਰੇਨ ਵਿੱਚ ਚਾਂਹ ਦੀ ਇੱਕ ਬੂੰਦ ਤੱਕ ਨਹੀਂ ਛਲਕਦੀ। ਪ੍ਰੋਗਰਾਮ ਦੌਰਾਨ ਡੀਆਰਐਮ ਸ੍ਰੀ ਵਿਨੋਦ ਭਾਟੀਆ, ਸ੍ਰੀਮਤੀ ਬੰਤੋਂ ਕਟਾਰਿਆ, ਨਗਰ ਪਰਿਸ਼ਦ ਚੇਅਰਮੈਨ ਸ੍ਰੀਮਤੀ ਸਵਰਣ ਕੌਰ ਸਮੇਤ ਵੱਡੀ ਗਿਣਤੀ ਵਿੱਚ ਭਾਜਪਾ ਅਧਿਕਾਰੀ ਅਤੇ ਕਾਰਜਕਰਤਾ ਮੌਜੂਦ ਰਹੇ।

# ਡ੍ਰੇਨਾਂ ਦੀ ਮੁਰੰਮਤ ਕੰਮ ਸਮੇਂ 'ਤੇ ਤੇ ਗੁਣਵੱਤਾਪੂਰਣ ਢੰਗ ਨਾਲ ਪੂਰੇ ਕੀਤੇ ਜਾਣਗੇ - ਮੰਤਰੀ ਸ਼ਰੂਤੀ ਚੌਧਰੀ

**ਚੰਡੀਗੜ੍ਹ, 12 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੀ ਸਿੰਚਾਈ ਅਤੇ ਜਲ੍ਹ ਸੰਸਾਧਨ ਮੰਤਰੀ ਸ੍ਰੀਮਤੀ ਸ਼ਰੂਤੀ ਚੌਧਰੀ ਨੇ 20 ਕਰੋੜ ਰੁਪਏ ਤੋਂ ਵੱਧ ਦੀ ਲਾਗਤ ਵਾਲੇ ਪ੍ਰੋਜੈਕਟਰਾਂ ਦੀ ਸਮੀਖਿਆ ਕਰਦੇ ਹੋਏ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਉਹ ਸਾਰੇ ਪ੍ਰੋਜੈਕਟਰਾਂ ਦੀ ਖੁਦ ਨਿਗਰਾਨੀ ਕਰਨ, ਨਿਯਮਤ ਗਰਾਉਂਡ ਰਿਪੋਰਟ ਤਿਆਰ ਕਰਨ ਅਤੇ ਕੰਮਾਂ ਦੀ ਪ੍ਰਗਤੀ 'ਤੇ ਪੂਰਾ ਧਿਆਨ ਰੱਖਣ। ਉਨ੍ਹਾਂ ਨੇ ਕਿਹਾ ਕਿ ਠੇਕੇਦਾਰ ਪ੍ਰੋਜੈਕਟਾਂ ਨੂੰ ਨਿਰਧਾਰਿਤ ਸਮੇਂ ਤੋਂ ਇੱਕ ਸਾਲ ਜਾਂ ਉਸ ਤੋਂ ਵੱਧ ਦੀ ਦੇਰੀ ਕਰਦੇ ਹਨ ਤਾਂ ਉਨ੍ਹਾਂ ਦੇ ਖਿਲਾਫ ਸਖਤ ਕਾਰਵਾਈ ਕਰਦੇ ਹੋਏ ਉਨ੍ਹਾਂ ਨੂੰ ਬਲੈਕਲਿਸਟ ਕੀਤਾ ਜਾਵੇ। ਇਸ ਤੋਂ ਇਲਾਵਾ ਸਬੰਧਿਤ ਕਾਰਜਕਾਰੀ ਇੰਜੀਨੀਅਰਿੰਗ ਅਤੇ ਸੁਪਰਡੈਂਟ ਇੰਜੀਨੀਅਰਿ ਦੇ ਖਿਲਾਫ ਵੀ ਅਨੁਸਾਸ਼ਨਾਤਮਕ ਕਾਰਵਾਈ ਕੀਤੀ ਜਾਵੇ।

ਉਨ੍ਹਾਂ ਨੇ ਕਿਹਾ ਕਿ ਸੂਬੇ ਵਿੱਚ ਡ੍ਰੇਨਾਂ ਦੀ ਮੁਰੰਮਤ ਅਤੇ ਸੁਧਾਰ ਕੰਮਾਂ ਨੂੰ ਨਿਰਧਾਰਿਤ ਸਮੇਂ ਅੰਦਰ ਪੂਰਾ ਕੀਤਾ ੀਾਵੇ ਅਤੇ ਇਸ ਵਿੱਚ ਉੱਚ ਗੁਣਵੱਤਾ ਦੀ ਸਮੱਗਰੀ ਦੀ ਵਰਤੋ ਯਕੀਨੀ ਕੀਤੀ ਜਾਵੇ।

ਮੰਤਰੀ ਅੱਜ ਚੰਡੀਗੜ੍ਹ ਸਿਵਲ ਸਕੱਤਰੇਤ ਵਿੱਚ ਵਿਭਾਗ ਦੇ ਉੱਚ ਅਧਿਕਾਰੀਆਂ ਦੇ ਨਾਲ ਕੀਤੀ ਗਈ ਸਮੀਖਿਆ ਮੀਟਿੰਗ ਦੀ ਅਗਵਾਈ ਕਰ ਰਹੀ ਸੀ।

ਮੰਤਰੀ ਨੇ ਕਿਹਾ ਕਿ ਹੜ੍ਹ ਪ੍ਰਭਾਵਿਤ ਖੇਤਰਾਂ ਨੂੰ ਪ੍ਰਾਥਮਿਕਤਾ ਨਾਲ ਚੋਣ ਕੀਤਾ ਜਾਵੇ ਅਤੇ ਇੱਥੇ ਗਿਤਜ ਗੁਣਵੱਤਾ ਵਾਲੀ ਪਾਇਪਲਾਇਨ ਵਿਛਾਈ ਜਾਵੇ, ਤਾਂ ਜੋ ਭਵਿੱਖ ਜਲ੍ਹ ਨਿਕਾਸੀ ਪ੍ਰਭਾਵੀ ਢੰਗ ਨਾਲ ਕੀਤੀ ਜਾ ਸਕੇ।

ਉਨ੍ਹਾਂ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਜਿਨ੍ਹਾਂ ਇਲਾਕਿਆਂ ਵਿੱਚ ਬਰਸਾਤ ਦੇ ਦਿਨਾਂ ਵਿੱਚ ਡ੍ਰੇਨਾਂ ਵਿੱਚ ਸਮਰੱਥਾ ਤੋਂ ਵੱਧ ਪਾਣੀ ਭਰ ਜਾਂਦਾ ਹੈ, ਉੱਥੇ ਜਲ੍ਹ ਪ੍ਰਬੰਧਨ ਪ੍ਰਣਾਲੀ ਨੂੰ ਮਜਬੂਤ ਕੀਤਾ ੀਾਵੇ ਅਤੇ ਪਾਣੀ ਦੀ ਵੰਡ ਦੀ ਸਹੀ ਵਿਵਸਥਾ ਕੀਤੀ ਜਾਵੇ, ਤਾਂ ਜੋ ਕਿਸਾਨਾਂ ਨੂੰ ਜਲਭਰਾਵ ਦੀ ਸਮਸਿਆ ਤੋਂ ਰਾਹਤ ਮਿਲ ਸਕੇ।

ਮੰਤਰੀ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਉਹ ਸਾਰੇ ਪ੍ਰੋਜੈਕਟਸ ਦੀ ਖੁਦ ਨਿਗਰਾਨੀ ਕਰਨ, ਨਿਯਮਤ ਗਰਾਉਂਡ ਰਿਪੋਰਟ ਤਿਆਰ ਕਰਨ ਅਤੇ ਕੰਮਾਂ ਦੀ ਪ੍ਰਗਤੀ 'ਤੇ ਸਖਤ ਨਜਰ ਰੱਖਣ।

ਉਨ੍ਹਾਂ ਨੇ ਕਿਹਾ ਕਿ ਜੋ ਠਕੇਦਾਰ ਨਿਰਧਾਰਿਤ ਸਮੇਂ ਤੋਂ ਹਿੱਕ ਤੋਂ ਦੋ ਸਾਲ ਤੱਕ ਕੰਮਾਂ ਵਿੱਚ ਦੇਰੀ ਕਰਦੇ ਹਨ, ਉਨ੍ਹਾਂ ਦੇ ਖਿਲਾਫ ਸਖਤ ਕਾਰਵਾਈ ਕਰਦੇ ਹੋਏ ਉਨ੍ਹਾਂ ਨੂੰ ਬਲੈਕਲਿਸਟ ਕੀਤਾ ਜਾਵੇ।

ਮੰਤਰੀ ਨੇ ਕਿਹਾ ਕਿ ਅਧਿਕਾਰੀਆਂ ਨੂੰ ਆਪਣੇ ਕੰਮਾਂ ਵਿੱਚ ਪੂਰੀ ਪਾਰਦਰਸ਼ਿਤਾ ਅਪਨਾਉਣੀ ਚਾਹੀਦੀ ਹੈ। ਜਦੋਂ ਤੱਕ ਕੰਮਾਂ ਵਿੱਚ ਪਾਰਦਰਸ਼ਿਤਾ ਅਤੇ ਜਿਮੇਵਾਰੀ ਨਹੀਂ ਹੋਵੇਗੀ, ਉਦੋਂ ਤੱਕ ਵਿਕਾਸ ਕੰਮਾਂ ਦੀ ਗੁਣਵੱਤਾ ਵਿੱਚ ਸੁਧਾਰ ਨਹੀਂ ਆ ਸਕਦਾ। ਉਨ੍ਹਾਂ ਨੇ ਕਿਹਾ ਕਿ ਸੂਬਾ ਸਰਕਾਰ ਦਾ ਉਦੇਸ਼ ਜਨਤਾ ਦੀ ਭਰਪਾਈ ਲਈ ਵੱਧ ਤੋਂ ਵੱਧ ਕੰਮ ਕਰਨਾ ਹੈ, ਅਤੇ ਸਿੰਚਾਈ ਵਿਭਾਗ ਨੂੰ ਇਸ ਦਿਸ਼ਾ ਵਿੱਚ ਤੇਜੀ ਤੇ ਇਮਾਨਦਾਰੀ ਨਾਲ ਕੰਮ ਕਰਨਾ ਹੋਵੇਗਾ।

ਉਨ੍ਹਾਂ ਨੇ ਕਿਹਾ ਕਿ ਸਰਕਾਰ ਕਿਸਾਨਾਂ ਅਤੇ ਆਮ ਨਾਗਰਿਕਾਂ ਦੇ ਹਿੱਤਾ ਨੂੰ ਸੱਭ ਤੋਂ ਉੱਪਰ ਮੰਨਦੇ ਹੋਏ ਜਲ੍ਹ ਸੰਸਾਧਨ ਪ੍ਰਬੰਧਨ ਨੂੰ ਮਜਬੂਤ ਬਨਾਉਣ ਦੇ ਲਈ ਹਰ ਸੰਭਵ ਕਦਮ ਚੁੱਕ ਰਹੀ ਹੈ, ਤਾਂ ਜੋ ਹਰਿਆਣਾ ਦੇ ਖੇਤਾਂ ਤੱਕ ਪਾਣੀ ਸਹੀ ਗਿਣਤੀ ਵਿੱਚ ਪਹੁੰਚ ਸਕੇ ਅਤੇ ਹੜ੍ਹ ਵਰਗੇ ਹਾਲਾਤਾਂ ਤੋਂ ਬਚਾਅ ਯਕੀਨੀ ਹੋ ਸਕੇ।

ਮੀਟਿੰਗ ਵਿੱਚ ਗੁਰੂਗ੍ਰਾਮ ਸ਼ਹਿਰ ਨੂੰ ਕਾਫੀ ਗਿਣਤੀ ਵਿੱਚ ਪੀਣ ਦਾ ਪਾਣੀ ਉਪਲਬਧ ਕਰਾਉਣ ਤਹਿਤ ਗੁਰੂਗ੍ਰਾਮ ਵਾਟਰ ਸਪਲਾਈ ਚੈਨਲ ਪਰਿਯੋਜਨਾ ਦੇ ਬਾਰੇ ਵਿੱਚ ਵੀ ਵਿਸਤਾਰ ਨਾਲ ਚਰਚਾ ਕੀਤੀ ਗਈ। ਇਸ ਦੌਰਾਨ ਜਾਣਕਾਰੀ ਦਿੱਤੀ ਗਈ ਕਿ ਇਸ ਕੰਮ ਲਈ ਕੰਸਲਟੇਂਟ ਨੂੰ ਨਿਯੁਕਤ ਕੀਤਾ ਜਾ ਰਿਹਾ ਹੈ।

ਮੰਤਰੀ ਨੇ ਕਿਹਾ ਕਿ ਉਹ ਕੰਮਾਂ ਦੀ ਖੁਦ ਮਾਨੀਟਰਿੰਗ ਕਰੇਗੀ ਅਤੇ ਲਾਪ੍ਰਵਾਹੀ ਵਰਤਣ ਵਾਲੇ ਅਧਿਕਾਰੀਆਂ ਦੇ ਖਿਲਾਫ ਕਾਰਵਾਈ ਕੀਤੀ ਜਾਵੇਗੀ।ਮੀਟਿੰਗ ਵਿੱਚ ਸਿੰਚਾਈ ਅਤੇ ਜਲ੍ਹ ਸੰਸਾਧਨ ਵਿਭਾਗ ਦੇ ਵਧੀਕ ਮੁੱਖ ਸਕੱਤਰ ਸ੍ਰੀ ਅਨੁਰਾਗ ਅਗਰਵਾਲ ਤੇ ਹੋਰ ਸੀਨੀਅਰ ਅਧਿਕਾਰੀ ਮੌਜੂਦ ਰਹੇ।

# ਸ਼੍ਰੀ ਗੁਰੂ ਤੇਗ ਬਹਾਦੁਰ ਜੀ ਦੀ ਪੂਰੇ ਵਿਸ਼ਵ ਦੇ ਮਾਨਵਅਧਿਕਾਰਾਂ ਦੇ ਪਹਿਲੇ ਮਹਾਨਾਇਕ - ਮੁੱਖ ਮੰਤਰੀ ਨਾਇਬ ਸਿੰਘ ਸੈਣੀ


**ਚੰਡੀਗੜ੍ਹ, 12 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਿੰਦ ਦੀ ਚਾਦਰ ਸ਼੍ਰੀ ਗੁਰੂ ਤੇਗ ਬਹਾਦੁਰ ਜੀ ਦੇ 350ਵੇਂ ਸ਼ਹੀਦੀ ਦਿਵਸ ਦੇ ਮੌਕੇ 'ਤੇ ਪਵਿੱਤਰ ਯਾਤਰਾ ਦਾ ਉਦਘਾਟਨ ਸਿਰਸ ਦੇ ਰੋੜੀ ਦੀ ਪਵਿੱਤਰ ਭੂਮੀ ਤੋਂ ਕੀਤਾ ਗਿਆ। ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦੀ ਮੌਜੂਦਗੀ ਵਿੱਚ ਗੁਰੂਸਰ ਰੋੜੀ ਸਾਹਿਬ ਗੁਰੂਦੁਆਰਾ ਵਿੱਚ ਅਰਦਾਸ ਦਾ ਪ੍ਰੋਗਰਾਮ ਹੋਇਆ। ਇਸ ਦੌਰਾਨ ਮੁੱਖ ਮੰਤਰੀ ਨੇ ਪਵਿੱਤਰ ਗੁਰੂਗ੍ਰੰਥ ਸਾਹਿਬ ਦੇ ਸਾਹਮਣੇ ਅਰਦਾਸ ਕਰਦੇ ਹੋਏ ਪ੍ਰਵੇਸ਼ ਦੀ ਸੁੱਖ-ਖੁਸ਼ਹਾਲੀ ਅਤੇ ਖੁਸ਼ਹਾਲੀ ਦੀ ਕਾਮਨਾ ਵੀ ਕੀਤੀ।

ਇਸ ਮੌਕੇ 'ਤੇ ਆਪਣੈ ਸੰਬੋਧਨ ਵਿੱਚ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸ਼੍ਰੀ ਗੁਰੂ ਤੇਗ ਬਹਾਦੁਰ ਜੀ ਸਿਰਫ ਸਿੱਖਾਂ ਅਤੇ ਭਾਰਤ ਦੇ ਹੀ ਨਹੀਂ, ਸਗੋ ਪੂਰੇ ਵਿਸ਼ਵ ਦੇ ਮਾਨਵਅਧਿਕਾਰਾਂ ਦੇ ਪਹਿਲੇ ਮਹਾਨਾਇਕ ਹਨ। ਇਹ ਯਾਤਰਾ ਗੁਰੂ ਜੀ ਦੇ ਤੱਪ, ਤਿਆਗ, ਵਿਚਾਰ ਅਤੇ ਧਰਮ ਦੀ ਰੱਖਿਆ ਲਈ ਦਿੱਤੇ ਗਏ ਸਰਵੋਚ ਬਲਿਦਾਨ ਨੂੰ ਜਨ-ਜਨ ਤੱਕ ਪਹੁੰਚਾਉਣ ਦਾ ਇੱਕ ਵਿਆਪਕ ਮਹਾਮੁਹਿੰਮ ਹੈ।

ਉਨ੍ਹਾਂ ਨੇ ਕਿਹਾ ਕਿ ਸ਼੍ਰੀ ਗੁਰੂ ਤੇਗ ਬਹਾਦੁਰ ਜੀ ਦੇ 350ਵੇਂ ਸ਼ਹੀਦੀ ਸਾਲ ਦੇ ਮੌਕੇ ਵਿੱਚ ਸੂਬੇ ਵਿੱਚ ਚਾਰ ਪਵਿੱਤਰ ਯਾਤਰਾਵਾਂ ਕੱਢੀਆਂ ਜਾਣਗੀਆਂ। ਇਹ ਯਾਤਰਾਵਾਂ ਪੂਰੇ ਹਰਿਆਣਾ ਨੂੰ ਕਵਰ ਕਰਣਗੀਆਂ ਅਤੇ 24 ਨਵੰਬਰ ਨੂੰ ਕੁਰੂਕਸ਼ੇਤਰ ਵਿੱਚ ਇਸ ਦਾ ਸਮਾਪਨ ਹੋਵੇਗਾ। ਉਸੀ ਦਿਨ ਉੱਥੇ ਸਰਵ ਧਰਮ ਸਮੇਲਨ ਵੀ ਆਯੋਜਿਤ ਕੀਤਾ ਜਾਵੇਗਾ। ਅਗਲੇ ਦਿਨ 25 ਨਵੰਬਰ ਨੂੰ ਸ਼੍ਰੀ ਗੁਰੂ ਤੇਗ ਬਹਾਦੁਰ ਜੀ ਦੇ ਸ਼ਹੀਦੀ ਦਿਵਸ 'ਤੇ ਕੁਰੂਕਸ਼ੇਤਰ ਵਿੱਚ ਮਹਾਸਮਾਗਮ ਦਾ ਆਯੋਜਨ ਹੋਵੇਗਾ। ਇਸ ਵਿੱਚ ਮਾਣਯੋਗ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਮੁੱਖ ਮਹਿਮਾਨ ਵਜੋ ਸ਼ਾਮਿਲ ਹੋਣਗੇ।

ਮੁੱਖ ਮੰਤਰੀ ਨੇ ਕਿਹਾ ਕਿ ਸ਼੍ਰੀ ਗੁਰੂ ਤੇਗ ਬਹਾਦੁਰ ਜੀ ਦਾ ਹਰਿਆਣਾ ਦੀ ਪਵਿੱਤਰ ਧਰਤੀ ਨਾਲ ਡੂੰਘਾ ਸਬੰਧ ਰਿਹਾ ਹੈ। 1665 ਵਿੱਚ ਸਿੱਖ ਧਰਮ ਦੇ ਮੁੱਖ ਦਫਤਰ ਦਾ ਧਮਤਾਨ, ਪਰਗਨਾ ਜੀਂਦ, ਬਾਂਗਰ ਦੇਸ਼ (ਹੁਣ ਹਰਿਆਣਾ) ਵਿੱਚ ਟ੍ਰਾਂਸਫਰ ਕੀਤਾ ਸੀ। ਇਸ ਫੈਸਲੇ ਦਾ ਕਾਰਨ ਇਹ ਸੀ ਕਿ ਇਸ ਖੇਤਰ ਨੂੰ ਸਿੱਧੇ ਦੱਖਣ ਵਿੱਚ ਲੋਹਗੜ੍ਹ ਨਾਲ ਜੋੜਿਆ ਗਿਆ ਸੀ। ਇਸੀ ਤਰ੍ਹਾਂ 1665 ਵਿੱਚ, ਸ਼੍ਰੀ ਗੁਰੂ ਤੇਗ ਬਹਾਦੁਰ ਸਾਹਿਬ ਨੇ ਬਾਂਗਰ ਦੇਸ ਤੋਂ ਲੋਹਗੜ੍ਹ ਦੀ ਯਾਤਰਾ ਕੀਤੀ। ਉਹ ਜੀਂਦ, ਕੈਂਥਲ, ਚੀਕਾ, ਕਰਾਹ, ਸਿਯਾਨਾ ਸਇਦਾ ਅਤੇ ਫਿਰ ਪਿਹੋਵਾ ਗਏ, ਜਿੱਥੇ ਉਨ੍ਹਾਂ ਨੇ ਸਿੱਖ ਸੰਗਤ ਨਾਲ ਮੁਲਾਕਾਤ ਕੀਤੀ। ਇਸ ਦੇ ਬਾਅਦ ਫਿਰ ਗੁਰੂ ਸਾਹਿਬ ਜਿਲ੍ਹਾ ਕੁਰੂਕਸ਼ੇਤਰ ਦੇ ਪਿੰਡ ਬਾਰਨਾ ਰਵਾਨਾ ਹੋਏ, ਜਿੱਥੇ ਮਾਨਸਦ ਭਾਈ ਸੁਧਾ ਨੇ ਉਨ੍ਹਾਂ ਦਾ ਸਵਾਗਤ ਕੀਤਾ। ਇਸੀ ਤਰ੍ਹਾ ਥਾਨੇਸਰ, ਲਾਡਵਾ, ਯਮੁਨਾਨਗਰ ਖੇਤਰ ਵਿੱਚ ਵੀ ਉਨ੍ਹਾਂ ਦਾ ਜਾਣਾ ਹੋਇਆ।



ਮੁੱਖ ਮੰਤਰੀ ਨੇ ਕਿਹਾ ਕਿ ਹਰਿਆਣਾਵਾਸੀਆਂ ਦੀ ਖੁਸ਼ਕਿਸਮਤੀ ਹੈ ਕਿ ਇੱਥੇ ਸ਼੍ਰੀ ਗੁਰੂ ਤੇਗ ਬਹਾਦੁਰ ਜੀ ਦੇ ਪਵਿੱਤਰ ਚਰਣ ਕਈ ਵਾਰ ਪਏ। ਉਨ੍ਹਾਂ ਨੇ ਜਿੱਥੇ ਅਨੇਕ ਵਾਰ ਆਪਣੇ ਪ੍ਰਵਾਸ ਦੌਰਾਨ ਸੰਗਤ ਨੂੰ ਦਿਵਅ ਗਿਆਨ ਦਿੱਤਾ ਅਤੇ ਧਰਮ ਦੀ ਰੱਖਿਆ ਲਈ ਪ੍ਰੇਰਿਤ ਕੀਤਾ। ਜਿੱਥੇ-ਜਿੱਥੇ ਉਹ ਪਹੁੰਚੇ ਉੱਥੇ ਉਨ੍ਹਾਂ ਦੀ ਯਾਦ ਨੂੰ ਸਦਾ ਬਣਾਏ ਰੱਖਣ ਲਈ ਗੁਰੂਘਰ ਸਥਾਪਿਤ ਹਨ ਜੋ ਸਦੀਆਂ ਤੋਂ ਉਨ੍ਹਾਂ ਦੀ ਸਿਖਿਆਵਾਂ ਦੀ ਜੋਤੀ ਦਾ ਚਾਨਣ ਫੈਲਾ ਰਹੇ ਹਨ। ਉਹ 30 ਤੋਂ ਵੀ ਵੱਧ ਸਥਾਨ ਹੁਣ ਪਵਿੱਤਰ ਤੀਰਥ ਬਣ ਗਏ ਹਨ ਅਤੇ ਸਾਲ ਭਰ ਸੰਗਤ ਉਨ੍ਹਾਂ ਦੇ ਗੁਰੂਦੁਆਰਿਆਂ ਵਿੱਚ ਜਾ ਕੇ ਆਪਣੇ ਜੀਵਨ ਨੂੰ ਸੰਵਾਰ ਰਹੀ ਹੈ।

ਮੁੱਖ ਮੰਤਰੀ ਨੇ ਆਪਣੇ ਸੰਬੋਧਨ ਵਿੱਚ ਨੌਜੁਆਨਾਂ ਲਈ ਕਿਹਾ ਕਿ ਗੁਰੂ ਤੇਗ ਬਹਾਦੁਰ ਜੀ ਦਾ 350ਵਾਂ ਸ਼ਹੀਦੀ ਸਾਲ ਇਸ ਲਈ ਵੀ ਅਹਿਮ ਹੈ ਕਿਉਂਕਿ ਇਸ ਦੇ ਜਰਇਏ ਨੌਜੁਆਨਾਂ ਨੂੰ ਦੱਸਣਾ ਹੈ ਕਿ ਮੌਜੂਦਾ ਭਾਰਤ ਦੀ ਨੀਂਹ ਅਨੇਕ ਕੁਰਬਾਨੀਆਂ, ਤੱਪ ਅਤੇ ਤਿਆਗ ਨਾਲ ਮਜਬੂਤ ਬਣੀ ਹੈ। ਉਨ੍ਹਾਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੀ ਕੁਸ਼ਲ ਅਗਵਾਈ ਹੇਠ ਸਰਕਾਰ ਭਾਰਤ ਦੀ ਅਧਿਆਤਮਿਕ ਯਾਤਰਾ ਅਤੇ ਵਿਰਾਸਤ ਨੂੰ ਵਿਸ਼ਵ ਪਹਿਚਾਣ ਦਿਵਾਉਣ ਵਿੱਚ ਕੋਈ ਕਮੀ ਨਹੀਂ ਛੱਡੇਗੀ।

ਇਸੀ ਤਹਿਤ ਪਿਛਲੇ 11 ਸਾਲਾਂ ਵਿੱਚ ਸਿੱਖ ਵਿਰਾਸਤ, ਮਹਾਪੁਰਸ਼ਾਂ, ਗੁਰੂਗੱਦੀਆਂ, ਇਤਿਹਾਸਕ ਥਾਵਾਂ ਨੂੰ ਜੋ ਮਹਤੱਵ ਮਿਲਿਆ ਹੈ, ਉਹ ਸਾਡੀ ਰਾਸ਼ਟਰ ਨੀਤੀ ਦਾ ਹਿੱਸਾ ਹੈ। ਸ਼੍ਰੀ ਗੁਰੂ ਨਾਨਕ ਦੇਵ ਜੀ ਦੀ 550ਵੀਂ ਜੈਯੰਤੀ ਤੋਂ ਲੈ ਕੇ ਅੱਜ ਸ਼੍ਰੀ ਗੁਰੂ ਤੇਗ ਬਹਾਦੁਰ ਜੀ ਦੀ ਸ਼ਹੀਦੀ ਦੇ 350ਵੇਂ ਯਾਦਵਾਰ ਯਾਲ ਤੱਕ ਭਾਰਤ ਗਤੀ ਨਾਲ ਅੱਗੇ ਵੱਧ ਰਿਹਾ ਹੈ।

ਸਰਕਾਰ ਵੱਲੋਂ ਕੀਤੇ ਗਏ ਕੰਮਾਂ ਦਾ ਜਿਕਰ ਕਰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਸਾਲ 1984 ਵਿੱਚ ਹੋਏ ਦੰਗਿਆਂ ਵਿੱਚ ਜਿਨ੍ਹਾਂ ਸਿੱਖ ਪਰਿਵਾਰਾਂ ਨੇ ਆਪਣਿਆਂ ਨੂੰ ਗੁਆਇਆ ਸੀ, ਸਰਕਾਰ ਨੇ ਹਰਿਆਣਾ ਦੇ ਅਜਿਹੇ 121 ਪਰਿਵਾਰਾਂ ਦੇ ਇੱਕ-ਇੱਕ ਮੈਂਬਰ ਨੂੰ ਸਰਕਾਰੀ ਨੌਕਰੀ ਦੇਣਾ ਦਾ ਪ੍ਰਾਵਧਾਨ ਕੀਤਾ ਹੈ। ਉਨ੍ਹਾਂ ਨੇ ਕਿਹਾ ਕਿ ਦਸਬੰਰ, 2022 ਵਿੱਚ ਹਰਿਆਣਾ ਸਿੱਖ ਗੁਰੂਦੁਆਰਾ ਪ੍ਰਬੰਧਨ ਕਮੇਟੀ ਦੀ ਸਥਾਪਨਾ ਕੀਤੀ ਗਈ। ਇਸ ਨਾਲ ਸਿੱਖਾਂ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਮੰਗ ਨੂੰ ਪੂਰਾ ਕੀਤਾ। ਇਸ ਨਾਲ ਹਰਿਆਣਾ ਵਿੱਚ ਸਿੱਖ ਕਮਿਉਨਿਟੀ ਨੂੰ ਖੁਦਮੁਖਤਿਆਰੀ ਮਿਲੀ ਹੈ। ਯਮੁਨਾਨਗਰ ਵਿੱਚ ਬਨਣ ਵਾਲੇ ਮੈਡੀਕਲ ਕਾਲਜ ਦਾ ਨਾਮ ਹਿੰਦ ਦੀ ਚਾਦਰ ਸ਼੍ਰੀ ਗੁਰੂ ਤੇਗ ਬਹਾਦੁਰ ਦੇ ਨਾਮ 'ਤੇ ਰੱਖਿਆ ਗਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਅਸੰਧ ਦੇ ਕਾਲਜ ਦਾ ਨਾਮ ਸਰਬੰਸਦਾਨੀ ਸ਼੍ਰੀ ਗੁਰੂ ਗੋਬਿੰਦ ਸਿੰਘ ਦੇ ਛੋਟੇ ਸਾਹਿਬਜਾਦੇ ਬਾਬਾ ਫਤਿਹ ਸਿੰਘ ਦੇ ਨਾਮ 'ਤੇ ਰੱਖਿਆ ਗਿਆ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਲਖਨੌਰ ਸਾਹਿਬ ਵਿੱਚ ਮਾਤਾ ਗੁਜਰੀ ਦੇ ਨਾਮ ਨਾਲ ਬੀਐਲਡੀਏ ਕਾਲਜ ਸਥਾਪਿਤ ਕੀਤਾ ਗਿਆ ਹੈ। ਨਾਲ ਹੀ 27 ਅਕਤੂਬਰ ਨੂੰ ਹੀ ਲੋਹਗੜ੍ਹ, ਯਮੁਨਾਨਗਰ ਵਿੱਚ ਬਾਬਾ ਬੰਦਾ ਸਿੰਘ ਬਹਾਦੁਰ ਸਮਾਰਕ ਦਾ ਨੀਂਹ ਪੱਥਰ ਵੀ ਕੀਤਾ ਗਿਆ ਹੈ। ਉਨ੍ਹਾਂ ਨੇ ਕਿਹਾ ਕਿ ਸ਼੍ਰੀ ਹਜੂਰ ਸਾਹਿਬ, ਸ਼੍ਰੀ ਨਨਕਾਨਾ ਸਾਹਿਬ, ਸ਼੍ਰੀ ਹੇਮਕੁੰਡ ਸਾਹਿਬ ਅਤੇ ਸ਼੍ਰੀ ਪਟਨਾ ਸਾਹਿਬ ਜਾਣ ਵਾਲੇ ਸੂਬੇ ਦੇ ਤੀਰਥ ਯਾਤਰੀਆਂ ਨੂੰ ਵਿੱਤੀ ਸਹਾਇਤਾ ਉਪਲਬਧ ਕਰਵਾਉਣ ਦੇ ਉਦੇਸ਼ ਨਾਲ ਗੋਲਡਨ ਜੈਯੰਤੀ ਗੁਰੂਦ ਦਰਸ਼ਨ ਯਾਤਰਾ ਯੋਜਨਾ ਸ਼ੁਰੂ ਕੀਤੀ ਗਈ ਹੈ।

ਪ੍ਰੋਗਰਾਮ ਦੌਰਾਨ ਹਰਿਆਣਾ ਸਿੱਖ ਗੁਰੂਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਜਗਦੀਸ਼ ਝੀਂਡਾ, ਜੱਥੇਦਾਰ ਸ੍ਰੀ ਬਲਜੀਤ ਸਿੰਘ ਦਾਦੂਵਾਲ, ਸਰਦਾਰ ਕੁਲਦੀਪ ਸਿੰਘ ਰੋੜੀ, ਸਰਦਾਰ ਅੰਗ੍ਰੇਜ ਸਿੰਘ, ਸ੍ਰੀ ਜਗਦੀਸ਼ ਸਿੰਘ ਚੋਪੜਾ, ਸਰਦਾਰ ਦਰਸ਼ਨ ਸਿੰਘ ਸਰਪੰਚ, ਸ੍ਰੀ ਰਾਜਿੰਦਰ ਸਿੰਘ ਦੇਸੂਜੋਧਾ ਵੀ ਮੌਜੂਦ ਸਨ।

# ਮੁੱਖ ਮੰਤਰੀ ਨੇ ਕਿਹਾ ਕਿ ਗੁਰੂ ਪਰੰਪਰਾ ਦਾ ਅਰਥ ਧਰਮ ਨਹੀਂ, ਸੋਗ ਨੈਤਿਮ ਵਿਵੇਕ ਦੀ ਰੱਖਿਆ

**ਚੰਡੀਗੜ੍ਹ, 12 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਹਿੰਦ ਦੀ ਚਾਦਰ ਸ਼੍ਰੀ ਗੁਰੂ ਤੇਗ ਬਹਾਦੁਰ ਜੀ ਦਾ ਜੀਵਨ ਸੰਪੂਰਣ ਮਨੁੱਖਤਾ ਲਈ ਪ੍ਰੇਰਣਾ ਦਾ ਸਰੋਤ ਹੈ। ਉਨ੍ਹਾਂ ਨੇ ਕਿਹਾ ਕਿ ਸ਼੍ਰੀ ਗੁਰੂ ਤੇਗੀ ਬਹਾਦੁਰ ਜੀ ਨੇ 17ਵੀਂ ਸ਼ਤਾਬਦੀ ਵਿੱਚ ਅਨਿਆਂ, ਜ਼ੁਲਮ ਅਤੇ ਦਮਨ ਦੇ ਵਿਰੁੱਧ ਜੋ ਤਿਆਰਗ ਅਤੇ ਕੁਰਬਾਨੀ ਦਿੱਤੀ, ਉਹ ਨਾ ਸਿਰਫ ਸਿੱਖ ਇਤਿਹਾਸ ਸਗੋ ਪੂਰੀ ਮਨੁੱਖ ਸਭਿਅਦਾ ਦਾ ਸੱਭ ਤੋਂ ਉੱਚਾ ਆਦਰਸ਼ ਹੈ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਸ਼ਨੀਵਾਰ ਨੂੰ ਚੌਧਰੀ ਦੇਵੀ ਲਾਲ ਯੂਨੀਵਰਸਿਟੀ, ਸਿਰਸਾ ਵਿੱਚ ਆਯੋਜਿਤ ਸ਼੍ਰੀ ਗੁਰੂ ਤੇਗ ਬਹਾਦੁਰ ਜੀ ਦੇ ਜੀਵਨ ਅਤੇ ਦਰਸ਼ਨ ਵਿਸ਼ਾ 'ਤੇ ਆਯੋਜਿਤ ਰਾਸ਼ਟਰੀ ਸੇਮੀਨਾਰ ਵਿੱਚ ਮੁੱਖ ਮਹਿਮਾਨ ਵਜੋ ਬੋਲ ਰਹੇ ਸਨ। ਇਸ ਤੋਂ ਪਹਿਲਾਂ ਮੁੱਖ ਮੰਤਰੀ ਨੇ ਵਿਦਿਆਰਥੀਆਂ ਵੱਲੋਂ ਬਨਾਈ ਗਈ ਗੁਰੂਆਂ ਦੇ ਜੀਵਨ 'ਤੇ ਅਧਾਰਿਤ ਪੇਂਟਿੰਗ ਪ੍ਰਦਰਸ਼ਨੀ ਦਾ ਅਵਲੋਕਨ ਵੀ ਕੀਤਾ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੇਣੀ ਨੇ ਐਲਾਨ ਕੀਤਾ ਕਿ ਹਿੰਦ ਦੀ ਚਾਦਰ ਸ਼੍ਰੀ ਗੁਰੂ ਤੇਗ ਬਹਾਦੁਰ ਜੀ ਦੇ ਸ਼ਹੀਦੀ ਦਿਵਸ 'ਤੇ ਉਨ੍ਹਾਂ ਤੋਂ ਪ੍ਰੇਰਣਾ ਲੈਂਦੇ ਹੋਏ ਚੌਧਰੀ ਦੇਵੀ ਲਾਲ ਯੂਨੀਵਰਸਿਟੀ ਵਿੱਚ ਸ਼੍ਰੀ ਗੁਰੂ ਤੇਗ ਬਹਾਦੁਰ ਅਧਿਐਨ ਚੇਅਰ ਸਥਾਪਿਤ ਕੀਤੀ ਜਾਵੇਗੀ, ਜਿੱਥੇ ਵਿਦਿਆਰਥੀ ਉਨ੍ਹਾਂ ਦੇ ਜੀਵਨ ਨੇ ਦਰਸ਼ਨ 'ਤੇ ਖੋਜ ਕਰ ਸਕਣਗੇ।ਉਨ੍ਹਾਂ ਨੇ ਦਸਿਆ ਕਿ ਸ਼੍ਰੀ ਗੁਰੂ ਤੇਗ ਬਹਾਦੁਰ ਜੀ ਦੇ 350ਵੇਂ ਸ਼ਹੀਦੀ ਦਿਵਸ ਦੇ ਮੌਕੇ ਵਿੱਚ 1 ਨਵੰਬਰ ਤੋਂ ਪ੍ਰੋਗਰਾਮ ਸ਼ੁਰੂ ਹੋ ਚੁੱਕੇ ਹਨ, ਜੋ 25 ਨਵੰਬਰ ਤੱਕ ਚੱਲਣਗੇ। ਮੁੱਖ ਸਮਾਰੋਹ ਕੁਰੂਕਸ਼ੇਤਰ ਵਿੱਚ ਆਸੋਜਿਤ ਕੀਤਾ ਜਾਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਚਾਰ ਪਵਿੱਤਰ ਯਾਤਰਾਵਾਂ ਕੱਢੀਆਂ ਜਾਣਗੀਆਂ, ਜਿਨ੍ਹਾਂ ਵਿੱਚੋਂ ਪਹਿਲੀ ਯਾਤਰਾ ਦਾ ਉਦਘਾਟਨ ਅੱਜ ਸਿਰਸਾ ਜਿਲ੍ਹਾ ਦੇ ਰੋੜੀ ਤੋਂ ਕੀਤਾ ਗਿਆ ਹੈ।

ਮੁੱਖ ਮੰਤਰੀ ਨੇ ਪੂਰੇ ਸੂਬੇ ਤੋਂ ਆਏ ਸੰਤਾਂ, ਵਿਦਵਾਨਾਂ ਅਤੇ ਖੋਜਕਰਤਾਵਾਂ ਦਾ ਸਵਾਗਤ ਕਰਦੇ ਹੋਏ ਕਿਹਾ ਕਿ ਇਹ ਸਾਡੀ ਖੁਸ਼ਕਿਸਮਤੀ ਹੈ ਕਿ ਅਸੀਂ ਅਜਿਹੇ ਮਹਾਪੁਰਸ਼ ਦੇ ਜੀਵਨ ਅਤੇ ਸੰਦੇਸ਼ 'ਤੇ ਅਮਲ ਕਰ ਰਹੇ ਹਨ, ਜਿਨ੍ਹਾਂ ਨੇ ਇਹ ਸਿਖਾਇਆ ਕਿ ਧਰਮ ਸਿਰਫ ਆਪਣਾ ਧਰਮ ਬਚਾਉਣ ਦਾ ਨਾਮ ਨਹੀਂ, ਸਗੋ ਪੂਰੇ ਵਿਸ਼ਵ ਦੇ ਨੈਤਿਕ ਵਿਵੇਕ ਨੂੰ ਬਚਾਉਣ ਦੀ ਜਿਮੇਵਾਰੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਅੱਜ ਜਦੋਂ ਮਨੁੱਖਤਾ ਤਕਨੀਕੀ ਯੁੱਗ ਵਿੱਚ ਪ੍ਰਵੇਸ਼ ਕਰ ਚੁੱਕੀ ਹੈ, ਉਦੋਂ ਵੀ ਸ਼੍ਰੀ ਗੁਰੂ ਤੇਗ ਬਹਾਦੁਰ ਜੀ ਦੇ ਆਦਰਸ਼ ਭਾਰਤ ਨੂੰ ਦਿਸ਼ਾ ਦੇ ਰਹੇ ਹਨ। 21ਵੀਂ ਸਦੀ ਵਿੱਚ ਭਾਰਤ ਦੀ ਅਸਲੀ ਸ਼ਕਤੀ ਤਕਨੀਕ ਨਹੀਂ, ਸਗੋ ਨੈਤਿਕ ਮੂਲਾਂ, ਅਧਿਆਤਮਕ ਦ੍ਰਿੜਤਾ ਅਤੇ ਹਿੰਮਤ ਵਿੱਚ ਨਿਹਿਤ ਹੈ। ਉਨ੍ਹਾਂ ਨੇ ਕਿਹਾ ਕਿ ਜਦੋਂ ਨੌਜੁਆਨਾਂ ਦੇ ਸਾਹਮਣੇ ਬਹੁਤ ਮੁਕਾਬਲੇਬਾਜੀ, ਮਾਨਸਿਕ ਦਬਾਅ ਅਤੇ ਤੁਲਣਾ ਦੀ ਸਭਿਆਚਾਰ ਵਰਗੀ ਚਨੌਤੀਆਂ ਹੋਣ, ਉਦੋਂ ਸ਼੍ਰੀ ਗੁਰੂ ਤੇਗ ਬਹਾਦੁਰ ਜੀ ਅਤੇ ਉਨ੍ਹਾਂ ਦੇ ਚਾਰੋਂ ਸ਼ਹੀਦ ਸ਼ਿਸ਼ਅ ਨਵੀਂ ਪੀੜੀ ਲਈ ਪ੍ਰਕਾਸ਼ ਥੰਮ੍ਹ ਦਾ ਕੰਮ ਕਰ ਰਹੇ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਅੱਜ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਭਾਰਤ ਗੁਰੂ ਮਹਾਰਾਜ ਜੀ ਦੀ ਸਿਖਿਆਵਾਂ ਦੇ ਅਨੁਰੂਪ ਮਨੁੱਖਤਾ ਦੇ ਮਾਰਗਦਰਸ਼ਨ ਦਾ ਕੰਮ ਕਰ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਮੋਦੀ ਸਰਕਾਰ ਦੀ ਅਗਵਾਈ ਹੇਠ ਭਾਰਤ ਅੱਜ ਇੱਕ ਪ੍ਰਥਵੀ, ਇੱਕ ਪਰਿਵਾਰ, ਇੱਕ ਭਵਿੱਖ ਦੇ ਸਿਦਾਂਤ 'ਤੇ ਅੱਗੇ ਵੱਧ ਰਿਹਾ ਹੈ, ਜੋ ਗੁਰੂ ਪਰੰਪਰਾ ਦੀ ਭਾਵਨਾ ਦਾ ਹੀ ਵਿਸਤਾਰ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਸਿੱਖ ਇਤਿਹਾਸ ਅਤੇ ਵਿਰਾਸਤ ਨੂੰ ਸਰੰਖਤ ਅਤੇ ਪ੍ਰਚਾਰਿਤ ਕਰਨ ਲਈ ਲਗਾਤਾਰ ਕੰਮ ਕਰ ਰਹੀ ਹੈ। ਉਨ੍ਹਾਂ ਨੇ ਦਸਿਆ ਕਿ 1984 ਦੇ ਦੰਗਿਆਂ ਵਿੱਚ ਆਪਣੇ ਪਰਿਵਾਰਕ ਮੈਂਬਰਾਂ ਨੂੰ ਖੋਹ ਚੁੱਕੇ ਹਰਿਆਣਾ ਦੇ 121 ਸਿੱਖ ਪਰਿਵਾਰਾਂ ਦੇ ਇੱਕ-ਇੱਕ ਮੈਂਬਰ ਨੂੰ ਸਰਕਾਰੀ ਨੌਕਰੀ ਦੇਣ ਦਾ ਪ੍ਰਾਵਧਾਨ ਕੀਤਾ ਗਿਆ ਹੈ। ਦਸੰਬਰ 2022 ਵਿੱਚ ਹਰਿਆਣਾਂ ਸਿੱਖ ਗੁਰੂਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਕਰ ਲੰਬੇ ਸਮੇਂ ਤੋਂ ਚੱਲੀ ਆ ਰਹੀ ਮੰਗ ਨੂੰ ਪੂਰਾ ਕੀਤਾ ਗਿਆ, ਜਿਸ ਨਾਲ ਸਿੱਖ ਕਮਿਊਨਿਟੀ ਨੂੰ ਖੁਦਖੁਖਤਿਆਰੀ ਮਿਲੀ ਹੈ। ਉਨ੍ਹਾਂ ਨੇ ਕਿਹਾ ਕਿ ਸਿਰਸਾ ਸਥਿਤ ਗੁਰੂਦੁਆਰਾ ਸ੍ਰੀ ਚਿੱਲਾ ਸਾਹਿਬ ਨੂੰ 70 ਕਨਾਲ ਭੂਮੀ ਟ੍ਰਾਂਸਫਰ ਕੀਤੀ ਗਈ ਹੈ।

ਉਨ੍ਹਾਂ ਨੇ ਦਸਿਆ ਕਿ ਯਮੁਨਾਨਗਰ ਵਿੱਚ ਬਨਣ ਵਾਲੇ ਮੈਡੀਕਲ ਕਾਲਜ ਦਾ ਨਾਮ ਹਿੰਦ ਦੀ ਚਾਦਰ ਸ੍ਰੀ ਗੁਰੂਦ ਤੇਗ ਬਹਾਦੁਰ ਜੀ ਦੇ ਨਾਮ 'ਤੇ ਰੱਖਿਆ ਗਿਆ ਹੈ। ਅਸੰਧ ਕਾਲਜ ਦਾ ਨਾਮ ਬਾਬਾ ਫਤਿਹ ਸਿੰਘ ਜੀ ਕਾਲਜ ਰੱਖਿਆ ਗਿਆ ਹੈ। ਲਖਨੌਰ ਸਾਹਿਬ ਵਿੱਚ ਮਾਤਾ ਗੁਜਰੀ ਵੀਐਲਡੀਏ ਕਾਲਜ ਸਥਾਪਿਤ ਕੀਤਾ ਗਿਆ ਹੈ। ਯਮੁਨਾਨਗਰ ਦੇ ਲੋਹਗੜ੍ਹ ਵਿੱਚ ਬਾਬਾ ਬੰਦਾ ਸਿੰਘ ਬਹਾਦੁਰ ਯਾਦਗਾਰ ਦਾ ਨੀਂਹ ਪੱਥਰ ਕੀਤਾ ਗਿਆ ਹੈ। ਤੀਰਥ ਯਾਤਰੀਆਂ ਨੂੰ ਸ਼੍ਰੀ ਹਜੂਰ ਸਾਹਿਬ, ਸ਼੍ਰੀ ਨਨਕਾਨਾ ਸਾਹਿਬ, ਸ਼੍ਰੀ ਹੇਮਕੁੰਡ ਸਾਹਿਬ ਅਤੇ ਸ਼੍ਰੀ ਪਟਨਾ ਸਾਹਿਬ ਵਰਗੇ ਇਤਿਹਾਸਕ ਸਥਾਨਾਂ ਦੀ ਯਾਤਰਾ ਤਹਿਤ ਵਿੱਤੀ ਸਹਾਇਤਾ ਦੇਣ ਲਈ ਗੋਲਡਨ ਜੈਯੰਤੀ ਗੁਰੂ ਦਰਸ਼ਨ ਯਾਤਰਾ ਯੋਜਨਾ ਸ਼ੁਰੂ ਕੀਤੀ ਗਈ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਪਿਛਲੇ 11 ਸਾਲਾਂ ਵਿੱਚ ਸਿੱਖ ਵਿਰਾਸਤ ਅਤੇ ਗੁਰੂਆਂ ਦੇ ਇਤਿਹਾਸਕ ਸਥਾਨਾਂ ਨੂੰ ਜੋ ਮਾਨ ਸਨਮਾਨ ਮਿਲਿਆ ਹੈ, ਉਹ ਸਾਡੀ ਰਾਸ਼ਟਰਗੀਤ ਦਾ ਹਿੱਸਾ ਹੈ। ਸ਼੍ਰੀ ਗੁਰੂ ਨਾਨਕ ਦੇਵ ਜੀ ਦੀ 550ਵੀਂ ਜੈਯੰਤੀ ਤੋਂ ਲੈ ਕੇ ਸ਼੍ਰੀ ਗੁਰੂ ਤੇਗ ਬਹਾਦੁਰ ਜੀ ਦੀ ਸ਼ਹਾਦਤ ਦੇ 350ਵੇਂ ਯਾਦਗਾਰ ਸਾਲ ਤੱਕ ਭਾਰਤ ਤੇਜੀ ਨਾਲ ਅੱਗੇ ਵੱਧ ਰਿਹਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸਾਨੂੰ ਗੁਰੂ ਸਾਹਿਬ ਦੀ ਸਿਖਿਆਵਾਂ ਨੂੰ ਸਿਰਫ ਯਾਦਗਾਰ ਨਹੀਂ, ਸਗੋ ਜੀਵਨ ਵਿੱਚ ਧਾਰਨ ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਕਾਮਨਾ ਕੀਤੀ ਕਿ ਗੁਰੂ ਸਾਹਿਬ ਦੀ ਕਿਰਪਾ ਤੋਂ ਸਮੂਚੀ ਮਨੁੱਖਤਾ ਦੇ ਜੀਵਨ ਵਿੱਚ ਸ਼ਾਂਤੀ, ਸੁਹਿਰਦਤਾ ਅਤੇ ਅਧਿਆਤਮਿਕ ਸ਼ਕਤੀ ਦਾ ਸੰਚਾਰ ਹੋਵੇ।

ਇਸ ਮੌਕੇ 'ਤੇ ਚੌਧਰੀ ਦੇਵੀ ਲਾਲ ਯੂਨੀਵਰਸਿਟੀ ਦੇ ਵਾਇਸ ਚਾਂਸਲਰ ਪ੍ਰੋਫੈਸਰ ਵਿਜੈ ਕੁਮਾਰ, ਮੁੱਖ ਮੰਤਰੀ ਦੇ ਓਐਸਡੀ ਡਾ. ਪ੍ਰਭਲੀਨ ਸਿੰਘ, ਸ੍ਰੀ ਰਾਜ ਨਹਿਰੂ, ਪ੍ਰੋਫੈਸਰ ਜਗਦੀਪ ਸਿੰਘ, ਪ੍ਰੋਫੈਸਰ ਕੁਲਦੀਪ ਸਿੰਘ ਅਗਨੀਹੋਤਰੀ ਸਮੇਤ ਅਨੇਕ ਵਿਦਵਾਨ ਅਤੇ ਮਾਣਯੋਗ ਮੌਜੂਦ ਰਹੇ।

# ਭਾਈ ਮਤੀ ਦਾਸ ਦਾ ਸ਼ਹੀਦੀ ਦਿਹਾੜਾ ਮਨਾਇਆ



**ਯਮੁਨਾਨਗਰ, 12 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੋਂ ਦੇ ਗੁਰਦੁਆਰਾ ਭਾਈ ਮਤੀ ਦਾਸ ਵਿੱਚ ਭਾਈ ਮਤੀ ਦਾਸ ਦਾ ਸ਼ਹੀਦੀ ਦਿਹਾੜਾ ਮਨਾਇਆ ਗਿਆ। ਗੁਰਦੁਆਰੇ ਵਿੱਚ ਸ਼ਬਦ ਕੀਰਤਨ ਤੋਂ ਬਾਅਦ ਬੁਲਾਰਿਆਂ ਨੇ ਭਾਈ ਮਤੀ ਦਾਸ ਦੀ ਲਾਸਾਨੀ ਸ਼ਹਾਦਤ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ।

ਬੂੰਦਾ ਸਿੰਘ ਭੀਮਵਾਲ, ਬਲਦੇਵ ਸਿੰਘ ਆਹੂਜਾ, ਭਾਈ ਸਤਨਾਮ ਸਿੰਘ ਅਤੇ ਹੋਰਨਾਂ ਨੇ ਦੱਸਿਆ ਕਿ ਭਾਈ ਮਤੀ ਦਾਸ ਜੀ ਨੂੰ ਦਿੱਲੀ ਦੇ ਚਾਂਦਨੀ ਚੌਂਕ ਵਿੱਚ ਔਰੰਗਜ਼ੇਬ ਦੇ ਹੁਕਮ 'ਤੇ ਸਿਰ ਤੋਂ ਲੈ ਕੇ ਪੈਰਾਂ ਤੱਕ ਆਰੇ ਨਾਲ ਚੀਰ ਕੇ ਸ਼ਹੀਦ ਕਰ ਦਿੱਤਾ ਗਿਆ ਸੀ। ਇਹ ਸਭ ਇਸ ਲਈ ਹੋਇਆ ਕਿਉਂਕਿ ਉਨ੍ਹਾਂ ਨੇ ਨੌਵੇਂ ਗੁਰੂ ਤੇਗ ਬਹਾਦਰ ਦੇ ਨਾਲ ਇਸਲਾਮ ਧਰਮ ਕਬੂਲ ਕਰਨ ਤੋਂ ਸਾਫ਼ ਇਨਕਾਰ ਕਰ ਦਿੱਤਾ ਸੀ।

ਬੁਲਾਰਿਆਂ ਨੇ ਕਿਹਾ ਕਿ ਭਾਈ ਮਤੀ ਦਾਸ ਨੇ ਇਸ ਅਸਹਿ ਅਤੇ ਅਕਹਿ ਤਸੀਹੇ ਨੂੰ ਪੂਰੀ ਸ਼ਾਂਤੀ ਅਤੇ ਸਿਦਕ ਨਾਲ ਸਵੀਕਾਰ ਕੀਤਾ ਅਤੇ ਆਪਣੇ ਧਰਮ ਤੇ ਗੁਰੂ ਪ੍ਰਤੀ ਅਟੁੱਟ ਸ਼ਰਧਾ ਦਾ ਪ੍ਰਗਟਾਵਾ ਕੀਤਾ। ਇਸੇ ਕਰਕੇ ਉਹ ਸਿੱਖ ਇਤਿਹਾਸ ਦੇ ਸਭ ਤੋਂ ਮਹਾਨ ਸ਼ਹੀਦਾਂ ਵਿੱਚੋਂ ਇੱਕ ਬਣ ਗਏ।

# ਨੀਲਮ ਫਲਾਈਓਵਰ ਹੇਠ ਸ.ਫਾਈ ਮੁਹਿੰਮ

**ਫਰੀਦਾਬਾਦ, 12 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਨੀਲਮ ਫਲਾਈਓਵਰ ਦੇ ਹੇਠਾਂ ਝੁੱਗੀਆਂ-ਝੌਂਪੜੀਆਂ ਵਿੱਚ ਰਹਿ ਰਹੇ ਪਰਿਵਾਰਾਂ ਲਈ ਸਿੱਖਿਆ ਦਾ ਚਾਨਣ ਮੁਨਾਰਾ ਬਣੀ ਇੱਕ ਸਮਾਜ ਸੇਵੀ ਸੰਸਥਾ ਨੇ ਅੱਜ ਉੱਥੋਂ ਦੇ ਵਸਨੀਕਾਂ ਨਾਲ ਮਿਲ ਕੇ ਇੱਕ ਵਿਸ਼ੇਸ਼ ਸਫਾਈ ਮੁਹਿੰਮ ਚਲਾਈ। ਇਹ ਕਦਮ ਇੱਕ ਸਾਫ਼-ਸੁਥਰੇ ਅਤੇ ਜਾਗਰੂਕ ਭਾਈਚਾਰੇ ਦੀ ਸਿਰਜਣਾ ਵੱਲ ਇੱਕ ਪ੍ਰੇਰਨਾਦਾਇਕ ਸ਼ੁਰੂਆਤ ਹੈ। ਵਿਕਟੋਰੀਆ ਲਾਈਫ ਫਾਊਂਡੇਸ਼ਨ, ਜੋ ਕਿ ਨੀਲਮ ਫਲਾਈਓਵਰ ਹੇਠ ਹਾਰਡਵੇਅਰ ਰੋਡ ਨੇੜੇ ਝੁੱਗੀ-ਝੌਂਪੜੀ ਵਾਲੇ ਇਲਾਕੇ ਵਿੱਚ ਗਰੀਬ ਬੱਚਿਆਂ ਲਈ ਇੱਕ ਆਰਜ਼ੀ ਸਕੂਲ ਚਲਾ ਰਹੀ ਹੈ, ਨੇ ਇੱਕ ਹੋਰ ਸਵੈ-ਸੇਵੀ ਸੰਸਥਾ ਦੇ ਸਹਿਯੋਗ ਨਾਲ ਇਹ ਉਪਰਾਲਾ ਕੀਤਾ। ਇਸ ਫਾਊਂਡੇਸ਼ਨ ਵੱਲੋਂ ਬੱਚਿਆਂ ਨੂੰ ਪੜ੍ਹਾਈ ਕਰਵਾਉਣ ਦੇ ਨਾਲ-ਨਾਲ ਹੋਰ ਲੋੜੀਂਦੀਆਂ ਸਹੂਲਤਾਂ ਵੀ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ।ਫਾਊਂਡੇਸ਼ਨ ਦੇ ਆਗੂ ਐਸ.ਐਸ. ਬਾਂਗਾ ਨੇ ਇਸ ਮੌਕੇ ਖੁਸ਼ੀ ਜ਼ਾਹਿਰ ਕਰਦਿਆਂ ਕਿਹਾ ਕਿ ਇਹ ਦੇਖ ਕੇ ਬਹੁਤ ਚੰਗਾ ਲੱਗਿਆ ਕਿ ਇੱਥੋਂ ਦੀਆਂ ਔਰਤਾਂ ਅਤੇ ਬੱਚੇ ਨਾ ਸਿਰਫ਼ ਪੜ੍ਹਾਈ ਪ੍ਰਤੀ ਉਤਸ਼ਾਹਿਤ ਹਨ, ਸਗੋਂ ਉਹ ਸਫ਼ਾਈ ਮੁਹਿੰਮ ਵਿੱਚ ਵੀ ਪੂਰੇ ਜੋਸ਼ ਨਾਲ ਹਿੱਸਾ ਲੈਣਾ ਚਾਹੁੰਦੇ ਹਨ। ਝੁੱਗੀ ਵਾਸੀਆਂ ਨੇ ਖੁਦ ਅੱਗੇ ਆ ਕੇ ਕਿਹਾ, 'ਅਸੀਂ ਸਫਾਈ ਕਰਾਂਗੇ, ਸਾਡੇ ਨਾਲ ਜੁੜੋ' ਜੋ ਕਿ ਇੱਕ ਸਾਫ਼ ਅਤੇ ਜਾਗਰੂਕ ਭਾਈਚਾਰੇ ਵੱਲ ਇੱਕ ਪ੍ਰੇਰਨਾਦਾਇਕ ਸ਼ੁਰੂਆਤ ਹੈ।ਬਾਂਗਾ ਨੇ ਸਵੱਛਤਾ ਦੀ ਮਹੱਤਤਾ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਸਫ਼ਾਈ ਦਾ ਗੁਣ ਮਨੁੱਖ ਦੇ ਵਿਕਾਸ ਲਈ ਬਹੁਤ ਅਹਿਮ ਹੁੰਦਾ ਹੈ। ਉਨ੍ਹਾਂ ਕਿਹਾ ਕਿ ਸਾਨੂੰ ਹਾਸ਼ੀਏ 'ਤੇ ਰਹਿ ਰਹੇ ਲੋਕਾਂ ਨਾਲ ਪਿਆਰ ਅਤੇ ਅਪਣਤ ਨਾਲ ਮਿਲ ਕੇ ਸਮਾਜ ਨੂੰ ਬਿਹਤਰ ਬਣਾਉਣ ਦੇ ਉਪਰਾਲੇ ਕਰਨੇ ਚਾਹੀਦੇ ਹਨ।



# ਪਿਛਲਾ ਇਕ ਸਾਲ ਚੁਣੌਤੀਪੂਰਨ ਸੀ, ਵਿਸ਼ਵ ਕੱਪ 'ਚ ਸਖ਼ਤ ਮਿਹਨਤ ਰੰਗ ਲਿਆਈ: ਸ਼ੇਫਾਲੀ ਵਰਮਾ

**ਰੋਹਤਕ, 12 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮਹਿਲਾ ਕ੍ਰਿਕਟ ਵਿਸ਼ਵ ਕੱਪ ਦੇ ਫਾਈਨਲ ਵਿਚ ਭਾਰਤ ਦੀ ਜਿੱਤ ਵਿਚ ਅਹਿਮ ਭੂਮਿਕਾ ਨਿਭਾਉਣ ਵਾਲੀ ਸਟਾਰ ਕ੍ਰਿਕਟਰ ਸ਼ੈਫਾਲੀ ਵਰਮਾ ਨੇ ਕਿਹਾ ਕਿ ਪਿਛਲਾ ਇਕ ਸਾਲ ਉਸ ਲਈ ਬਹੁਤ ਚੁਣੌਤੀਪੂਰਨ ਸੀ ਕਿਉਂਕਿ ਉਸ ਨੂੰ ਆਪਣੀ ਖੇਡ ਵਿਚ ਸੁਧਾਰ ਤੇ ਗੁਆਚੀ ਲੈਅ ਹਾਸਲ ਕਰਨ ਲਈ ਬਹੁਤ ਸਖ਼ਤ ਮਿਹਨਤ ਕਰਨੀ ਪਈ।



ਸ਼ੇਫਾਲੀ ਦਾ ਅੱਜ ਆਪਣੇ ਗ੍ਰਹਿ ਜ਼ਿਲ੍ਹੇ ਰੋਹਤਕ ਪਹੁੰਚਣ 'ਤੇ ਸ਼ਾਨਦਾਰ ਸਵਾਗਤ ਕੀਤਾ ਗਿਆ। ਸ਼ੇਫਾਲੀ ਆਪਣੀ ਕਾਰ ਦੀ ਸਨਰੂਫ ਤੋਂ ਬਾਹਰ ਆਈ ਅਤੇ ਭੀੜ ਨੂੰ ਹੱਥ ਹਿਲਾਇਆ। ਇਸ ਦੌਰਾਨ 'ਭਾਰਤ ਮਾਤਾ ਕੀ ਜੈ' ਦੇ ਨਾਅਰੇ ਹਰ ਪਾਸੇ ਗੂੰਜਦੇ ਰਹੇ ਤੇ ਲੋਕਾਂ ਨੇ ਤਿਰੰਗਾ ਲਹਿਰਾਇਆ। ਸ਼ੇਫਾਲੀ ਮਗਰੋਂ ਸਰਕਟ ਹਾਊਸ ਪਹੁੰਚੀ, ਜਿੱਥੇ ਉਨ੍ਹਾਂ ਦਾ ਸਨਮਾਨ ਕੀਤਾ ਗਿਆ।

ਸ਼ੇਫਾਲੀ ਨੇ ਐਤਵਾਰ ਨੂੰ ਇੱਥੇ ਸਰਕਟ ਹਾਊਸ ਵਿੱਚ ਆਪਣੇ ਸਨਮਾਨ ਤੋਂ ਬਾਅਦ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਕਿਹਾ, "ਪਿਛਲਾ ਇੱਕ ਸਾਲ ਮੇਰੇ ਲਈ ਸੱਚਮੁੱਚ ਔਖਾ ਸੀ। ਮੈਨੂੰ ਕਈ ਸੰਘਰਸ਼ਾਂ ਦਾ ਸਾਹਮਣਾ ਕਰਨਾ ਪਿਆ, ਪਰ ਮੈਂ ਸਖ਼ਤ ਮਿਹਨਤ ਕਰਦੀ ਰਹੀ, ਅਤੇ ਪਰਮਾਤਮਾ ਨੇ ਉਸ ਕੋਸ਼ਿਸ਼ ਦਾ ਫਲ ਦਿੱਤਾ। ਜਦੋਂ ਮੈਂ ਸੈਮੀਫਾਈਨਲ ਤੋਂ ਪਹਿਲਾਂ ਭਾਰਤੀ ਟੀਮ ਵਿੱਚ ਸ਼ਾਮਲ ਹੋਈ, ਤਾਂ ਮੈਂ ਚੰਗਾ ਪ੍ਰਦਰਸ਼ਨ ਕਰਨ ਅਤੇ ਭਾਰਤ ਦੀ ਵਿਸ਼ਵ ਕੱਪ ਜਿੱਤ ਵਿੱਚ ਯੋਗਦਾਨ ਪਾਉਣ ਲਈ ਦ੍ਰਿੜ ਸੀ। ਫਾਈਨਲ ਹਮੇਸ਼ਾ ਇੱਕ ਵੱਡਾ ਪੜਾਅ ਹੁੰਦਾ ਹੈ, ਅਤੇ ਸ਼ੁਰੂ ਵਿੱਚ ਮੈਂ ਥੋੜ੍ਹੀ ਘਬਰਾਈ ਹੋਈ ਸੀ, ਪਰ ਮੈਂ ਆਪਣੇ ਆਪ ਨੂੰ ਸ਼ਾਂਤ ਕੀਤਾ, ਆਪਣੀ ਰਣਨੀਤੀ 'ਤੇ ਧਿਆਨ ਕੇਂਦਰਿਤ ਕੀਤਾ, ਅਤੇ ਇਸ ਨੂੰ ਚੰਗੀ ਤਰ੍ਹਾਂ ਲਾਗੂ ਕੀਤਾ। ਇਸ ਨੇ ਮੈਨੂੰ ਫਾਈਨਲ ਵਿੱਚ ਇੱਕ ਹਰਫ਼ਨਮੌਲਾ ਪ੍ਰਦਰਸ਼ਨ ਵਿੱਚ ਮਦਦ ਕੀਤੀ।" ਇਸ ਮੌਕੇ ਭਾਜਪਾ ਆਗੂਆਂ ਅਤੇ ਅਧਿਕਾਰੀਆਂ ਸਮੇਤ ਵੱਡੀ ਗਿਣਤੀ ਵਿੱਚ ਲੋਕ ਉਨ੍ਹਾਂ ਨੂੰ ਵਧਾਈ ਦੇਣ ਲਈ ਮੌਜੂਦ ਸਨ।

ਫਾਈਨਲ ਦੇ ਮਹੱਤਵਪੂਰਨ ਪਲਾਂ ਨੂੰ ਯਾਦ ਕਰਦੇ ਹੋਏ ਸ਼ੇਫਾਲੀ ਨੇ ਕਿਹਾ, "ਮੈਨੂੰ ਗੇਂਦਬਾਜ਼ੀ ਕਰਨ ਲਈ ਕਿਹਾ ਗਿਆ ਸੀ, ਅਤੇ ਮੇਰਾ ਇੱਕੋ ਇੱਕ ਟੀਚਾ ਵਿਕਟਾਂ ਲੈਣ ਦਾ ਸੀ। ਉਸ ਪੜਾਅ 'ਤੇ ਦੱਖਣੀ ਅਫ਼ਰੀਕਾ ਦੇ ਸੈੱਟ ਬੱਲੇਬਾਜ਼ਾਂ ਨੂੰ ਆਊਟ ਕਰਨਾ ਹੀ ਅਹਿਮ ਮੋੜ ਸਾਬਤ ਹੋਇਆ। ਇੱਕ ਵਾਰ ਜਦੋਂ ਸਾਨੂੰ ਇੱਕ ਹੋਰ ਵਿਕਟ ਮਿਲੀ, ਤਾਂ ਪੂਰੀ ਟੀਮ ਮੈਚ ਜਿੱਤਣ ਲਈ ਆਪਣਾ 100 ਫੀਸਦ ਦੇਣ ਲਈ ਤਿਆਰ ਹੋ ਗਈ।" ਜਦੋਂ ਸ਼ੇਫਾਲੀ ਨੂੰ ਪੁੱਛਿਆ ਗਿਆ ਕਿ ਕੀ ਉਸ ਨੂੰ ਸੈਂਕੜਾ ਖੁੰਝਣ ਦਾ ਅਫ਼ਸੋਸ ਹੈ, ਤਾਂ ਉਸ ਨੇ ਮੁਸਕਰਾਉਂਦੇ ਹੋਏ ਕਿਹਾ, "ਜਦੋਂ ਤੁਸੀਂ ਵਿਸ਼ਵ ਕੱਪ ਜਿੱਤ ਲੈਂਦੇ ਹੋ ਤਾਂ ਸੈਂਕੜਾ ਮਾਇਨੇ ਨਹੀਂ ਰੱਖਦਾ।"

ਸ਼ੇਫਾਲੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਵੀ ਧੰਨਵਾਦ ਕੀਤਾ।

ਉਸ ਨੇ ਕਿਹਾ, "ਪ੍ਰਧਾਨ ਮੰਤਰੀ ਨੇ ਸਾਡੇ ਨਾਲ ਘੱਟੋ-ਘੱਟ ਦੋ ਘੰਟੇ ਬਿਤਾਏ ਅਤੇ ਸਾਨੂੰ ਬਹੁਤ ਪ੍ਰੇਰਿਤ ਕੀਤਾ। ਸਾਨੂੰ ਮਾਣ ਹੈ ਕਿ ਉਨ੍ਹਾਂ ਨੇ ਸਾਨੂੰ ਆਪਣਾ ਕੀਮਤੀ ਸਮਾਂ ਦਿੱਤਾ।" ਨੌਜਵਾਨ ਕੁੜੀਆਂ ਲਈ ਸੰਦੇਸ਼ ਬਾਰੇ ਪੁੱਛਣ 'ਤੇ ਸ਼ੇਫਾਲੀ ਨੇ ਕਿਹਾ, "ਆਪਣੀ ਪ੍ਰਤਿਭਾ 'ਤੇ ਵਿਸ਼ਵਾਸ ਰੱਖੋ ਅਤੇ ਸਖ਼ਤ ਮਿਹਨਤ ਕਰਦੇ ਰਹੋ। ਜੇਕਰ ਤੁਹਾਨੂੰ ਖ਼ੁਦ 'ਤੇ ਵਿਸ਼ਵਾਸ ਹੈ ਅਤੇ ਲਗਾਤਾਰ ਕੋਸ਼ਿਸ਼ ਕਰਦੇ ਰਹੋ ਤਾਂ ਕੁਝ ਵੀ ਮੁਸ਼ਕਲ ਨਹੀਂ ਹੈ।"

ਸ਼ੇਫਾਲੀ ਨੇ ਕਿਹਾ ਕਿ ਉਹ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨਾਲ 12 ਨਵੰਬਰ ਨੂੰ ਹੋਣ ਵਾਲੀ ਮੁਲਾਕਾਤ ਲਈ ਉਤਸੁਕ ਹੈ। ਉਸ ਨੇ ਕਿਹਾ, "ਮੁੱਖ ਮੰਤਰੀ ਦੇ ਸ਼ਬਦਾਂ ਨੇ ਮੈਨੂੰ ਆਤਮਵਿਸ਼ਵਾਸ ਦਿੱਤਾ।" ਹਰਿਆਣਾ ਦੇ ਮੰਤਰੀ ਕ੍ਰਿਸ਼ਨ ਬੇਦੀ ਨੇ ਕਿਹਾ ਕਿ ਸ਼ੇਫਾਲੀ ਨੇ ਵਿਸ਼ਵ ਕੱਪ ਵਿੱਚ ਆਪਣੇ ਸ਼ਾਨਦਾਰ ਪ੍ਰਦਰਸ਼ਨ ਨਾਲ ਸੂਬੇ ਦਾ ਨਾਮ ਰੌਸ਼ਨ ਕੀਤਾ ਹੈ। ਸ਼ੇਫਾਲੀ ਮਗਰੋਂ ਖੁੱਲ੍ਹੀ ਜੀਪ ਵਿਚ ਘਨੀਪੁਰਾ ਮੁਹੱਲੇ ਵਿਚਲੇ ਆਪਣੇ ਘਰ ਲਈ ਰਵਾਨਾ ਹੋ ਗਈ। ਇਸ ਮੌਕੇ ਮੰਤਰੀ ਕ੍ਰਿਸ਼ਨ ਬੇਦੀ ਤੇ ਸਾਬਕਾ ਮੰਤਰੀ ਮਨੀਸ਼ ਗਰੋਵਰ ਵੀ ਉਸ ਨਾਲ ਮੌਜੂਦ ਸਨ।

# ਪਤੀ ਦੀ ਹੱਤਿਆ ਦੇ ਦੋਸ਼ ਹੇਠ ਗ੍ਰਿਫ਼ਤਾਰ

**ਫਰੀਦਾਬਾਦ, 12 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਐਨ ਆਈ ਟੀ ਥਾਣਾ ਪੁਲੀਸ ਨੇ ਮਹਿਲਾ ਨੂੰ ਆਪਣੇ ਪਤੀ ਦੀ ਹੱਤਿਆ ਕਰਨ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਹੈ। ਮਹਿਲਾ 'ਤੇ ਆਪਣੇ ਪ੍ਰੇਮੀ ਨਾਲ ਮਿਲ ਕੇ ਪਤੀ ਅਰੁਣ ਦੀ ਬੈਲਟ ਨਾਲ ਗਲਾ ਘੁੱਟ ਕੇ ਹੱਤਿਆ ਕਰਨ ਦਾ ਦੋਸ਼ ਹੈ।

ਪੁਲੀਸ ਨੇ ਦੱਸਿਆ ਕਿ ਫਰੀਦਾਬਾਦ ਦੀ ਕ੍ਰਿਸ਼ਨਾ ਕਲੋਨੀ ਦੇ ਰਹਿਣ ਵਾਲੇ ਸੂਰਜਪਾਲ ਨੇ ਸ਼ਿਕਾਇਤ ਦਰਜ ਕਰਵਾਈ ਸੀ ਕਿ ਉਸ ਦੇ ਪੁੱਤਰ ਅਰੁਣ ਦੀ ਮੌਤ ਹੋ ਗਈ ਹੈ ਅਤੇ ਉਸ ਦੀ ਗਰਦਨ 'ਤੇ ਸ਼ੱਕੀ ਸ਼ਾਨ ਹਨ। ਇਸ ਸ਼ਿਕਾਇਤ ਦੇ ਆਧਾਰ 'ਤੇ ਐਨ ਆਈ ਟੀ ਥਾਣੇ ਵਿੱਚ ਹੱਤਿਆ ਦਾ ਕੇਸ ਦਰਜ ਕੀਤਾ ਗਿਆ। ਪੁਲੀਸ ਨੇ ਜਾਂਚ ਕਰਦਿਆਂ ਕ੍ਰਿਸ਼ਨਾ ਕਲੋਨੀ, ਫਰੀਦਾਬਾਦ ਦੀ ਰਹਿਣ ਵਾਲੀ ਅਰੁਣ ਦੀ ਪਤਨੀ ਸ਼ਿਖਾ (24) ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਪੁਲੀਸ ਨੇ ਸ਼ਿਖਾ ਨੂੰ ਅਦਾਲਤ ਵਿੱਚ ਪੇਸ਼ ਕਰਕੇ ਪੁੱਛ-ਪੜਤਾਲ ਲਈ ਦੋ ਦਿਨਾਂ ਦੇ ਪੁਲੀਸ ਰਿਮਾਂਡ 'ਤੇ ਲੈ ਲਿਆ ਹੈ।

## ਅਫਰੀਕਾ ਤੋਂ 8 ਚੀਤੇ ਜਲਦ ਆਉਣਗੇ ਭਾਰਤ

ਭੋਪਾਲ 12 ਨਵੰਬਰ। ਚੀਨ ਪੁਨਰਵਾਸ ਪ੍ਰੋਗਰਾਮ ਦੇ ਅਧੀਨ ਭਾਰਤ ’ਚ ਭੇਜਣ ਤੋਂ ਪਹਿਲਾਂ ਦੱਖਣੀ ਅਫਰੀਕਾ ਦੇ ਬੋਤਸਵਾਨਾ ’ਚ 8 ਚੀਤਿਆਂ ਨੂੰ ਫੜਿਆ ਗਿਆ ਹੈ। ਇਕ ਸੀਨੀਅਰ ਜੰਗਲਾਤ ਅਧਿਕਾਰੀ ਨੇ ਇਹ ਜਾਣਕਾਰੀ ਦਿੱਤੀ। ਚੀਤਿਆਂ ਨੂੰ ਲਿਆਉਣ ਦਾ ਇਹ ਪ੍ਰੋਗਰਾਮ 2022 ’ਚ ਸ਼ੁਰੂ ਕੀਤਾ ਗਿਆ ਸੀ, ਜਦੋਂ ਕਿ ਦਹਾਕਿਆਂ ਪਹਿਲੇ ਸਭ ਤੋਂ ਤੇਜ਼ ਇਹ ਜਾਨਵਰ ਭਾਰਤ ਤੋਂ ਅਲੋਪ ਹੋ ਗਿਆ ਸੀ। ਇਕ



ਅਧਿਕਾਰੀ ਨੇ ਦੱਸਿਆ ਕਿ 2 ਨਰ ਚੀਤਿਆਂ ਸਮੇਤ ਇਨ੍ਹਾਂ 8 ਚੀਤਿਆਂ ਨੂੰ ਭਾਰਤ ਭੇਜਣ ਤੋਂ ਪਹਿਲਾਂ ਇਕ ਮਹੀਨੇ ਲਈ ਬਾੜੇ ’ਚ ਰੱਖਿਆ ਜਾਵੇਗਾ ਅਤੇ ਉਨ੍ਹਾਂ ਦਾ ਮੈਡੀਕਲ ਪ੍ਰੀਖਣ ਕੀਤਾ ਜਾਵੇਗਾ। ਉਨ੍ਹਾਂ ਕਿਹਾ,”ਅੰਤਰ-ਮਹਾਦੀਪ ਟਰਾਂਸਫਰ ’ਚ ਕਈ ਰਸਮਾਂ ਸ਼ਾਮਲ ਹੁੰਦੀਆਂ ਹਨ। ਇਨ੍ਹਾਂ ਗੱਲਾਂ ਅਤੇ ਆਉਣ ਵਾਲੀ ਕ੍ਰਿਸਮਿਸ ਦੀਆਂ ਛੁੱਟੀਆਂ ਨੂੰ ਦੇਖਦੇ ਹੋਏ, ਮੈਂ ਇਹ ਨਹੀਂ ਕਹਿ ਸਕਦਾ ਹੈ ਕਿ ਚੀਤਿਆਂ ਨੂੰ ਮੱਧ ਪ੍ਰਦੇਸ਼ ਦੇ ਸ਼ਯੋਪੁਰ ਜ਼ਿਲ੍ਹੇ ’ਚ ਕੂਨੋ ਨੈਸ਼ਨਲ ਪਾਰਕ ’ਚ ਕਦੋਂ ਭੇਜਿਆ ਜਾਵੇਗਾ, ਸ਼ਾਇਦ ਜਨਵਰੀ ’ਚ।”

## ਸ੍ਰੀ ਮੁਕਤਸਰ ਸਾਹਿਬ ਪੁਲਸ ਵਲੋਂ 8 ਮਹੀਨਿਆਂ ’ਚ 695 ਮੁਕੱਦਮੇ ਦਰਜ

ਸ੍ਰੀ ਮੁਕਤਸਰ ਸਾਹਿਬ 12 ਨਵੰਬਰ। ਡਾ. ਅਖਿਲ ਚੌਧਰੀ ਐੱਸ.ਐੱਸ.ਪੀ. ਸ੍ਰੀ ਮੁਕਤਸਰ ਸਾਹਿਬ ਵਲੋਂ ਤਿਆਰ ਕੀਤੀਆਂ ਪੁਲਸ ਟੀਮਾਂ ਜ਼ਿਲੇ ਅੰਦਰ ਰਾਤ-ਦਿਨ ਮਿਹਨਤ ਕਰਕੇ, ਸਰਚ ਮੁਹਿੰਮਾਂ ਅਤੇ ਨਾਕਾਬੰਦੀਆਂ ਰਾਹੀਂ ਵੱਖ-ਵੱਖ ਪਿੰਡਾਂ/ਵਾਰਡਾਂ ਵਿਚ ਨਸ਼ਾ ਤਸਕਰਾਂ ਦੀ ਪਹਿਚਾਣ ਕਰਕੇ, ਉਨ੍ਹਾਂ ਖਿਲਾਫ਼ ਕਾਰਵਾਈ ਕਰ ਰਹੀਆਂ ਹਨ। ਉਨ੍ਹਾਂ ਨੇ ਕਿਹਾ ਕਿ ਨਸ਼ਾ ਇਕ ਸਮਾਜਿਕ ਕੋਹੜ ਹੈ, ਜਿਸ ਨੂੰ ਜੜ੍ਹੋਂ ਖਤਮ ਕਰਨਾ ਜ਼ਰੂਰੀ ਹੈ। ਸ੍ਰੀ ਮੁਕਤਸਰ ਸਾਹਿਬ ਪੁਲਸ ਵਲੋਂ ਕਾਰਵਾਈ ਕਰਦੇ ਹੋਏ ਪਿਛਲੇ 8 ਮਹੀਨਿਆਂ ’ਚ ਐੱਨ.ਡੀ.ਪੀ.ਐੱਸ ਐਕਟ ਤਹਿਤ 695 ਮੁਕੱਦਮੇ ਦਰਜ ਕਰਕੇ 1173 ਨਸ਼ਾ ਤਸਕਰ ਕਾਬੂ ਕੀਤਾ ਗਿਆ ਹੈ, ਜਿਨ੍ਹਾਂ ਪਾਸੋਂ 15.83 ਕਿਲੋਗ੍ਰਾਮ ਹੈਰੋਇਨ, 53.32 ਕਿੱਲੋਗ੍ਰਾਮ ਅਫੀਮ, 1557.2 ਕਿੱਲੋਗ੍ਰਾਮ ਪੋਸਤ, 68,487 ਨਸ਼ੀਲੀਆਂ ਗੋਲੀਆਂ, 134 ਨਸ਼ੀਲੀਆਂ ਸ਼ੀਸ਼ੀਆਂ, 1,18,036 ਪ੍ਰੀਗਾਬਾਲੀਨ ਕੈਪਸੂਲ ਅਤੇ 7,67,920/- ਡਰੱਗ ਮਨੀ ਬਰਾਮਦ ਕਰਨ ਵਿਚ ਸਫਲਤਾ ਹਾਸਿਲ ਕੀਤੀ ਹੈ। ਸਬ ਡਵੀਜ਼ਨ ਸ੍ਰੀ ਮੁਕਤਸਰ ਸਾਹਿਬ ਵਿਚ 229 ਨਸ਼ਾ ਮਾਮਲੇ ਦਰਜ ਕੀਤੇ ਗਏ ਅਤੇ 368 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ, ਜਿਨ੍ਹਾਂ ਤੋਂ ਪੁਲਸ ਨੇ 5.66 ਕਿ.ਗ੍ਰਾ. ਹੈਰੋਇਨ, 17.666 ਕਿ.ਗ੍ਰਾ. ਅਫੀਮ ਅਤੇ 722 ਕਿ.ਗ੍ਰਾ. ਪੋਸਤ, 16,622 ਨਸ਼ੀਲੀਆਂ ਗੋਲੀਆਂ , 70 ਲੀਟਰ ਸ਼ਰਾਬ, 1,91,420 ਰੁਪਏ ਡਰੱਗ ਮਨੀ ਅਤੇ 69,543 ਪ੍ਰੀਗਾਬਾਲਿਨ ਕੈਪਸੂਲ ਬਰਾਮਦ ਕੀਤੇ ਗਏ। ਸਬ ਡਵੀਜ਼ਨ ਮਲੋਟ ਵਿਚ ਪੁਲਸ ਨੇ 179 ਕੇਸ ਦਰਜ ਕਰਕੇ 302 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ। ਜਿਨ੍ਹਾਂ ਤੋਂ ਪੁਲਸ ਨੇ 6.63 ਕਿ.ਗ੍ਰਾ. ਹੈਰੋਇਨ, 24.086 ਕਿ.ਗ੍ਰਾ. ਅਫੀਮ ਅਤੇ 65.5 ਕਿ.ਗ੍ਰਾ. ਪੋਸਤ, 11,257 ਨਸ਼ੀਲੀ ਗੋਲੀਆਂ, 3,56,200 ਰੁਪਏ ਡਰੱਗ ਮਨੀ ਅਤੇ 6925 ਪ੍ਰੀਗਾਬਾਲਿਨ ਕੈਪਸੂਲ ਬਰਾਮਦ ਹੋਏ। ਸਬ ਡਵੀਜ਼ਨ ਲੰਬੀ ਵਿਚ 162 ਕੇਸ ਦਰਜ ਕੀਤੇ ਗਏ ਅਤੇ 264 ਵਿਅਕਤੀ ਗ੍ਰਿਫਤਾਰ ਕੀਤੇ ਗਏ। ਜਿੰਨ੍ਹਾਂ ਤੋਂ 2.16 ਕਿ.ਗ੍ਰਾ. ਹੈਰੋਇਨ, 8.768 ਕਿ.ਗ੍ਰਾ. ਅਫੀਮ ਅਤੇ 659.4 ਕਿ.ਗ੍ਰਾ. ਪੋਸਤ, 29,797 ਗੋਲੀਆਂ, 1,73,900 ਰੁਪਏ ਡਰੱਗ ਮਨੀ, 35,370 ਪ੍ਰੀਗਾਬਾਲਿਨ ਕੈਪਸੂਲ ਬਰਾਮਦ ਕੀਤੇ ਗਏ। ਸਬ ਡਵੀਜ਼ਨ ਗਿੱਦੜਬਾਹਾ ਵਿਚ 125 ਨਸ਼ਾ ਮਾਮਲੇ ਦਰਜ ਹੋਏ ਅਤੇ 239 ਵਿਅਕਤੀ ਗ੍ਰਿਫਤਾਰ ਕੀਤੇ ਗਏ। ਪੁਲਸ ਨੇ 1.38 ਕਿ.ਗ੍ਰਾ. ਹੈਰੋਇਨ, 2.8 ਕਿ.ਗ੍ਰਾ. ਅਫੀਮ, 110.3 ਕਿ.ਗ੍ਰਾ. ਪੋਸਤ, 10,811 ਗੋਲੀਆਂ, 64 ਲੀਟਰ ਸ਼ਰਾਬ, 46,400 ਰੁਪਏ ਡਰੱਗ ਮਨੀ ਅਤੇ 6198 ਪ੍ਰੀਗਾਬਾਲਿਨ ਕੈਪਸੂਲ ਬਰਾਮਦ ਕੀਤੇ।

# ਗੋਨਿਆਣਾ ਮੰਡੀ ’ਚ ਰਾਜਸਥਾਨੀ ਝੋਨੇ ਦਾ ਕਮਾਲ, ਹੋ ਰਹੀ ਜਾਅਲੀ ਵਿਕਰੀ ! 329 ਖੋਲੇਗੀ ਕਰੋੜਾਂ ਦਾ ਘਪਲਾ

**ਕੌਮੀ ਪਤ੍ਰਿਕਾ**

ਗੋਨਿਆਣਾ ਮੰਡੀ 12 ਨਵੰਬਰ। ਖੇਤੀਬਾੜੀ ਦੇ ਸੀਜ਼ਨ ਵਿੱਚ ਜਿੱਥੇ ਕਿਸਾਨਾਂ ਨੇ ਆਪਣੀ ਮਿਹਨਤ ਨਾਲ ਝੋਨੇ ਦੀ ਫਸਲ ਤਿਆਰ ਕੀਤੀ, ਉੱਥੇ ਹੀ ਮਾਰਕੀਟ ਕਮੇਟੀ ਗੋਨਿਆਣਾ ਦੇ ਸੈਂਟਰਾਂ ਵਿੱਚ ਇਸ ਵਾਰ ਫਿਰ ਇਕ ਅਜਿਹਾ ਘੁਟਾਲਾ ਸਾਹਮਣੇ ਆ ਰਿਹਾ ਹੈ, ਜਿਸ ਨੇ ਪੂਰੇ ਇਲਾਕੇ ਦੀ ਰਾਜਨੀਤੀ, ਪ੍ਰਸ਼ਾਸਨ ਤੇ ਮਾਰਕੀਟ ਕਮੇਟੀ ਤੋਂ ਇਲਾਵਾ ਫੂਡ ਮਹਿਕਮੇ ਦੀ ਇਮਾਨਦਾਰੀ ‘ਤੇ ਵੱਡਾ ਪ੍ਰਸ਼ਨ ਚਿੰਨ੍ਹ ਲਾ ਦਿੱਤਾ ਹੈ। ਜਾਣਕਾਰੀ ਮੁਤਾਬਕ ਤਕਰੀਬਨ ਸਾਰੇ ਸੈਂਟਰਾਂ ‘ਤੇ ਕਿਸਾਨਾਂ ਦੀ ਆਪਣੀ ਫਸਲ ਤਕਰੀਬਨ 25 ਤੋਂ 30 ਫ਼ੀਸਦੀ ਘੱਟ ਰਹੀ ਪਰ ਅਜੀਬ ਤਰੀਕੇ ਨਾਲ ਉਨ੍ਹਾਂ ਹੀ ਸੈਂਟਰਾਂ ਵਿੱਚ ਸਰਕਾਰੀ ਖ਼ਰੀਦ 100 ਫ਼ੀਸਦੀ ਤੋਂ ਵੀ ਵੱਧ ਦਰਸਾਈ ਗਈ। ਇਹ ਗਿਣਤੀ ਸਿਰਫ਼ ਗਲਤ ਰਿਕਾਰਡ ਦੀ ਨਹੀਂ, ਸਗੋਂ ਇਕ ਸੋਚੀ ਸਮਝੀ ਸਾਜ਼ਿਸ਼ ਦਾ ਹਿੱਸਾ ਹੈ, ਜਿਸ ਦਾ ਨਾਇਕ ਮੰਡੀ ਦਾ ਇਕ ਬਹੁਤ ਹੀ ਲਾਲਚੀ ਅਤੇ ਪ੍ਰਭਾਵਸ਼ਾਲੀ ਵਪਾਰੀ ਦੱਸਿਆ ਜਾ ਰਿਹਾ ਹੈ। ਸੂਤਰਾਂ ਦਾ ਕਹਿਣਾ ਹੈ ਕਿ ਇਸ ਵਪਾਰੀ ਨੇ ਮਹਿਕਮੇ ਦੇ ਕੁਝ ਅਧਿਕਾਰੀਆਂ ਨਾਲ ਵੱਡੀ ਸਾਂਝਗੱਠ ਕਰਕੇ ਰਾਜਸਥਾਨੀ ਝੋਨੇ ਦਾ ਪੂਰਾ ਖੇਡ ਖੇਡਿਆ ਹੈ। ਇਸ ਵਪਾਰੀ ਨੇ ਪਹਿਲਾਂ ਰਾਜਸਥਾਨ ਤੋਂ 1500 ਰੁਪਏ ਕੁਇੰਟਲ ਸਸਤੇ ਰੇਟਾਂ ਤੇ ਵੱਡੀ ਮਾਤਰਾ ਵਿੱਚ ਘਟੀਆ ਝੋਨਾ ਖਰੀਦਿਆ ਅਤੇ ਉਸ ਨੂੰ ਆਪਣੇ ਗੁਪਤ ਟਿਕਾਣਿਆਂ ’ਤੇ ਜਿਹੜੇ ਮੰਡੀ ਤੋਂ ਕੁਝ ਕਿਲੋਮੀਟਰ ਦੂਰ ਸਥਿਤ ਹਨ, ਉਥੇ ਉਤਾਰ ਲਿਆ। ਇਹ ਝੋਨਾ ਉਥੇ ਰਾਤਾਂ ਨੂੰ ਟਰੱਕਾਂ ਰਾਹੀਂ ਆਉਂਦਾ ਸੀ ਤਾਂ ਜੋ ਕਿਸੇ ਨੂੰ ਇਸ ਗੁਪਤ ਕਾਰਵਾਈ ਦਾ ਪਤਾ ਨਾ ਲੱਗੇ। ਫਿਰ ਹਰ ਰੋਜ਼ ਇਹ ਵਿਅਕਤੀ ਮਹਿਕਮੇ ਦੀ ਮਿਲੇ-ਭੁਗਤ ਵੱਡੇ ਅਧਿਕਾਰੀਆਂ ਦੀ ਮਦਦ ਨਾਲ ਇਹ ਮਾਲ ਮੰਡੀ ਦੇ ਵੱਖ-ਵੱਖ ਸੈਂਟਰਾਂ ਵਿੱਚ ਦਾਖ਼ਲ ਕਰਦਾ ਸੀ ਅਤੇ ਕਿਸਾਨਾਂ ਦੇ ਨਾਮਾਂ ‘ਤੇ ਜਾਲੀ ਬਿੱਲ ਬਣਾ ਕੇ ਉਸ ਦੀ ਸਰਕਾਰੀ ਖ਼ਰੀਦ ਦਰਸਾ ਦਿੰਦਾ ਸੀ। ਇਹ ਵੀ ਪਤਾ ਲੱਗਿਆ ਹੈ ਕਿ ਕੁਝ ਡਾਟਾ-ਐਂਟਰੀ ਕਰਮਚਾਰੀਆਂ ਅਤੇ ਖ਼ਰੀਦ ਏਜੰਸੀਆਂ ਦੇ ਮੁਲਾਜ਼ਮਾਂ ਨੂੰ ਰਾਤਾਂ ਰਾਤ “ਸੈਟਿੰਗ ਰਕਮ”ਦੇ ਕੇ ਮਨਾਇਆ ਗਿਆ ਤਾਂ ਜੋ ਉਹ ਕਿਸਾਨਾਂ ਦੇ ਨਾਮ ‘ਤੇ ਇਹ ਫਰਜ਼ੀ ਖ਼ਰੀਦ ਦਰਜ ਕਰ ਸਕਣ। ਕਿਸਾਨਾਂ ਨੇ ਦੱਸਿਆ ਕਿ ਜਦੋਂ ਉਹ ਆਪਣੀ ਅਸਲੀ ਫਸਲ ਲੈ ਕੇ ਆਏ, ਤਾਂ ਉਨ੍ਹਾਂ ਦੇ ਮਾਲ ਨੂੰ ਘੱਟ ਗੁਣਵੱਤਾ ਦਾ ਕਹਿ ਕੇ ਰੱਦ ਕਰ ਦਿੱਤਾ ਗਿਆ, ਪਰ ਇਹੀ ਝੋਨਾ ਜੋ ਰਾਜਸਥਾਨ ਤੋਂ ਆਇਆ ਸੀ, ਉਸਨੂੰ “ਫਰਸਟ ਗ੍ਰੇਡ”ਕਹਿ ਕੇ ਮੋਹਰ ਲਾ ਦਿੱਤੀ ਗਈ। ਇਸ ਪੂਰੇ ਘੁਟਾਲੇ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਕੁਝ ਸੈਂਟਰਾਂ ਵਿੱਚ ਸਰਕਾਰੀ ਖ਼ਰੀਦ 100 ਤੋਂ ਵੀ 110 ਫ਼ੀਸਦੀ ਤੱਕ ਪਹੁੰਚ ਗਈ, ਜਦਕਿ ਕਿਸਾਨਾਂ ਦੀ ਉਪਜ ਤਕਰੀਬਨ 25 ਤੋਂ 30 ਫ਼ੀਸਦੀ ਘੱਟ ਹੋਈ ਸੀ। ਸੂਤਰਾਂ ਦੇ ਅਨੁਸਾਰ ਇਹ ਵਪਾਰੀ ਹਰ ਟਰੱਕ ਉੱਤੇ 30 ਤੋਂ 50 ਹਜ਼ਾਰ ਰੁਪਏ ਤੱਕ ਦੀ ਸੈਟਿੰਗ ਕਰਦਾ ਸੀ ਅਤੇ ਇਹ ਰਕਮ ਉੱਪਰ ਤੱਕ ਵੰਡ ਦਿੱਤੀ ਜਾਂਦੀ ਸੀ ਤਾਂ ਜੋ ਕੋਈ



ਵੀ ਇਸ ਗੈਰ-ਕਾਨੂੰਨੀ ਖੇਡ ਦੇ ਵਿਰੁੱਧ ਆਵਾਜ਼ ਨਾ ਚੁੱਕੇ। ਇਹ ਵੀ ਸਾਹਮਣੇ ਆਇਆ ਹੈ ਕਿ ਜਦੋਂ ਕੁਝ ਅਧਿਕਾਰੀਆਂ ਨੇ ਰਾਜਸਥਾਨੀ ਝੋਨੇ ਦੇ ਟਰੱਕਾਂ ਨੂੰ ਫੜਿਆ ਤਾਂ ਉਨ੍ਹਾਂ ਨੂੰ ਭਾਰੀ ਰਕਮ ਦੇ ਕੇ “ਫੜ ਕੇ ਛੱਡਣ”ਦਾ ਹੁਕਮ ਦਿੱਤਾ ਗਿਆ। ਇਸ ਨਾਲ ਇਹ ਵਪਾਰੀ ਨਿਰਭਯ ਹੋ ਕੇ ਆਪਣੀ ਰੋਜ਼ਾਨਾ ਦੀ ਰਾਤੀਂ ਆਵਾਜਾਈ ਜਾਰੀ ਰੱਖਦਾ ਰਿਹਾ। ਮਹਿਕਮੇ ਦੇ ਕੁਝ ਅਧਿਕਾਰੀ ਤਾਂ ਇੰਨੀ ਹੱਦ ਤੱਕ ਸ਼ਾਮਲ ਹੋ ਗਏ ਕਿ ਉਹ ਆਪਣੇ ਪ੍ਰਭਾਵ ਦਾ ਇਸਤੇਮਾਲ ਕਰਕੇ ਚੈਕਿੰਗ ਟੀਮਾਂ ਨੂੰ ਹੋਰ ਸੈਂਟਰਾਂ ਵੱਲ ਭੇਜ ਦਿੰਦੇ ਸਨ ਤਾਂ ਜੋ ਉਨ੍ਹਾਂ ਦੇ ਸਾਂਝਗੱਠ ਵਾਲੇ ਸੈਂਟਰਾਂ ‘ਤੇ ਕੋਈ ਜਾਂਚ ਨਾ ਹੋ ਸਕੇ। ਕਈ ਪਿੰਡਾਂ ਦੇ ਕਿਸਾਨਾਂ ਦਾ ਕਹਿਣਾ ਹੈ ਕਿ ਜੇਕਰ ਇਸ ਪੂਰੇ ਮਾਮਲੇ ਦੀ ਸੀ. ਬੀ. ਆਈ. ਜਾਂਚ ਹੋਵੇ ਤਾਂ ਇਹ ਖੁਲਾਸਾ ਹੋ ਜਾਵੇਗਾ ਕਿ ਗੋਨਿਆਣਾ ਮੰਡੀ ਵਿੱਚ ਕਿੰਨੇ ਟਰੱਕ ਰਾਜਸਥਾਨੀ ਝੋਨੇ ਦੇ ਆਏ, ਕਿੰਨੇ ਜਾਲੀ ਬਿੱਲ ਬਣੇ ਅਤੇ ਕਿੰਨੇ ਕਰੋੜਾਂ ਰੁਪਏ ਦਾ ਮਾਲ ਕਿਸਾਨਾਂ ਦੇ ਨਾਮ ‘ਤੇ ਵੇਚਿਆ ਗਿਆ। ਮੰਡੀ ਵਿੱਚ ਹਰ ਕੋਈ ਇਸ ਗੱਲ ਦੀ ਚਰਚਾ ਕਰ ਰਿਹਾ ਹੈ ਕਿ ਇਹ “ਲਾਲਚੀ ਵਪਾਰੀ”ਹੁਣ ਆਪਣੇ ਆਪ ਨੂੰ ਬਚਾਉਣ ਲਈ ਵੱਡੀਆਂ ਸਿਫ਼ਾਰਸ਼ਾਂ ਲੱਭ ਰਿਹਾ ਹੈ, ਪਰ ਲੋਕਾਂ ਦੀ ਮੰਗ ਹੈ ਕਿ ਇਸ ਨੂੰ ਬਖ਼ਸ਼ਿਆ ਨਾ ਜਾਵੇ ਕਿਉਂਕਿ ਇਸ ਦੇ ਕਾਰਨ ਸੱਚੇ ਕਿਸਾਨਾਂ ਦੀ ਮਿਹਨਤ ਤੇ ਇਮਾਨਦਾਰੀ ਦੋਵੇਂ ਤੇ ਡਾਕਾ ਪਿਆ ਹੈ। ਲੋਕਾਂ ਦਾ ਕਹਿਣਾ ਹੈ ਕਿ ਜੇ ਸਰਕਾਰ ਨੇ ਹੁਣ ਵੀ ਅੱਖਾਂ ਨਾ ਖੋਲ੍ਹੀਆਂ ਤਾਂ ਇਹ ਰਿਸ਼ਵਤਖੋਰੀ ਦਾ ਰੋਗ ਹੋਰ ਮੰਡੀਆਂ ਤੱਕ ਫੈਲ ਜਾਵੇਗਾ। ਇਸ ਲਈ ਜਨਤਕ ਮੰਗ ਹੈ ਕਿ ਗੋਨਿਆਣਾ ਮੰਡੀ ਦੇ ਇਸ ਪੂਰੇ ਮਾਮਲੇ ਦੀ ਤੁਰੰਤ ਸੀਬੀਆਈ ਜਾਂਚ ਹੋਵੇ, ਤਾਂ ਜੋ ਉਹ ਚਿਹਰੇ ਸਾਹਮਣੇ ਆ ਸਕਣ ਜਿਨ੍ਹਾਂ ਨੇ ਰਾਤ ਦੇ ਹਨੇਰੇ ਵਿੱਚ ਕਿਸਾਨਾਂ ਦੀ ਮਿਹਨਤ ਨੂੰ ਰਿਸ਼ਵਤ ਦੇ ਲਾਲਚ ਨਾਲ ਵੇਚ ਦਿੱਤਾ।

# ਪਰਾਲੀ ਨੂੰ ਅੱਗ ਨਾ ਲਗਾਉਣ ਵਾਲੇ ਕਿਸਾਨਾਂ ਨੂੰ ਵੀ ਜੁਰਮਾਨੇ ਕੀਤੇ ਜਾਣ ’ਤੇ ਕਿਸਾਨਾਂ ’ਚ ਰੋਸ ਦੀ ਲਹਿਰ

**ਕੌਮੀ ਪਤ੍ਰਿਕਾ**

ਭਵਾਨੀਗੜ੍ਹ, 12 ਨਵੰਬਰ। ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਬਲਾਕ ਭਵਾਨੀਗੜ੍ਹ ਵੱਲੋਂ ਬਲਾਕ ਦੇ ਪਿੰਡ ਭੱਟੀਵਾਲ ਕਲਾਂ ਵਿਖੇ ਇੱਕ ਕਿਸਾਨ ਨੂੰ ਆਪਣੇ ਖੇਤਾਂ ’ਚ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਗਾਉਣ ਦੇ ਬਾਵਜੂਦ ਪ੍ਰਸ਼ਾਸਨ ਵੱਲੋਂ ਜੁਰਮਾਨਾ ਕੀਤੇ ਜਾਣ ’ਤੇ ਤਿੱਖੇ ਰੋਸ ਦਾ ਪ੍ਰਗਟਾਵਾਂ ਕੀਤਾ ਗਿਆ। ਅੱਜ ਉਕਤ ਕਿਸਾਨ ਦੇ ਖੇਤ ’ਚ ਇਕੱਠੇ ਹੋਏ ਜਥੇਬੰਦੀ ਦੇ ਬਲਾਕ ਆਗੂ ਬਲਵਿੰਦਰ ਸਿੰਘ ਘਨੌੜ, ਜਸਵੀਰ ਸਿੰਘ ਗੱਗੜਪੁਰ, ਕਰਮ ਚੰਦ ਪੰਨਵਾਂ, ਕਸ਼ਮੀਰ ਸਿੰਘ ਆਲੋਅਰਖ ਅਤੇ ਕੁਲਦੀਪ ਸਿੰਘ ਬਖੋਪੀਰ ਨੇ ਕਿਹਾ ਕਿ ਪਿੰਡ ਭੱਟੀਵਾਲ ਕਲਾਂ ਦੇ ਕਿਸਾਨ ਨਵਜੋਤ ਸਿੰਘ ਪੁੱਤਰ ਸੁਖਦੇਵ ਸਿੰਘ ਨੂੰ ਪ੍ਰਸ਼ਾਸਨ ਵੱਲੋਂ ਝੋਨੇ ਦੀ ਰਹਿੰਦ ਖੂੰਹਦ ਨੂੰ ਅੱਗ ਲਾਉਣ ਦੇ ਸੰਬੰਧ ਵਿੱਚ 5 ਹਜ਼ਾਰ ਰੁਪਏ ਜੁਰਮਾਨਾ ਕੀਤਾ ਗਿਆ ਹੈ। ਇਸ ਸਬੰਧੀ ਕਿਸਾਨ ਆਗੂਆਂ ਨੇ ਕਿਹਾ ਕਿ ਕਿਸਾਨ ਨਵਜੋਤ ਸਿੰਘ ਦੇ ਖੇਤ ਵਿੱਚ ਹਾਲੇ ਤੱਕ ਕੋਈ ਵੀ ਅੱਗ ਨਹੀਂ ਲਗਾਈ ਗਈ ਅਤੇ ਖੇਤ ਵਿੱਚ ਝੋਨਾ ਵੱਢਣ ਤੋਂ ਬਾਅਦ ਪਰਾਲੀ ਉਸੇ ਤਰ੍ਹਾਂ ਪਈ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਉਕਤ ਕਿਸਾਨ ਬੇਲਰ ਨਾਲ ਇਸ ਪਰਾਲੀ ਦੀਆਂ ਗੱਠਾਂ



ਬਣਵਾਉਣੀਆਂ ਚਾਹੁੰਦਾ ਹੈ ਅਤੇ ਕਿਸਾਨ ਨੂੰ ਆਪਣੇ ਖੇਤ ‘ਚੋਂ ਝੋਨੇ ਦੀ ਫਸਲ ਵੱਢੀ ਨੂੰ 20 ਦਿਨ ਤੋਂ ਵੱਧ ਦਾ ਸਮਾਂ ਬੀਤ ਜਾਣ ਦੇ ਬਾਵਜੂਦ ਹਾਲੇ ਤੱਕ ਨਾ ਕੋਈ ਗੱਠਾਂ ਵਾਲੀ ਮਸ਼ੀਨ ਮਿਲੀ ਹੈ ਅਤੇ ਨਾ ਹੀ ਸਰਕਾਰ ਪਰਾਲੀ ਦਾ ਕੋਈ ਵੀ ਠੋਸ ਪ੍ਰਬੰਧ ਕਰ ਰਹੀ ਹੈ। ਕਿਸਾਨ ਆਗੂਆਂ ਨੇ ਦੋਸ਼ ਲਗਾਇਆ ਕਿ ਸਰਕਾਰ ਕਿਸਾਨਾਂ ਉੱਪਰ ਧੱਕੇ ਨਾਲ ਜੁਰਮਾਨੇ ਅਤੇ ਪਰਚੇ ਕਰ ਰਹੀ ਹੈ। ਆਗੂਆਂ ਨੇ ਕਿਹਾ ਕਿ ਪਿਛਲੇ 10-12 ਦਿਨਾਂ ਤੋਂ ਭਵਾਨੀਗੜ੍ਹ ਤਹਿਸੀਲ ਦਫਤਰ ਵਿੱਚੋਂ ਕਥਿਤ ਤੌਰ ’ਤੇ ਭੱਟੀਵਾਲ ਕਲ੍ਹਾਂ ਦੇ ਕਿਸਾਨਾਂ ਨੂੰ ਫੋਨ ਆ ਰਹੇ ਹਨ ਕਿ ਤੁਸੀਂ ਤਹਿਸੀਲ ਆਕੇ 5000 ਰੁਪਏ ਜੁਰਮਾਨਾ ਜਮ?ਹਾ ਕਰਵਾਓ ਜਦੋਂ ਕਿ ਕਿਸਾਨ ਆਗੂਆਂ ਨੇ ਜਦੋਂ ਉਕਤ ਕਿਸਾਨਾਂ ਦੇ ਖੇਤ ਵਿੱਚ ਜਾ ਕੇ ਦੇਖਿਆ ਤਾਂ ਕਿਸੇ ਵੀ ਖੇਤ ਦੇ ਵਿੱਚ ਪਰਾਲੀ ਦੀ ਰਹਿੰਦ ਖੂੰਹਦ ਨੂੰ ਅੱਗ ਨਹੀਂ ਲੱਗੀ ਹੋਈ ਸੀ ਅਤੇ ਆਗੂਆਂ ਨੇ ਕਿਹਾ ਕਿ ਜੇ ਕਿਸਾਨ ਦਾ ਜੁਰਮਾਨਾ ਰੱਦ ਨਾ ਕੀਤਾ ਗਿਆ ਤਾਂ ਇਸ ਸਬੰਧੀ ਜਥੇਬੰਦੀ ਵੱਲੋਂ ਕੋਈ ਪ੍ਰੋਗਰਾਮ ਉਲੀਕ ਕੇ ਤਿੱਖਾ ਸੰਘਰਸ਼ ਕੀਤਾ ਜਾਵੇਗਾ। ਇਸ ਮੌਕੇ ਇਕਾਈ ਆਗੂ ਗੁਰਚਰਨ ਸਿੰਘ, ਹਾਕਮ ਸਿੰਘ, ਨੈਬ ਸਿੰਘ ਅਤੇ ਜਰਨੈਲ ਸਿੰਘ ਸਮੇਤ ਵੱਡੀ ਗਿਣਤੀ ਕਿਸਾਨ ਮਜ਼ਦੂਰ ਸ਼ਾਮਿਲ ਹੋਏ।

## ਵਿਗਿਆਨੀਆਂ ਨੇ ਹੋਯਾ ਪ੍ਰਜਾਤੀ ਦੇ 2 ਦੁਰਲੱਭ ਪੌਦਿਆਂ ਦੀ ਕੀਤੀ ਖੋਜ

ਨੈਸ਼ਨਲ ਡੈਸਕ 12 ਨਵੰਬਰ। ਅਰੁਣਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਪੇਮਾ ਖਾਂਡੂ ਨੇ ਸ਼ਨੀਵਾਰ ਨੂੰ ਜਾਣਕਾਰੀ ਦਿੱਤੀ ਕਿ ਭਾਰਤੀ ਵਨਸਪਤੀ ਸਰਵੇਖਣ ਦੇ ਖੇਤਰੀ ਕੇਂਦਰ ਦੇ ਵਿਗਿਆਨੀਆਂ ਨੇ ਸੂਬੇ ’ਚ 2 ਦੁਰਲੱਭ ਹੋਯਾ ਪ੍ਰਜਾਤੀ ਦੇ ਪੌਦਿਆਂ ਦੀ ਖੋਜ ਕੀਤੀ ਹੈ। ਸੀ.ਐੱਮ. ਖਾਂਡੂ ਨੇ ਕਿਹਾ ਕਿ ਇਹ ਖੋਜ ਅਰੁਣਾਚਲ ਪ੍ਰਦੇਸ਼ ਦੀ ਫੁੱਲਾਂ ਦੀ ਵਿਭਿੰਨਤਾ ਨੂੰ ਦਰਸਾਉਣ ’ਚ ਇਕ ਮਹੱਤਵਪੂਰਨ ਮੀਲ ਦਾ ਪੱਥਰ ਹੈ। ਵਿਗਿਆਨੀਆਂ ਅਨੁਸਾਰ ਹੋਯਾ ਚਿੰਗਹੁਆਂਗੇਨਸਿਸ ਪ੍ਰਜਾਤੀ ਭਾਰਤ ’ਚ ਪਹਿਲੀ ਵਾਰ ਪਾਈ ਗਈ ਹੈ, ਜਦੋਂ ਕਿ ਹੋਯਾ ਐਕੁਮੀਨਾਟਾ ਅਰੁਣਾਚਲ ਪ੍ਰਦੇਸ਼ ’ਚ ਪਹਿਲੀ ਵਾਰ ਮਿਲੀ ਹੈ। ਇਹ ਖੋਜ ਪੂਰਬੀ ਕਾਮੇਂਗ, ਪੱਕੇ ਕੇਸਾਂਗ ਅਤੇ ਲੋਂਗਡਿੰਗ ਜ਼ਿਲ੍ਹਿਆਂ ’ਚ ਕੀਤੀਆਂ ਗਈਆਂ ਵਿਆਪਕ ਬੋਟੈਨਿਕਲ ਯਾਤਰਾਵਾਂ ਦੌਰਾਨ ਹੋਈ। ਮੁੱਖ ਮੰਤਰੀ ਖਾਂਡੂ ਨੇ ਸੋਸ਼ਲ ਮੀਡੀਆ ਪਲੇਟਫਾਰਮ ‘ਐਕਸ’ ’ਤੇ ਪੋਸਟ ਕਰਦਿਆਂ ਟੀਮ ਨੂੰ ਵਧਾਈ ਦਿੱਤੀ ਅਤੇ ਕਿਹਾ,”ਇਹ ਖੋਜ ਸਾਡੇ ਸੂਬੇ ਦੀ ਅਦਭੁੱਤ ਜੈਵਿਕ ਜਾਇਦਾਦ ਦਾ ਪ੍ਰਤੀਕ ਹੈ। ਸਾਡੇ ਵਿਗਿਆਨੀਆਂ ਲਈ ਇਹ ਮਾਣ ਦਾ ਸਮਾਂ ਹੈ।” ਹੋਯਾ ਪੌਦਾ, ਜਿਸ ਨੂੰ ਆਮ ਤੌਰ ’ਤੇ ਵੈਕਸ ਪਲਾਂਟ’ (ਮੋਮ ਪੌਦਾ) ਕਿਹਾ ਜਾਂਦਾ ਹੈ, ਆਪਣੇ ਸੁੰਦਰ ਤਾਰਾਕਾਰ ਫੁੱਲਾਂ ਅਤੇ ਜੰਗਲੀ ਇਕੋਸਿਸਟਮ ’ਚ ਆਪਣੀ ਮਹੱਤਵਪੂਰਨ ਭੂਮਿਕਾ ਲਈ ਜਾਣਿਆ ਜਾਂਦਾ ਹੈ। ਖਾਂਡੂ ਨੇ ਵਿਗਿਆਨੀਆਂ ਦੇ ਜੋਸ਼ ਅਤੇ ਸਮਰਪਣ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਇਹ ਖੋਜਾਂ ਸਿਰਫ਼ ਭਾਰਤ ਦੇ ਫੁੱਲਾਂ ਦੇ ਰਿਕਾਰਡ ਨੂੰ ਵਧਾਉਂਦੀਆਂ ਹੀ ਨਹੀਂ ਸਗੋਂ ਪੂਰਬੀ ਹਿਮਾਲਿਆ ਖੇਤਰ ’ਚ ਵਿਗਿਆਨਕ ਖੋਜ ਅਤੇ ਸੁਰੱਖਿਆ ਦੇ ਮਹੱਤਵ ਨੂੰ ਵੀ ਉਜਾਗਰ ਕਰਦੀਆਂ ਹਨ।

# ਰਜਿਸਟਰੀਆਂ ਬਣਵਾਉਣ ਵਾਲੇ ਦੇਣ ਧਿਆਨ !

**ਕੌਮੀ ਪਤ੍ਰਿਕਾ**

ਜਲੰਧਰ 12 ਨਵੰਬਰ। ਆਸਾਨ ਰਜਿਸਟ?ਰੇਸ਼ਨ ਪ੍ਰਣਾਲੀ ਅਧੀਨ ਸਬ-ਰਜਿਸਟਰਾਰ ਦਫ਼ਤਰਾਂ ਵਿਚ ਦਸਤਾਵੇਜ਼ ਪ੍ਰਵਾਨਗੀ ਪ੍ਰਕਿਰਿਆ ਨੂੰ ਸੁਚਾਰੂ ਬਣਾਉਣ ਲਈ ਪ੍ਰਸ਼ਾਸਨ ਨੇ ਟੋਕਨ ਪ੍ਰਣਾਲੀ ਵਿਚ ਮਹੱਤਵਪੂਰਨ ਬਦਲਾਅ ਕੀਤੇ ਹਨ। ਰਜਿਸਟਰੀ ਦਸਤਾਵੇਜ਼ਾਂ, ਪਾਵਰ ਆਫ਼ ਅਟਾਰਨੀ, ਵਸੀਅਤ, ਮਾਲਕੀ ਦੇ ਤਬਾਦਲੇ ਅਤੇ ਹੋਰ ਸਬੰਧਤ ਦਸਤਾਵੇਜ਼ਾਂ ਦੀ ਐਂਟਰੀ ਲਈ ਟੋਕਨ ਹੁਣ ਸਿਰਫ਼ ਉਦੋਂ ਹੀ ਜਾਰੀ ਕੀਤੇ ਜਾਣਗੇ ਜਦੋਂ ਸਾਰੀਆਂ ਧਿਰਾਂ (ਖਰੀਦਦਾਰ, ਵਿਕਰੇਤਾ, ਜਾਂ ਹੋਰ) ਸਬ-ਰਜਿਸਟਰਾਰ ਦਫ਼ਤਰ ਵਿਖੇ ਨਿੱਜੀ ਤੌਰ ’ਤੇ ਮੌਜੂਦ ਹੋਣਗੀਆਂ। ਇਹ ਧਿਆਨਦੇਣ ਯੋਗ ਹੈ ਕਿ ਪਹਿਲਾਂ ਪਟੀਸ਼ਨਕਰਤਾਵਾਂ ਅਤੇ ਉਨ੍ਹਾਂ ਦੇ ਏਜੰਟਾਂ ਨੂੰ ਸਵੇਰੇ ਜਲਦੀ ਟੋਕਨ ਮਿਲ ਜਾਂਦੇ ਸਨ, ਭਾਵੇਂ ਉਹ ਧਿਰਾਂ ਦੀ ਗੈਰ-ਹਾਜ਼ਰੀ ਵਿਚ ਵੀ ਹੋਣ। ਇਸ ਨਾਲ ਆਨਲਾਈਨ ਮੁਲਾਕਾਤ ਪ੍ਰਣਾਲੀ ਵਿਚ ਵਿਘਨ ਪੈਂਦਾ ਸੀ ਅਤੇ ਨਿਰਧਾਰਤ ਮੁਲਾਕਾਤ ਸਮੇਂ ਦੌਰਾਨ ‘ਪਹਿਲਾਂ ਆਓ, ਪਹਿਲਾਂ ਪਾਓ’ ਪ੍ਰਣਾਲੀ ਵਿਚ ਵਿਘਨ ਪੈਂਦਾ ਸੀ। ਨਤੀਜੇ ਵਜੋਂ ਸਬ-ਰਜਿਸਟਰਾਰ ਦਫ਼ਤਰਾਂ ਵਿਚ ਅਚਾਨਕ ਭੀੜ ਵੱਧ ਜਾਂਦੀ ਸੀ, ਜਿਸ ਨਾਲ ਜਨਤਾ ਨੂੰ ਲੰਬੇ ਸਮੇਂ ਤੱਕ ਉਡੀਕ ਕਰਨੀ ਪੈਂਦੀ ਸੀ। ਇਸ ਪ੍ਰਣਾਲੀ ਨੂੰ ਬਿਹਤਰ ਬਣਾਉਣ ਲਈ



ਸੰਯੁਕਤ ਸਬ-ਰਜਿਸਟਰਾਰ ਦਮਨਵੀਰ ਸਿੰਘ, ਜਗਤਾਰ ਸਿੰਘ, ਗੁਰਮਨ ਗੋਲਡੀ ਅਤੇ ਰਵਨੀਤ ਕੌਰ ਨੇ ਟੋਕਨ ਕਾਊਂਟਰਾਂ ’ਤੇ ਤਾਇਨਾਤ ਆਪਰੇਟਰਾਂ ਨੂੰ ਸਪੱਸ਼ਟ ਨਿਰਦੇਸ਼ ਜਾਰੀ ਕੀਤੇ ਹਨ ਕਿ ਉਹ ਕਿਸੇ ਵੀ ਦਸਤਾਵੇਜ਼ ਨੂੰ ਸਿਰਫ਼ ਉਦੋਂ ਹੀ ਟੋਕਨਾਈਜ਼ ਕਰਨ ਜਦੋਂ ਸਾਰੀਆਂ ਸਬੰਧਤ ਧਿਰਾਂ ਦਫ਼ਤਰ ਦੇ ਅੰਦਰ ਮੌਜੂਦ ਹੋਣ। ਇਸ ਪ੍ਰਣਾਲੀ ਨੂੰ ਹੁਣ ਸਖ਼ਤੀ ਨਾਲ ਲਾਗੂ ਕੀਤਾ ਗਿਆ ਹੈ, ਜੋ ਸਮੇਂ ਸਿਰ ਅਤੇ ਨਿਰਵਿਘਨ ਰਜਿਸਟ?ਰੇਸ਼ਨ ਪ੍ਰਕਿਰਿਆਵਾਂ ਨੂੰ ਯਕੀਨੀ ਬਣਾਉਂਦਾ ਹੈ। ਆਨਲਾਈਨ ਅਪੁਆਇੰਟਮੈਂਟ ਲੈਣ ਵਾਲੇ ਬਿਨੈਕਾਰ ਆਪਣੇ ਨਿਰਧਾਰਤ ਸਮੇਂ ਤੋਂ ਇਕ ਘੰਟਾ ਪਹਿਲਾਂ ਅਤੇ ਇਕ ਘੰਟਾ ਬਾਅਦ ਤੱਕ ਦਸਤਾਵੇਜ਼ ਪ੍ਰਕਿਰਿਆ ਸ਼ੁਰੂ ਕਰ ਸਕਦੇ ਹਨ। ਇਹ ਧਿਆਨਦੇਣ ਯੋਗ ਹੈ ਕਿ ਜੇਕਰ ਕਿਸੇ ਬਿਨੈਕਾਰ ਦਾ ਦੁਪਹਿਰ 12 ਵਜੇ ਦਾ ਅਪੁਆਇੰਟਮੈਂਟ ਹੈ, ਤਾਂ ਉਹ ਸਵੇਰੇ 11 ਵਜੇ ਦਫ਼ਤਰ ਪਹੁੰਚ ਸਕਦੇ ਹਨ ਅਤੇ ਪ੍ਰਕਿਰਿਆ ਸ਼ੁਰੂ ਕਰ ਸਕਦੇ ਹਨ। ਇਸੇ ਤਰ੍ਹਾਂ, ਜੇਕਰ ਉਹ ਦੁਪਹਿਰ 1 ਵਜੇ ਤੱਕ ਪ੍ਰਕਿਰਿਆ ਪੂਰੀ ਨਹੀਂ ਕਰਦੇ ਹਨ ਤਾਂ ਉਨ੍ਹਾਂ ਦੀ ਅਪੁਆਇੰਟਮੈਂਟ ਆਪਣੇ-ਆਪ ਸਿਸਟਮ ਵਿਚ ਬੰਦ ਹੋ ਜਾਵੇਗੀ, ਜਿਸ ਨਾਲ ਉਨ੍ਹਾਂ ਨੂੰ ਇੱਕ ਹੋਰ ਅਪੁਆਇੰਟਮੈਂਟ ਤਹਿ ਕਰਨੀ ਪਵੇਗੀ। ਨਵੀਂ ਪ੍ਰਣਾਲੀ ਤੋਂ ਨਾ ਸਿਰਫ਼ ਸਬ-ਰਜਿਸਟਰਾਰ ਦਫ਼ਤਰਾਂ ਵਿਚ ਪਾਰਦਰਸ਼ਤਾ ਵਧਾਉਣ ਦੀ ਉਮੀਦ ਹੈ ਸਗੋਂ ਜਨਤਾ ਨੂੰ ਹੋਣ ਵਾਲੀ ਅਸੁਵਿਧਾ ਨੂੰ ਵੀ ਘਟਾਉਣ ਦੀ ਉਮੀਦ ਹੈ। ਪ੍ਰਸ਼ਾਸਨ ਨੇ ਸਪੱਸ਼ਟ ਕੀਤਾ ਹੈ ਕਿ ਇਸ ਨਿਯਮ ਦੀ ਉਲੰਘਣਾ ਕਰਨ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ।

# ਇਸ ਜ਼ਿਲ੍ਹੇ ’ਚ ਵਿਗੜਨ ਲੱਗੇ ਹਾਲਾਤ ! ਸਿਹਤ ਵਿਭਾਗ ਚੌਕਸ, ਲੋਕਾਂ ਨੂੰ ਸਾਵਧਾਨ ਰਹਿਣ ਦੀ ਅਪੀਲ

**ਏਜੰਸੀਆਂ**

ਬਠਿੰਡਾ 12 ਨਵੰਬਰ। ਜ਼ਿਲ੍ਹੇ ’ਚ ਡੇਂਗੂ ਬੁਖ਼ਾਰ ਲਗਾਤਾਰ ਫੈਲ ਰਿਹਾ ਹੈ। ਪਿਛਲੇ ਕੁੱਝ ਦਿਨਾਂ ’ਚ ਡੇਂਗੂ ਦੇ ਮਰੀਜ਼ਾਂ ਦੀ ਗਿਣਤੀ ’ਚ ਵਾਧਾ ਹੋਇਆ ਹੈ। ਚਿਕਨਗੁਨੀਆ ਬੁਖ਼ਾਰ ਦੇ ਮਰੀਜ਼ ਵੀ ਸਾਹਮਣੇ ਆ ਰਹੇ ਹਨ। ਸਿਹਤ ਵਿਭਾਗ ਦੇ ਅੰਕੜਿਆਂ ਅਨੁਸਾਰ ਡੇਂਗੂ ਦੇ ਮਰੀਜ਼ਾਂ ਦੀ ਗਿਣਤੀ 200 ਨੂੰ ਪਾਰ ਕਰ ਗਈ ਹੈ ਅਤੇ ਇਸ ਦੇ ਹੋਰ ਵੱਧਣ ਦੀ ਉਮੀਦ ਹੈ। ਇਸ ਮੱਛਰ ਤੋਂ ਹੋਣ ਵਾਲੀ ਬੀਮਾਰੀ ਤੋਂ ਪੀੜਤ ਮਰੀਜ਼ ਸਿਵਲ ਹਸਪਤਾਲ ’ਚ ਵੱਧ ਰਹੇ ਹਨ। ਹਾਲਾਂਕਿ ਡੇਂਗੂ ਕਾਰਨ ਕਿਸੇ ਦੀ ਮੌਤ ਦੀ ਕੋਈ ਰਿਪੋਰਟ ਨਹੀਂ ਆਈ ਹੈ ਪਰ ਫਿਰ ਵੀ ਲੋਕਾਂ ’ਚ ਡੇਂਗੂ ਦਾ ਡਰ ਫੈਲਿਆ ਹੋਇਆ ਹੈ। ਸਿਵਲ ਹਸਪਤਾਲ ਤੋਂ ਇਲਾਵਾ ਨਿੱਜੀ ਹਸਪਤਾਲਾਂ ’ਚ ਵੀ ਡੇਂਗੂ ਦੇ ਬਹੁਤ ਸਾਰੇ ਮਾਮਲੇ ਸਾਹਮਣੇ ਆ ਰਹੇ ਹਨ ਅਤੇ ਜ਼ਿਆਦਾਤਰ ਲੋਕ ਇਨ੍ਹਾਂ ਤੋਂ ਠੀਕ ਹੋ ਰਹੇ ਹਨ। ਜ਼ਿਲ੍ਹਾ ਪ੍ਰਸ਼ਾਸਨ ਅਤੇ ਨਗਰ ਨਿਗਮ ਲੋਕਾਂ ਨੂੰ ਡੇਂਗੂ ਤੋਂ ਬਚਾਉਣ ਲਈ ਫੌਗਿੰਗ ਕਰਵਾ ਰਹੇ ਹਨ, ਜਦੋਂ ਕਿ ਸਿਹਤ ਵਿਭਾਗ ਦੀਆਂ ਟੀਮਾਂ ਡੇਂਗੂ ਦੇ ਲਾਰਵੇ ਨੂੰ ਨਸ਼ਟ ਕਰਨ ਲਈ ਨਿਯਮਤ ਸਰਵੇਖਣ ਵੀ ਕਰ ਰਹੀਆਂ ਹਨ। ਸਿਵਲ ਹਸਪਤਾਲ ’ਚ ਡੇਂਗੂ ਦੇ ਮਰੀਜ਼ਾਂ ਦੀ ਜਾਂਚ ਕਰ ਰਹੇ ਡਾ. ਜਗਰੂਪ ਸਿੰਘ ਨੇ ਦੱਸਿਆ ਕਿ ਡੇਂਗੂ ਦੇ ਮਰੀਜ਼ਾਂ ਦੀ ਗਿਣਤੀ 200 ਤੱਕ ਪਹੁੰਚ ਗਈ ਹੈ ਅਤੇ ਇਸ ਦੇ ਹੋਰ ਵੱਧਣ ਦੀ ਸੰਭਾਵਨਾ ਹੈ। ਉਨ੍ਹਾਂ ਕਿਹਾ ਕਿ ਜੇਕਰ ਤੁਹਾਨੂੰ ਡੇਂਗੂ ਹੈ ਤਾਂ ਘਬਰਾਉਣ ਦੀ ਕੋਈ ਲੋੜ ਨਹੀਂ ਹੈ। ਸਹੀ ਇਲਾਜ, ਸੰਤੁਲਿਤ ਖ਼ੁਰਾਕ ਅਤੇ ਆਰਾਮ ਨਾਲ ਡੇਂਗੂ ਠੀਕ ਹੋ ਸਕਦਾ ਹੈ। ਸਿਵਲ ਹਸਪਤਾਲ ’ਚ ਇੱਕ ਸਮਰਪਿਤ ਡੇਂਗੂ ਵਾਰਡ ਬਣਾਇਆ ਗਿਆ ਹੈ, ਜਿੱਥੇ ਵਿਸ਼ੇਸ਼ ਡਾਕਟਰ ਅਤੇ ਹੋਰ ਸਟਾਫ਼ ਮਰੀਜ਼ਾਂ ਦਾ ਇਲਾਜ ਕਰਦੇ ਹਨ। ਇਸ ਤੋਂ ਇਲਾਵਾ ਸਿਹਤ ਵਿਭਾਗ ਦੀਆਂ ਟੀਮਾਂ ਡੇਂਗੂ ਦੀ ਰੋਕਥਾਮ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਘਰ-ਘਰ ਵੀ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਡੇਂਗੂ ਤੋਂ ਇਲਾਵਾ ਕੁੱਝ ਮਰੀਜ਼ਾਂ ਵਿੱਚ ਚਿਕਨਗੁਨੀਆ ਦਾ ਵੀ ਪਤਾ ਲੱਗ ਰਿਹਾ ਹੈ। ਇਸ ਤੋਂ ਇਲਾਵਾ, ਵੱਧਦੇ ਪ੍ਰਦੂਸ਼ਣ ਕਾਰਨ, ਅੱਖਾਂ ਅਤੇ ਦਮੇ ਨਾਲ ਸਬੰਧਿਤ ਸਮੱਸਿਆਵਾਂ ਵਾਲੇ ਮਰੀਜ਼ ਵੀ ਸਿਵਲ ਹਸਪਤਾਲ ਪਹੁੰਚ ਰਹੇ ਹਨ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਆਪਣੇ ਘਰਾਂ ਦੇ ਨੇੜੇ ਪਾਣੀ ਖੜ੍ਹਾ ਨਹੀਂ ਹੋਣ ਦੇਣਾ ਚਾਹੀਦਾ। ਇਸ ਤੋਂ ਇਲਾਵਾ ਉਨ੍ਹਾਂ ਨੂੰ ਮੱਛਰਾਂ ਤੋਂ ਆਪਣੇ ਆਪ ਨੂੰ ਬਚਾਉਣ ਲਈ ਪੂਰੇ ਕੱਪੜੇ ਪਹਿਨਣੇ ਚਾਹੀਦੇ ਹਨ। ਡੇਂਗੂ ਮੱਛਰ ਦਿਨ ਵੇਲੇ ਕੱਟਦੇ ਹਨ, ਜਿਸ ਕਰਕੇ ਲੋਕਾਂ ਨੂੰ ਦਿਨ ਵੇਲੇ ਵਧੇਰੇ ਚੌਕਸ ਰਹਿਣ ਦੀ ਲੋੜ ਹੈ।

## ਲੁਧਿਆਣਾ ’ਚ ਟ?ਰੈਫ਼?ਕ ਪੁਲਸ ਦਾ ਐਕਸ਼ਨ

ਲੁਧਿਆਣਾ 12 ਨਵੰਬਰ। ਸ਼ਹਿਰ ’ਚ ਟ?ਰੈਫਿਕ ਨਿਯਮ ਤੋੜਨ ਵਾਲੇ ਲੋਕਾਂ ਖਿਲਾਫ ਟ?ਰੈਫਿਕ ਪੁਲਸ ਵੱਲੋਂ ਸ਼ੁਰੂ ਕੀਤੀ ਗਈ ਕਾਰਵਾਈ ਲਗਾਤਾਰ ਜਾਰੀ ਹੈ। ਸ਼ੁੱਕਰਵਾਰ ਨੂੰ ਟ?ਰੈਫਿਕ ਪੁਲਸ ਦੀਆਂ ਵੱਖ-ਵੱਖ ਟੀਮਾਂ ਨੇ ਸ਼ਹਿਰ ’ਚ ਰਾਂਗ ਸਾਈਡ ਡ?ਰਾਈਵਿੰਗ, ਜ਼ੈਬਰਾ ਕ੍ਰਾਸਿੰਗ ਦੀ ਉਲੰਘਣਾ ਅਤੇ ਰੈੱਡ ਲਾਈਟ ਜੰਪ ਕਰਨ ਵਾਲਿਆਂ ਖਿਲਾਫ ਤਾਬੜਤੋੜ ਕਾਰਵਾਈ ਕਰਦੇ ਹੋਏ 600 ਦੇ ਕਰੀਬ ਚਲਾਨ ਕੀਤੇ ਹਨ। ਇਸ ਮੁਹਿੰਮ ਦੀ ਅਗਵਾਈ ਏ. ਸੀ. ਪੀ. ਟ?ਰੈਫਿਕ-1 ਜਤਿਨ ਬਾਂਸਲ ਅਤੇ ਏ. ਸੀ. ਪੀ. ਟ?ਰੈਫਿਕ-2 ਗੁਰਦੇਵ ਸਿੰਘ ਵਲੋਂ ਕੀਤੀ ਗਈ। ਦੋਵੇਂ ਅਧਿਕਾਰੀ ਲੋਕਾਂ ਨੂੰ ਟ?ਰੈਫਿਕ ਨਿਯਮਾਂ ਦੇ ਪ੍ਰਤੀ ਜ਼ਿੰਮੇਵਾਰ ਬਣਾਉਣ ਲਈ ਪੂਰੇ ਜੰਗੀ ਪੱਧਰ ’ਤੇ ਡਟੇ ਹੋਏ ਹਨ। ਅਧਿਕਾਰੀਆਂ ਦਾ ਕਹਿਣਾ ਹੈ ਕਿ ਲੋਕ ਸੜਕ ਸੁਰੱਖਿਆ ਨਿਯਮਾਂ ਨੂੰ ਆਪਣਾ ਪਹਿਲਾ ਫਰਜ਼ ਸਮਝਦੇ ਹੋਏ ਉਨ੍ਹਾਂ ’ਤੇ ਅਮਲ ਕਰਨ ਤਾਂ ਹੀ ਸੜਕਾਂ ਨੂੰ ਸਫਰ ਦੇ ਲਈ ਸੁਰੱਖਿਅਤ ਬਣਾਇਆ ਜਾ ਸਕਦਾ ਹੈ।

# ਨਿਗਮ ਦੀ ਐਡਵਰਟਾਈਜ਼ਮੈਂਟ ਬ੍ਰਾਂਚ ਦੀ ਲਾਪ੍ਰਵਾਹੀ ਨਾਲ ਸੁੰਦਰੀਕਰਨ ਮੁਹਿੰਮ ਦੀਆਂ ਉੱਡ ਰਹੀਆਂ ਧੱਜੀਆਂ

**ਕੌਮੀ ਪਤ੍ਰਿਕਾ**

ਜਲੰਧਰ 12 ਨਵੰਬਰ। ਇਕ ਪਾਸੇ ਜਿੱਥੇ ਨਗਰ ਨਿਗਮ ਜਲੰਧਰ ਦੇ ਮੇਅਰ ਵਨੀਤ ਧੀਰ ਸ਼ਹਿਰ ਨੂੰ ਹਰਿਆ-ਭਰਿਆ ਅਤੇ ਸੁੰਦਰ- ਸਮਾਰਟ ਬਣਾਉਣ ਲਈ ਲਗਾਤਾਰ ਯਤਨਸ਼ੀਲ ਹਨ, ਉਥੇ ਹੀ ਦੂਜੇ ਪਾਸੇ ਨਿਗਮ ਦੀ ਐਡਵਰਟਾਈਜ਼ਮੈਂਟ ਬ੍ਰਾਂਚ ਦੀ ਲਾਪ੍ਰਵਾਹੀ ਨੇ ਉਨ੍ਹਾਂ ਦੀ ਇਸ ਮੁਹਿੰਮ ਨੂੰ ਫੇਲ੍ਹ ਕਰਨ ਦਾ ਕੰਮ ਕੀਤਾ ਹੈ। ਸ਼ਹਿਰ ਦੇ ਕਈ ਹਿੱਸਿਆਂ ਵਿਚ ਨਿਗਮ ਵੱਲੋਂ ਸੁੰਦਰੀਕਰਨ ਮੁਹਿੰਮ ਚਲਾਈ ਜਾ ਰਹੀ ਹੈ, ਜਿਸ ਦੇ ਲਈ ਪ੍ਰਮੁੱਖ ਕਾਰਪੋਰੇਟ ਸੰਸਥਾਵਾਂ ਦੀ ਮਦਦ ਲਈ ਜਾ ਰਹੀ ਹੈ ਅਤੇ ਨਿਗਮ ਦੇ ਖਜ਼ਾਨੇ ਵਿਚੋਂ ਲੱਖਾਂ-ਕਰੋੜਾਂ ਰੁਪਏ ਖਰਚ ਕੀਤੇ ਜਾ ਰਹੇ ਹਨ। ਇਸ ਦੇ ਬਾਵਜੂਦ ਸ਼ਹਿਰ ਦੀ ਸੂਰਤ ਵਿਗੜੀ ਹੋਈ ਹੈ। ਐਡਵਰਟਾਈਜ਼ਮੈਂਟ ਬ੍ਰਾਂਚ ਦੀ ਨਾਲਾਇਕੀ ਕਾਰਨ ਅੱਜ ਵੀ ਸ਼ਹਿਰ ਦੀਆਂ ਸੜਕਾਂ, ਕੰਧਾਂ ਅਤੇ ਚੌਕ-ਚੌਰਾਹਿਆਂ ’ਤੇ ਹਜ਼ਾਰਾਂ ਦੀ ਗਿਣਤੀ ਪੁਰਾਣੇ ਪੋਸਟਰ, ਬੈਨਰ ਅਤੇ ਹੋਰਡਿੰਗ ਲਟਕੇ ਹੋਏ ਹਨ, ਜਿਨ੍ਹਾਂ ਨੂੰ ਹਟਾਉਣ ਦਾ ਕੋਈ ਇੰਤਜ਼ਾਮ ਨਹੀਂ ਕੀਤਾ ਗਿਆ। ਇਹ ਇਸ਼ਤਿਹਾਰ ਸਾਲਾਂ ਪੁਰਾਣੇ ਹਨ, ਜਿਹੜੇ ਹੁਣ ਫਟੇ ਅਤੇ ਮੈਲੇ ਹੋ ਕੇ ਸ਼ਹਿਰ ਦੀ ਖੂਬਸੂਰਤੀ ’ਤੇ ਦਾਗ ਲਾ ਰਹੇ ਹਨ। ਪਿਛਲੇ ਕੁਝ ਸਾਲਾਂ ਵਿਚ ਜਲੰਧਰ ਵਿਚ ਸੰਸਦੀ ਜ਼ਿਮਨੀ ਚੋਣ, ਲੋਕ ਸਭਾ ਚੋਣ, ਵੈਸਟ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਅਤੇ ਨਿਗਮ ਚੋਣਾਂ ਹੋਈਆਂ, ਜਿਨ੍ਹਾਂ ਦੌਰਾਨ ਲਾਏ ਗਏ ਉਮੀਦਵਾਰਾਂ ਦੇ ਇਸ਼ਤਿਹਾਰ ਅੱਜ ਵੀ ਸ਼ਹਿਰ ਵਿਚ ਜਗ?ਹਾ-ਜਗ?ਹਾ ਲੱਗੇ ਹੋਏ ਹਨ। ਸ਼ਹਿਰ ਦੀਆਂ ਵਧੇਰੇ ਸੜਕਾਂ ’ਤੇ ਕਾਗਜ਼ੀ ਪੋਸਟਰ ਧੁੱਪ ਅਤੇ ਬਰਸਾਤ ਨਾਲ ਗਲ? ਚੁੱਕੇ ਹਨ ਪਰ ਨਿਗਮ ਨੇ ਇਨ੍ਹਾਂ ਨੂੰ ਹਟਾਉਣ ਜਾਂ ਸਫ਼ਾਈ ਕਰਵਾਉਣ ਦੀ ਕੋਈ ਕਾਰਵਾਈ ਨਹੀਂ ਕੀਤੀ। ਇੰਨਾ ਹੀ ਨਹੀਂ, ਪਿਛਲੇ ਫੈਸਟੀਵਲ ਸੀਜ਼ਨ ਵਿਚ ਸ਼ਹਿਰ ਵਿਚ ਲੱਗੀਆਂ ਵੱਖ-ਵੱਖ ਪ੍ਰਦਰਸ਼ਨੀਆਂ ਅਤੇ ਆਯੋਜਨਾਂ ਦੇ ਹਜ਼ਾਰਾਂ ਨਾਜਾਇਜ਼ ਇਸ਼ਤਿਹਾਰ ਵੀ ਅੱਜ ਤਕ ਨਹੀਂ ਉਤਾਰੇ ਗਏ ਹਨ। ਜਗ?ਹਾ-ਜਗ?ਹਾ ਝੂਲ ਰਹੇ ਇਹ ਬੈਨਰ ਅਤੇ ਪੋਸਟਰ ਨਾ ਸਿਰਫ ਗੰਦਗੀ ਫੈਲਾਅ ਰਹੇ ਹਨ, ਸਗੋਂ ਜਲੰਧਰ ਦੀ ਸੁੰਦਰੀਕਰਨ ਮੁਹਿੰਮ ਦੀਆਂ ਵੀ ਧੱਜੀਆਂ ਉਡਾ ਰਹੇ ਹਨ। ਇਸ਼ਤਿਹਾਰ ਬ੍ਰਾਂਚ ਵਿਚ ਫੈਲੇ ਭ੍ਰਿਸ਼ਟਾਚਾਰ ਅਤੇ ਲਾਪ੍ਰਵਾਹੀ ਨੂੰ ਲੈ ਕੇ ਮੇਅਰ ਵਨੀਤ ਧੀਰ ਅੱਜ ਕਾਫੀ ਸਖ਼ਤ ਦਿਖਾਈ ਦਿੱਤੇ। ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਤੁਰੰਤ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ ਅਤੇ ਕਿਹਾ ਕਿ ਨਾਜਾਇਜ਼ ਇਸ਼ਤਿਹਾਰਾਂ ’ਤੇ ਸਖ਼ਤੀ ਨਾਲ ਰੋਕ ਲਾਈ ਜਾਵੇ। ਮੇਅਰ ਦੇ ਸਖ਼ਤ ਤੇਵਰ ਉਸ ਸਮੇਂ ਹੋਰ ਵੀ ਸਪੱਸ਼ਟ ਹੋ ਗਏ, ਜਦੋਂ ਉਨ੍ਹਾਂ ਨੇ ਐਡਵਰਟਾਈਜ਼ਮੈਂਟ ਬ੍ਰਾਂਚ ਦੇ ਸੁਪਰਿੰਟੈਂਡੈਂਟ ਦਾ ਵਾਧੂ ਕਾਰਜਭਾਰ ਮਨਦੀਪ ਸਿੰਘ ਮਿੱਠੂ ਨੂੰ ਸੌਂਪਣ ਦੇ ਹੁਕਮ ਜਾਰੀ ਕੀਤੇ। ਜ਼ਿਕਰਯੋਗ ਹੈ ਕਿ ਮਨਦੀਪ ਸਿੰਘ ਮਿੱਠੂ ਨਾਜਾਇਜ਼ ਇਸ਼ਤਿਹਾਰਾਂ ਖ਼?ਲਾਫ਼ ਸਖ਼ਤ ਕਾਰਵਾਈ ਲਈ ਜਾਣੇ ਜਾਂਦੇ ਹਨ। ਕੁਝ ਮਹੀਨੇ ਪਹਿਲਾਂ ਉਨ੍ਹਾਂ ਤੋਂ ਇਹ ਚਾਰਜ ਵਾਪਸ ਲੈ ਲਿਆ ਗਿਆ ਸੀ, ਜਿਸ ਤੋਂ ਬਾਅਦ ਸ਼ਹਿਰ ਵਿਚ ਨਾਜਾਇਜ਼ ਇਸ਼ਤਿਹਾਰਾਂ ਦਾ ਹੜ੍ਹ ਜਿਹਾ ਆ ਗਿਆ ਸੀ। ਹੁਣ ਉਮੀਦ ਕੀਤੀ ਜਾ ਰਹੀ ਹੈ ਕਿ ਨਿਗਮ ਦੇ ਐਡਵਰਟਾਈਜ਼ਮੈਂਟ ਵਿਭਾਗ ਵਿਚ ਸਖ਼ਤੀ ਅਤੇ ਕਾਰਵਾਈ ਤੋਂ ਬਾਅਦ ਸ਼ਹਿਰ ਦੀ ਸੁੰਦਰਤਾ ਨੂੰ ਵਿਗਾੜ ਰਹੇ ਇਨ੍ਹਾਂ ਪੁਰਾਣੇ ਪੋਸਟਰਾਂ ਅਤੇ ਬੈਨਰਾਂ ਤੋਂ ਜਲਦ ਹੀ ਨਿਜਾਤ ਮਿਲ ਸਕੇਗੀ। ਨਗਰ ਨਿਗਮ ਦੀ ਐਡਵਰਟਾਈਜ਼ਮੈਂਟ ਬ੍ਰਾਂਚ ਦੀ ਲਾਪ੍ਰਵਾਹੀ ਅਤੇ ਮਿਲੀਭੁਗਤ ਦਾ ਇਕ ਹੋਰ ਹੈਰਾਨ ਕਰਨ ਵਾਲਾ ਮਾਮਲਾ ਸਾਹਮਣੇ ਆਇਆ ਹੈ। ਪੰਜਾਬ ਸਰਕਾਰ ਦੀ ਇਸ਼ਤਿਹਾਰ ਪਾਲਿਸੀ ਦੀਆਂ ਧੱਜੀਆਂ ਉਡਾਉਂਦੇ ਹੋਏ ਮਾਡਲ ਟਾਊਨ ਸਥਿਤ ਇਕ ਕਮਰਸ਼ੀਅਲ ਬਿਲਡਿੰਗ ’ਤੇ ਬਿਨਾਂ ਕਿਸੇ ਆਗਿਆ ਦੇ ਇਕ ਵੱਡੀ ਐੱਲ. ਈ. ਡੀ. ਸਕ੍ਰੀਨ ਲਾ ਦਿੱਤੀ ਗਈ। ਇਸ ਮਾਮਲੇ ਦਾ ਖ਼ੁਲਾਸਾ ਅਖ਼ਬਾਰਾਂ ਵਿਚ ਖ਼ਬਰ ਛਪਣ ਤੋਂ ਬਾਅਦ ਹੋਇਆ, ਜਿਸ ਨਾਲ ਨਿਗਮ ਪ੍ਰਸ਼ਾਸਨ ਵਿਚ ਹੰਗਾਮਾ ਮਚ ਗਿਆ। ਸੂਤਰਾਂ ਅਨੁਸਾਰ ਇਹ ਨਾਜਾਇਜ਼ ਐੱਲ. ਈ. ਡੀ. ਸਕ੍ਰੀਨ ਜਲੰਧਰ ਦੇ ਕਿਸੇ ਸਥਾਨਕ ਐਡਵਰਟਾਈਜ਼ਰ ਨੇ ਨਹੀਂ, ਸਗੋਂ ਦਸੂਹਾ ਦੇ ਐਡਵਰਟਾਈਜ਼ਰ ਨੇ ਲਾਈ ਸੀ। ਦੱਸਿਆ ਜਾ ਰਿਹਾ ਹੈ ਕਿ ਉਕਤ ਐਡਵਰਟਾਈਜ਼ਰ ਨੇ ਨਗਰ ਨਿਗਮ ਦੀ ਐਡਵਰਟਾਈਜ਼ਮੈਂਟ ਬ੍ਰਾਂਚ ਦੇ ਇਕ ਪ੍ਰਭਾਵਸ਼ਾਲੀ ਕਰਮਚਾਰੀ ਨਾਲ ਸੈਟਿੰਗ ਕਰ ਲਈ ਸੀ ਅਤੇ ਉਸ ਨੂੰ ਹਰ ਮਹੀਨੇ ਮੋਟੀ ਰਕਮ ਦੇਣੀ ਸ਼ੁਰੂ ਕਰ ਦਿੱਤੀ ਸੀ। ਇਸ ਦੇ ਬਾਅਦ ਉਸ ਨੇ ਜਲੰਧਰ ਦੇ ਕਈਕਾਰਪੋਰੇਟ ਘਰਾਣਿਆਂ ਨਾਲ ਸੰਪਰਕ ਕਰ ਕੇ ਉਨ੍ਹਾਂ ਦੇ ਮਹਿੰਗੇ ਇਸ਼ਤਿਹਾਰ ਲਏ ਅਤੇ ਉਨ੍ਹਾਂ ਨੂੰ ਇਸ ਨਾਜਾਇਜ਼ ਐੱਲ. ਈ. ਡੀ. ਸਕ੍ਰੀਨ ’ਤੇ ਦਿਖਾਉਣਾ ਸ਼ੁਰੂ ਕਰ ਦਿੱਤਾ। ਸੂਤਰਾਂ ਦਾ ਕਹਿਣਾ ਹੈ ਕਿ ਹੁਣ ਇਸ ਤਰ੍ਹਾਂ ਦੇ ਕਾਰੋਬਾਰ ਦਾ ਨਵਾਂ ਟ?ਰੈਂਡ ਸ਼ਹਿਰ ਵਿਚ ਸ਼ੁਰੂ ਹੁੰਦਾ ਦਿਖਾਈ ਦੇ ਰਿਹਾ ਹੈ ਅਤੇ ਕੁਝ ਹੋਰ ਥਾਵਾਂ ’ਤੇ ਵੀ ਅਜਿਹੀਆਂ ਐੱਲ. ਈ. ਡੀ. ਸਕ੍ਰੀਨਾਂ ਲਾਉਣ ਦੀ ਯੋਜਨਾ ਬਣਾਈ ਜਾ ਰਹੀ ਸੀ। ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਮੇਅਰ ਵਨੀਤ ਧੀਰ ਨੇ ਸਖ਼ਤ ਰੁਖ਼ ਅਪਣਾਇਆ ਹੈ। ਉਨ੍ਹਾਂ ਨਾਜਾਇਜ਼ ਐੱਲ. ਈ. ਡੀ. ਸਕ੍ਰੀਨ ਲਾ ਕੇ ਨਾਜਾਇਜ਼ ਵਸੂਲੀ ਕਰਨ ਵਾਲੇ ਐਡਵਰਟਾਈਜ਼ਮੈਂਟ ਖ਼?ਲਾਫ਼ ਐੱਫ. ਆਈ.ਆਰ. ਦਰਜ ਕਰਵਾਉਣ ਦੇ ਨਿਰਦੇਸ਼ ਜਾਰੀ ਕੀਤੇ ਹਨ। ਨਾਲ ਹੀ ਸਬੰਧਤ ਬਿਲਡਿੰਗ ’ਤੇ ਲਾਈ ਗਈ ਐੱਲ. ਈ. ਡੀ. ਨੂੰ ਤੁਰੰਤ ਹਟਾਉਣ ਦੇ ਵੀ ਨਿਰਦੇਸ਼ ਦਿੱਤੇ ਗਏ ਹਨ। ਮੰਨਿਆ ਜਾ ਰਿਹਾ ਹੈ ਕਿ ਅਗਲੇ 1-2 ਦਿਨਾਂ ਵਿਚ ਮਾਡਲ ਟਾਊਨ ਸਥਿਤ ਇਸ ਐੱਲ. ਈ. ਡੀ. ਸਕ੍ਰੀਨ ’ਤੇ ਕਾਰਵਾਈ ਹੋ ਸਕਦੀ ਹੈ। ਖ਼ਾਸ ਗੱਲ ਇਹ ਰਹੀ ਕਿ ਇਸ ਪੂਰੀ ਸਰਗਰਮੀ ਦੀ ਜਾਣਕਾਰੀ ਨਿਗਮ ਦੀ ਐਡਵਰਟਾਈਜ਼ਮੈਂਟ ਬ੍ਰਾਂਚ ਦੇ ਸਾਰੇ ਅਧਿਕਾਰੀਆਂ ਨੂੰ ਪਹਿਲਾਂ ਤੋਂ ਸੀ ਪਰ ਕਿਸੇ ਨੇ ਕੋਈ ਕਾਰਵਾਈ ਨਹੀਂ ਕੀਤੀ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਵਿਭਾਗ ਅੰਦਰ ਵੱਡੇ ਪੱਧਰ ’ਤੇ ਮਿਲੀਭੁਗਤ ਦੀ ਖੇਡ ਚੱਲ ਰਹੀ ਹੈ ਅਤੇ ਨਿਗਮ ਦੇ ਰੈਵੇਨਿਊ ਨੂੰ ਭਾਰੀ ਨੁਕਸਾਨ ਪਹੁੰਚਾਇਆ ਜਾ ਰਿਹਾ ਹੈ। ਮੇਅਰ ਧੀਰ ਨੇ ਕਿਹਾ ਕਿ ਜਲੰਧਰ ਵਿਚ ਨਾਜਾਇਜ਼ ਇਸ਼ਤਿਹਾਰ ਅਤੇ ਐੱਲ. ਈ. ਡੀ. ਦੇ ਇਸ ਗੋਰਖਧੰਦੇ ਨੂੰ ਕਿਸੇ ਵੀ ਕੀਮਤ ’ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਇਸ ਵਿਚ ਸ਼ਾਮਲ ਹਰ ਵਿਅਕਤੀ ਖ਼?ਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ।